@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 23 April 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 23 ਅਪ੍ਰੈਲ 2024, 9 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 153, qpatrika@gmail.com ਫੋਨ : 9971359517 www.qaumipatrika.org


## ਯੂ. ਪੀ. 'ਚ ਇਕ ਦਰਜਨ ਸੀਟਾਂ 'ਤੇ ਘੁੰਢੀ, ਉਮੀਦਵਾਰ ਤੈਅ ਨਹੀਂ ਕਰ ਸਕੀਆਂ ਸਿਆਸੀ ਪਾਰਟੀਆਂ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 22 ਅਪ੍ਰੈਲ। ਉੱਤਰ ਪ੍ਰਦੇਸ 'ਚ ਪਹਿਲੇ ਪੜਾਅ ਦੀਆਂ ਚੋਣਾਂ ਖਤਮ ਹੋਣ ਤੋਂ ਬਾਅਦ ਵੀ ਕਈ ਸੀਟਾਂ 'ਤੇ ਹੁਣ ਘੁੰਢੀ ਫਸੀ ਹੋਈ ਹੈ। ਰਿਪੋਰਟ ਮੁਤਾਬਕ ਭਾਜਪਾ, ਕਾਂਗਰਸ ਅਤੇ ਸਮਾਜਵਾਦੀ ਪਾਰਟੀ (ਸਪਾ) ਸਾਰੀਆਂ ਪਾਰਟੀਆਂ ਕਰੀਬ ਇਕ ਦਰਜਨ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਨੂੰ ਲੈ ਕੇ ਦੁਚਿੱਤੀ 'ਚ ਨਜਰ ਆ ਰਹੀਆਂ ਹਨ। ਬਹੁਜਨ ਸਮਾਜਵਾਦੀ ਪਾਰਟੀ (ਬਸਪਾ) ਦਾ ਤਾਂ ਇਸ ਤੋਂ ਵੀ ਮਾੜਾ ਹਾਲ ਹੈ। ਭਾਜਪਾ ਨੇ ਹੁਣ ਤੱਕ ਇਥੇ ਰਾਏਬਰੇਲੀ ਅਤੇ ਕੈਸਰਗੰਜ ਸੀਟਾਂ 'ਤੇ ਉਮੀਦਵਾਰ ਦੇ ਨਾਂ ਦੇ ਪੱਤੇ ਨਹੀਂ ਖੋਲ੍ਹੇ ਹਨ, ਉਥੇ ਹੀ ਸਮਾਜਵਾਦੀ ਪਾਰਟੀ ਵੀ ਕਨੌਜ ਸਮੇਤ 5 ਸੀਟਾਂ 'ਤੇ ਉਮੀਦਵਾਰਾਂ ਦਾ ਫੈਸਲਾ ਨਹੀਂ ਕਰ ਸਕੀ ਹੈ। ਸੂਬੇ ਦੀਆਂ 80 'ਚੋਂ 17 ਸੀਟਾਂ 'ਤੇ ਚੋਣ ਲੜ ਰਹੀ ਕਾਂਗਰਸ ਰਾਏਬਰੇਲੀ ਅਤੇ ਅਮੇਠੀ ਸੀਟਾਂ 'ਤੇ ਹੁਣ ਤੱਕ ਕੋਈ ਉਮੀਦਵਾਰ ਨਹੀਂ ਉਤਾਰ ਸਕੀ ਹੈ। ਸਮਾਜਵਾਦੀ ਪਾਰਟੀ 80 'ਚੋਂ 62 ਸੀਟਾਂ 'ਤੇ ਚੋਣ ਲੜ ਰਹੀ ਹੈ। 17 ਸੀਟਾਂ 'ਤੇ ਕਾਂਗਰਸ ਅਤੇ 1 ਸੀਟ 'ਤੇ ਤ੍ਰਿਣਮੂਲ ਕਾਂਗਰਸ ਚੋਣ ਲੜ ਰਹੀ ਹੈ। ਇਨ੍ਹਾਂ 'ਚੋਂ 57 ਸੀਟਾਂ 'ਤੇ ਸਪਾ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਉਸ ਨੇ ਕਨੌਜ, ਫਤਿਹਪੁਰ, ਕੈਸਰਗੰਜ, ਬਲੀਆ ਅਤੇ ਰਾਬਰਟਸਗੰਜ ਵਿਚ



ਉਮੀਦਵਾਰਾਂ ਦਾ ਐਲਾਨ ਕਰਨਾ ਹੈ। ਕਨੌਜ ਵਿਚ ਅਖਿਲੇਸ ਯਾਦਵ ਜਾਂ ਤੇਜ ਪ੍ਰਤਾਪ ਯਾਦਵ ਉਮੀਦਵਾਰ ਹੋ ਸਕਦੇ ਹਨ। ਫਤਿਹਪੁਰ 'ਚ ਸੂਬਾ ਪ੍ਰਧਾਨ ਨਰੇਸ਼ ਉੱਤਮ ਪਟੇਲ ਜਾਂ ਸਾਬਕਾ ਸੰਸਦ ਮੈਂਬਰ ਡਾ.ਅਸੋਕ ਪਟੇਲ ਦੇ ਨਾਂ ਦੀ ਚਰਚਾ ਚੱਲ ਰਹੀ ਹੈ। ਬਲੀਆ 'ਚ ਉਪੇਂਦਰ ਤਿਵਾਰੀ ਜਾਂ ਅਤੁਲ ਰਾਏ ਨੂੰ ਟਿਕਟ ਮਿਲਣ ਦੀ ਉਮੀਦ ਹੈ। ਸਪਾ ਕੈਸਰਗੰਜ 'ਚ ਭਾਜਪਾ ਦੀ ਟਿਕਟ ਦਾ ਇੰਤਜਾਰ ਕਰ ਰਹੀ ਹੈ, ਜੇਕਰ ਭਾਜਪਾ ਬ੍ਰਿਜਭੂਸਣ ਸਰਨ ਸਿੰਘ ਦੀ ਟਿਕਟ ਕੱਟਦੀ ਹੈ ਤਾਂ ਸਪਾ ਉਨ੍ਹਾਂ ਨੂੰ ਟਿਕਟ ਦੇ ਸਕਦੀ ਹੈ। ਰਾਬਰਟਸਗੰਜ ਰਾਖਵੀਂ ਸੀਟ 'ਤੇ ਸਪਾ ਕਿਸੇ ਹੋਰ ਉਮੀਦਵਾਰ ਨੂੰ ਉਤਾਰ ਸਕਦੀ ਹੈ। ਭਾਜਪਾ ਨੇ ਰਾਏਬਰੇਲੀ ਅਤੇ ਕੈਸਰਗੰਜ ਤੋਂ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ। ਦੂਜੇ ਪਾਸੇ ਰਾਏਬਰੇਲੀ ਵਿਚ ਕਾਂਗਰਸ ਉਮੀਦਵਾਰ ਦੀ ਉਡੀਕ ਵਿਚ ਭਾਜਪਾ ਨੇ ਪੱਤੇ ਨਹੀਂ ਖੋਲ੍ਹੇ ਹਨ। ਮਹਿਲਾ ਪਹਿਲਵਾਨਾਂ ਦੇ ਕਥਿਤ ਜਿਨਸੀ ਸੋਸਣ ਦੇ ਮਾਮਲੇ 'ਚ ਕੈਸਰਗੰਜ ਦੇ ਭਾਜਪਾ ਸੰਸਦ ਮੈਂਬਰ ਬ੍ਰਿਜਭੂਸਣ ਸਰਨ ਸਿੰਘ ਦਾ ਮਾਮਲਾ ਅਦਾਲਤ 'ਚ ਚੱਲ ਰਿਹਾ ਹੈ, ਜਿਸ ਦਾ ਫੈਸਲਾ 26 ਅਪ੍ਰੈਲ ਨੂੰ ਸੁਣਾਇਆ ਜਾਣਾ ਹੈ। ਇਸ ਕਾਰਨ ਭਾਜਪਾ ਨੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਉਥੇ ਹੀ ਕਾਂਗਰਸ ਨੇ ਵੀ ਹੁਣ ਤੱਕ ਆਪਣੀਆਂ ਰਵਾਇਤੀ ਸੀਟਾਂ ਅਮੇਠੀ ਅਤੇ ਰਾਏਬਰੇਲੀ ਲਈ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ। ਸੂਬਾ ਸੰਗਠਨ ਨੇ ਅਮੇਠੀ ਤੋਂ ਰਾਹੁਲ ਗਾਂਧੀ ਅਤੇ ਰਾਏਬਰੇਲੀ ਸੀਟ ਤੋਂ ਪ੍ਰਿਅੰਕਾ ਵਾਡਰਾ ਦੇ ਨਾਂ ਕੇਂਦਰੀ ਲੀਡਰਸ਼ਿਪ ਨੂੰ ਭੇਜੇ ਹਨ। ਰਾਹੁਲ ਕੇਰਲ ਦੀ ਵਾਇਨਾਡ ਸੀਟ ਤੋਂ ਚੋਣ ਲੜ ਰਹੇ ਹਨ।

## ਰੇਲਵੇ ਨੂੰ ਬਚਾਉਣ ਲਈ ਮੋਦੀ ਸਰਕਾਰ ਨੂੰ ਹਟਾਉਣਾ ਹੋਵੇਗਾ : ਰਾਹੁਲ ਗਾਂਧੀ

ਨਵੀਂ ਦਿੱਲੀ 22 ਅਪ੍ਰੈਲ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਦੋਸ਼ ਲਾਇਆ ਕਿ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ ਰੇਲਵੇ ਨੂੰ ਅਯੋਗ ਸਾਬਤ ਕਰਨਾ ਚਾਹੁੰਦੀ ਹੈ, ਤਾਂ ਕਿ ਉਸ ਨੂੰ ਆਪਣੇ ਦੋਸਤਾਂ ਨੂੰ ਵੇਚਣ ਦਾ ਬਹਾਨਾ ਮਿਲ ਸਕੇ। ਉਨ੍ਹਾਂ ਨੇ ਲੋਕਾਂ ਨੂੰ ਆਮ ਆਦਮੀ ਦੀ ਸਵਾਰੀ ਵੇਚਣ ਲਈ ਮੋਦੀ ਸਰਕਾਰ



ਨੂੰ ਹਟਾਉਣ ਦੀ ਬੇਨਤੀ ਕੀਤੀ। ਰਾਹੁਲ ਗਾਂਧੀ ਨੇ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਣ ਲਈ ਸੋਸ਼ਲ ਮੀਡੀਆ ਐਕਸ 'ਤੇ ਇਕ ਵੀਡੀਓ ਸਾਂਝੀ ਕੀਤੀ, ਜਿਸ ਵਿਚ ਉਨ੍ਹਾਂ ਵਿਖਾਇਆ ਹੈ ਕਿ ਰੇਲ ਦਾ ਸਫਰ ਸਜਾ ਬਣ ਗਿਆ ਹੈ। ਆਮ ਆਦਮੀ ਦੀਆਂ ਰੇਲ ਗੱਡੀਆਂ ਤੋਂ ਜਨਰਲ ਕੋਚ ਘਟਾ ਕੇ ਸਿਰਫ "ਏਲੀਟ ਟਰੇਨਾਂ' ਨੂੰ ਉਤਸਾਹਿਤ ਕਰਨ ਵਾਲੀ ਮੋਦੀ ਸਰਕਾਰ ਵੱਲੋਂ ਹਰ ਵਰਗ ਦੇ ਯਾਤਰੀਆਂ ਨੂੰ ਪ੍ਰੇਸਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਕਨਫਰਮ' ਟਿਕਟਾਂ ਦੇ ਬਾਵਜੂਦ ਲੋਕ ਆਪਣੀਆਂ ਸੀਟਾਂ 'ਤੇ ਸਾਂਤੀ ਨਾਲ ਨਹੀਂ ਬੈਠ ਪਾ ਰਹੇ ਹਨ, ਇਸ ਕਾਰਨ ਆਮ ਲੋਕ ਜਮੀਨ ਤੇ ਪਖਾਨਿਆਂ ਵਿਚ ਲੁੱਕ ਕੇ ਸਫਰ ਕਰਨ ਲਈ ਮਜਬੂਰ ਹਨ। ਕਾਂਗਰਸ ਆਗੂ ਨੇ ਦੋਸ ਲਾਇਆ ਕਿ ਮੋਦੀ ਸਰਕਾਰ ਆਪਣੀਆਂ ਨੀਤੀਆਂ ਨਾਲ ਰੇਲਵੇ ਨੂੰ ਕਮਜੋਰ ਕਰਕੇ ਆਪਣੇ ਆਪ ਨੂੰ 'ਅਯੋਗ' ਸਾਬਤ ਕਰਨਾ ਚਾਹੁੰਦੀ ਹੈ ਤਾਂ ਜੋ ਇਸ ਨੂੰ ਆਪਣੇ ਦੋਸਤਾਂ ਨੂੰ ਵੇਚਣ ਦਾ ਬਹਾਨਾ ਮਿਲ ਸਕੇ। ਰਾਹੁਲ ਗਾਂਧੀ ਨੇ ਕਿਹਾ ਕਿ ਜੇਕਰ ਆਮ ਆਦਮੀ ਦੀ ਸਵਾਰੀ ਨੂੰ ਬਚਾਉਣਾ ਹੈ ਤਾਂ ਰੇਲਵੇ ਨੂੰ ਬਰਬਾਦ ਕਰਨ 'ਤੇ ਲੱਗੀ ਮੋਦੀ ਸਰਕਾਰ ਨੂੰ ਹਟਾਉਣਾ ਹੋਵੇਗਾ।

## ਅਕਾਲੀ ਦਲ ਵਲੋਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ

ਜਲੰਧਰ 22 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜਰ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਮੁਤਾਬਕ ਅਕਾਲੀ ਦਲ ਨੇ ਮਹਿੰਦਰ ਸਿੰਘ ਕੇ. ਪੀ. ਨੂੰ ਜਲੰਧਰ ਤੋਂ ਟਿਕਟ ਦਿੱਤੀ ਹੈ। ਇਸ ਤੋਂ ਇਲਾਵਾ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਲੁਧਿਆਣਾ ਤੋਂ ਰਣਜੀਤ ਸਿੰਘ, ਹੁਸ਼ਿਆਰਪੁਰ ਤੋਂ ਸੋਹਣ ਠੰਡਲ, ਫਿਰੋਜਪੁਰ ਤੋਂ ਬੋਬੀ ਮਾਨ ਅਤੇ ਚੰਡੀਗੜ੍ਹ ਤੋਂ ਹਰਦੇਵ ਸੈਣੀ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ।

## ਮੈਨੂੰ ਤੇ ਅਭਿਸ਼ੇਕ ਨੂੰ ਨਿਸ਼ਾਨਾ ਬਣਾ ਰਹੀ ਹੈ ਭਾਜਪਾ, ਅਸੀਂ ਸੁਰੱਖਿਅਤ ਨਹੀਂ : ਮਮਤਾ

ਕੁਮਾਰਗੰਜ, 22 ਅਪ੍ਰੈਲ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ ਲਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਮੈਨੂੰ ਤੇ ਮੇਰੇ ਭਤੀਜੇ ਅਭਿਸੇਕ ਬੈਨਰਜੀ ਨੂੰ ਨਿਸਾਨਾ ਬਣਾ ਰਹੀ ਹੈ। ਅਭਿਸੇਕ ਤ੍ਰਿਣਮੂਲ ਕਾਂਗਰਸ ਦੇ ਰਾਸਟਰੀ ਜਨਰਲ ਸਕੱਤਰ ਹਨ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਭੇਂਦੂ ਅਧਿਕਾਰੀ ਨੇ ਸ਼ਨੀਵਾਰ ਕਿਹਾ ਸੀ ਕਿ ਸੋਮਵਾਰ ਇਕ ਵੱਡਾ ਧਮਾਕਾ ਹੋਵੇਗਾ, ਜੋ



ਤ੍ਰਿਣਮੂਲ ਤੇ ਉਸ ਦੀ ਚੋਟੀ ਦੀ ਲੀਡਰਸ਼ਿਪ ਨੂੰ ਹਿਲਾ ਦੇਵੇਗਾ। ਸੋਮਵਾਰ ਤੋਂ ਇਕ ਦਿਨ ਪਹਿਲਾਂ ਐਤਵਾਰ ਮਮਤਾ ਨੇ ਉਕਤ ਦੋਸ ਲਾਇਆ। ਬਲੂਰਘਾਟ ਲੋਕ ਸਭਾ ਹਲਕੇ ਦੇ ਕੁਮਾਰਗੰਜ 'ਚ ਪਾਰਟੀ ਉਮੀਦਵਾਰ ਤੇ ਸੂਬੇ ਦੇ ਮੰਤਰੀ ਬਿਪਲਬ ਮਿੱਤਰਾ ਦੇ ਹੱਕ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਭਾਜਪਾ 'ਤੇ ਧਰਮ ਆਧਾਰਿਤ ਵੋਟ ਬੈਂਕ ਦੀ ਸਿਆਸਤ ਕਰਨ ਦਾ ਦੋਸ ਲਾਇਆ ਅਤੇ ਪੁੱਛਿਆ ਕਿ ਦੂਰਦਰਸਨ ਦਾ ਲੋਗੋ ਅਚਾਨਕ ਭਗਵਾ ਕਿਉਂ ਹੋ ਗਿਆ? ਫੌਜੀ ਜਵਾਨਾਂ ਦੀਆਂ ਸਰਕਾਰੀ ਰਿਹਾਇਸਾਂ ਨੂੰ ਭਗਵਾ ਰੰਗ ਕਿਉਂ ਦਿੱਤਾ ਗਿਆ? ਕਾਸੀ (ਵਿਸਵਨਾਥ ਮੰਦਿਰ) 'ਚ ਪੁਲਸ ਦੀ ਵਰਦੀ ਭਗਵਾ ਰੰਗ 'ਚ ਕਿਉਂ ਬਦਲੀ ਗਈ ਸੀ?

## ਅਰੁਣਾਚਲ ਪ੍ਰਦੇਸ਼ 'ਚ 8 ਪੋਲਿੰਗ ਕੇਂਦਰਾਂ 'ਤੇ ਮੁੜ ਵੋਟਿੰਗ ਦਾ ਹੁਕਮ

ਈਟਾਨਗਰ, 22 ਅਪ੍ਰੈਲ। ਭਾਰਤ ਦੇ ਚੋਣ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ 'ਚ 8 ਪੋਲਿੰਗ ਕੇਂਦਰਾਂ 'ਤੇ ਮੁੜ ਵੋਟਿੰਗ ਦਾ ਹੁਕਮ ਦਿੱਤਾ ਹੈ, ਜਿੱਥੇ 19 ਅਪ੍ਰੈਲ ਨੂੰ ਇਕੋ ਵੇਲੇ ਕਰਵਾਈਆਂ ਗਈਆਂ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਈ. ਵੀ. ਐੱਮ. ਵਿਚ ਗੜਬੜ ਅਤੇ ਹਿੰਸਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਸੀ। ਉਪ-ਮੁੱਖ ਚੋਣ ਅਧਿਕਾਰੀ ਲਿਕੇਨ ਕੋਯੂ ਨੇ ਦੱਸਿਆ ਕਿ ਕਮਿਸ਼ਨ ਨੇ ਐਤਵਾਰ ਨੂੰ ਇਕ ਹੁਕਮ 'ਚ ਇਨ੍ਹਾਂ 8 ਪੋਲਿੰਗ ਕੇਂਦਰਾਂ 'ਤੇ ਵੋਟਿੰਗ ਨੂੰ ਨਾ-ਮੰਨਣਯੋਗ ਐਲਾਨ ਦਿੱਤਾ ਅਤੇ 24 ਅਪ੍ਰੈਲ ਨੂੰ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤੱਕ ਨਵੇਂ ਸਿਰਿਓਂ ਪੋਲਿੰਗ ਕਰਵਾਉਣ ਦਾ ਹੁਕਮ ਦਿੱਤਾ। ਜਿਨ੍ਹਾਂ ਪੋਲਿੰਗ ਕੇਂਦਰਾਂ 'ਚ ਮੁੜ ਵੋਟਿੰਗ ਕਰਵਾਈ ਜਾਵੇਗੀ, ਉਨ੍ਹਾਂ ਵਿਚ ਈਸਟ ਕਾਮੇਂਗ ਜ਼ਿਲੇ 'ਚ ਬਾਮੇਂਗ ਵਿਧਾਨ ਸਭਾ ਹਲਕੇ ਵਿਚ ਸਾਰੀਓ, ਕੁਰੁੰਗ ਕੁਮੇ 'ਚ ਨਯਾਪਿਨ ਵਿਧਾਨ ਸਭਾ ਸੀਟ ਤਹਿਤ ਆਉਣ ਵਾਲੇ ਲੋਂਗਤੇ ਲੋਥ, ਸੁਬਨਸਿਰੀ ਜ਼ਿਲੇ 'ਚ ਨਾਚੋ ਚੋਣ ਹਲਕੇ ਤਹਿਤ ਆਉਣ ਵਾਲੇ ਡਿੰਗਸਰ, ਬੋਗੀਆ ਸਿਯੁਮ, ਜਿੰਬਰੀ ਤੇ ਲੇਂਗੀ ਪੋਲਿੰਗ ਬੂਥ ਸ਼ਾਮਲ ਹਨ।

## ਸੋਨੀਆ-ਖੜਗੇ ਦੀ ਅਗਵਾਈ 'ਚ ਪੰਜਾਬ 'ਚ ਸੀਟ ਵੰਡ ਲਈ ਕਾਂਗਰਸ ਨੇ ਕੀਤੀ ਮੀਟਿੰਗ

ਏਜੰਸੀਆਂ

ਨਵੀਂ ਦਿੱਲੀ 22 ਅਪ੍ਰੈਲ। ਕਾਂਗਰਸ ਪਾਰਟੀ ਦੀ ਕੇਂਦਰੀ ਚੋਣ ਕਮੇਟੀ () ਦੀ ਮੀਟਿੰਗ ਨਵੀਂ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਹੋਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਆਗੂ ਸੋਨੀਆ ਗਾਂਧੀ ਦੀ ਪ੍ਰਧਾਨਗੀ ਹੇਠ ਮੀਟਿੰਗ ਪੰਜਾਬ ਅਤੇ ਹੋਰ ਸੂਬਿਆਂ ਦੀਆਂ ਬਾਕੀ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਨੂੰ ਅੰਤਿਮ ਰੂਪ ਦੇਣ ਲਈ ਹੋਈ। ਇਸ ਮੀਟਿੰਗ ਵਿਚ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਹਾਜਰ ਰਹੇ। ਦੱਸ ਦੇਈਏ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਆਖਰੀ ਪੜਾਅ 'ਚ 1 ਜੂਨ ਨੂੰ ਵੋਟਾਂ ਪੈਣਗੀਆਂ। ਸੂਬੇ ਵਿਚ ਲੋਕ ਸਭਾ ਚੋਣਾਂ 'ਚ ਮੈਦਾਨ ਵਿਚ ਉਤਰ ਰਹੀ ਕਾਂਗਰਸ ਨੇ ਅੰਮ੍ਰਿਤਸਰ ਸੀਟ ਤੋਂ ਗੁਰਜੀਤ ਸਿੰਘ ਔਜਲਾ, ਫਤਹਿਗੜ੍ਹ ਸਾਹਿਬ ਤੋਂ ਅਮਰ ਸਿੰਘ, ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਅਤੇ ਪਟਿਆਲਾ ਸੀਟ ਤੋਂ ਧਰਮਵੀਰ ਗਾਂਧੀ ਨੂੰ ਸਾਬਕਾ ਸੀ.ਐਮ. ਚਰਨਜੀਤ ਸਿੰਘ ਚੰਨੀ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇੱਥੇ ਦੱਸਣਯੋਗ ਹੈ ਕਿ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੂਜੇ ਸੂਬਿਆਂ 'ਚ ਗਠਜੋੜ ਹੋਣ ਦੇ ਬਾਵਜੂਦ



ਪੰਜਾਬ ਵਿਚ ਵੱਖਰੇ ਤੌਰ 'ਤੇ ਚੋਣ ਲੜ ਰਹੀਆਂ ਹਨ। 'ਆਪ' ਨੇ ਪੰਜਾਬ ਲਈ ਚਾਰ ਉਮੀਦਵਾਰਾਂ ਦਾ ਐਲਾਨ ਕੀਤਾ ਸੀ। ਜਗਦੀਪ ਸਿੰਘ ਕਾਕਾ ਬਰਾੜ ਫਿਰੋਜਪੁਰ, ਅਮਨਸੇਰ ਸਿੰਘ ਗੁਰਦਾਸਪੁਰ ਤੋਂ ਚੋਣ ਲੜਨਗੇ। ਪਵਨ ਕੁਮਾਰ ਟੀਨੂੰ ਨੂੰ ਜਲੰਧਰ ਤੋਂ ਅਤੇ ਅਸੋਕ ਪਰਾਸਰ ਪੱਪੀ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਬੀਤੇ ਕੱਲ ਕਾਂਗਰਸ ਪਾਰਟੀ ਨੂੰ ਇਕ ਹੋਰ ਝਟਕਾ ਦਿੰਦੇ ਹੋਏ ਤਜਿੰਦਰ ਸਿੰਘ ਬਿੱਟੂ ਸਨੀਵਾਰ ਨੂੰ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਕੇਂਦਰੀ ਮੰਤਰੀ ਅਸਵਨੀ ਵੈਸਨਵ ਅਤੇ ਪਾਰਟੀ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਭਾਜਪਾ ਵਿਚ ਸਾਮਲ ਹੋ ਗਏ। ਤਜਿੰਦਰ ਸਿੰਘ ਬਿੱਟੂ ਨੇ ਹਿਮਾਚਲ ਪ੍ਰਦੇਸ ਦੇ ਸਕੱਤਰ-ਇੰਚਾਰਜ ਅਤੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਬਿੱਟੂ ਦਾ ਅਸਤੀਫਾ ਕਾਂਗਰਸ ਪਾਰਟੀ ਲਈ ਇਕ ਹੋਰ ਝਟਕਾ ਹੈ, ਜਿਸ ਨੇ ਪਿਛਲੇ ਕੁਝ ਹਫਤਿਆਂ 'ਚ ਵੱਡੇ ਨੇਤਾਵਾਂ ਦਾ ਪਲਾਇਨ ਦੇਖਿਆ ਹੈ। ਦੱਸ ਦੇਈਏ ਕਿ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਨੇ 8 ਸੀਟਾਂ ਜਿੱਤੀਆਂ, ਜਦੋਂ ਕਿ ਨੂੰ 4 ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ ਨੇ ਆਪਣੀ ਸੁਰੂਆਤ ਵਿਚ ਹੀ ਇਕ ਸੀਟ ਜਿੱਤੀ ਹੈ।

## ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ ਨੇ ਦਿੱਤਾ ਸੰਕੇਤ, ਭਾਰਤ ਨਾਲ ਦੋਸਤਾਨਾ ਸਬੰਧ ਚਾਹੁੰਦੈ ਪਾਕਿਸਤਾਨ

ਜਲੰਧਰ 22 ਅਪ੍ਰੈਲ। ਪਾਕਿਸਤਾਨ ਦੇ ਪੰਜਾਬ ਸੂਬੇ ਦੀ ਮੁੱਖ ਮੰਤਰੀ ਮਰੀਅਮ ਨਵਾਜ ਨੇ ਗੁਆਂਢੀ ਦੇਸਾਂ ਨਾਲ ਸਬੰਧਾਂ ਬਾਰੇ ਆਪਣੇ ਪਿਤਾ ਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ ਸਰੀਫ ਦੇ ਉਨ੍ਹਾਂ ਬਿਆਨਾਂ ਦਾ ਹਵਾਲਾ ਦਿੱਤਾ ਹੈ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਗੁਆਂਢੀਆਂ ਨਾਲ ਨਾ ਲੜੋ, ਉਨ੍ਹਾਂ ਲਈ ਦੋਸਤੀ ਤੇ ਆਪਣੇ ਦਿਲ ਦੇ ਦਰਵਾਜੇ ਖੋਲ੍ਹੋ। ਮਾਮਲੇ ਨਾਲ ਜੁੜੇ ਜਾਣਕਾਰ ਮਰੀਅਮ ਨਵਾਜ ਦੇ ਇਸ ਬਿਆਨ ਨੂੰ ਭਾਰਤ ਨਾਲ ਪਾਕਿਸਤਾਨ ਦੇ ਸਬੰਧ ਸੁਧਾਰਨ ਦੇ ਇਰਾਦੇ ਵਜੋਂ ਦੇਖ ਰਹੇ ਹਨ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪੁੱਜੇ 3000 ਭਾਰਤੀ ਸਿੱਖ ਸਰਧਾਲੂਆਂ ਦੇ ਸਾਹਮਣੇ ਮਰੀਅਮ ਨਵਾਜ ਨੇ ਭਾਰਤ ਨਾਲ ਸਬੰਧ ਸੁਧਾਰਨ 'ਤੇ ਜੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਮੈਂ ਮੁੱਖ ਮੰਤਰੀ ਬਣੀ ਤਾਂ ਮੈਨੂੰ ਭਾਰਤ ਤੇ ਉਥੋਂ ਦੇ ਪੰਜਾਬ ਸੂਬੇ ਤੋਂ ਵਧਾਈ ਸੰਦੇਸ ਮਿਲੇ ਹਨ। ਮੈਂ ਸੋਚਿਆ ਕਿ ਦੋਵਾਂ ਦੇਸਾਂ ਵਿਚਕਾਰ ਕੋਈ ਸਰਹੱਦ ਨਹੀਂ ਹੈ। ਪੰਜਾਬ ਦੇ ਲੋਕਾਂ ਨੇ ਭਾਵੇਂ ਉਹ ਭਾਰਤ ਦੇ ਹੋਣ ਜਾਂ ਪਾਕਿਸਤਾਨ ਦੇ, ਇਨ੍ਹਾਂ ਲੋਕਾਂ ਨੇ ਦੇਖਿਆ ਕਿ ਪੰਜਾਬ ਦੀ ਇਕ ਧੀ ਮੁੱਖ ਮੰਤਰੀ ਬਣੀ ਹੈ। ਉਰਦੂ ਤੇ ਪੰਜਾਬੀ 'ਚ ਦਿੱਤੇ ਆਪਣੇ 10 ਮਿੰਟ ਦੇ ਭਾਸਣ



'ਚ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਵਿਚਕਾਰ ਇਕ ਜੁੜਾਅ ਹੋਣ ਦੀ ਗੱਲ ਕੀਤੀ। ਉਨ੍ਹਾਂ ਖਾਸ ਕਰਕੇ ਦੋਵਾਂ ਦੇਸਾਂ ਦੇ ਪੰਜਾਬ ਸੂਬਿਆਂ ਦੇ ਆਪਸੀ ਸਬੰਧਾਂ ਦਾ ਜ਼ਿਕਰ ਕੀਤਾ। ਮਰੀਅਮ ਨਵਾਜ ਨੇ ਸ੍ਰੀ ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਦੇ ਖੇਤਰ ਦੇ ਵਿਕਾਸ 'ਤੇ ਜੋਰ ਦਿੱਤਾ ਤੇ ਦੁਨੀਆ ਭਰ ਦੇ ਸਿੱਖਾਂ ਨੂੰ ਇਸ 'ਚ ਨਿਵੇਸ ਕਰਨ ਦੀ ਅਪੀਲ ਕੀਤੀ ਹੈ।

### ਕਾਂਗਰਸ ਨੇ ਆਂਧਰਾ ਵਿਧਾਨ ਸਭਾ ਲਈ 28 ਉਮੀਦਵਾਰਾਂ ਦਾ ਕੀਤਾ ਐਲਾਨ

ਨਵੀਂ ਦਿੱਲੀ, 22 ਅਪ੍ਰੈਲ। ਕਾਂਗਰਸ ਨੇ ਆਂਧਰਾ ਪ੍ਰਦੇਸ 'ਵਿਧਾਨ ਸਭਾ ਚੋਣਾਂ ਲਈ ਸੋਮਵਾਰ 28 ਹੋਰ ਉਮੀਦਵਾਰਾਂ ਦਾ ਐਲਾਨ ਕੀਤਾ। ਨਾਲ ਹੀ ਪਹਿਲਾਂ ਐਲਾਨੇ ਗਏ 10 ਹਲਕਿਆਂ ਦੇ ਉਮੀਦਵਾਰ ਵੀ ਬਦਲ ਦਿੱਤੇ। ਪਾਰਟੀ ਨੇ ਸ੍ਰੀਕਾਕੁਲਮ, ਵਿਸਾਖਾਪਟਨਮ ਉੱਤਰੀ, ਵਿਜੇਵਾੜਾ ਪੂਰਬੀ, ਓਂਗੋਲ, ਕੁਡਪਾਹ, ਸ੍ਰੀਸੈਲਮ, ਹਿੰਦੂਪੁਰ ਅਤੇ ਹੋਰ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਐੱਲ. ਰਾਮਾ ਰਾਓ ਵਿਸਾਖਾਪਟਨਮ ਉੱਤਰੀ, ਐੱਸ. ਪਦਮਸ੍ਰੀ ਵਿਜੇਵਾੜਾ ਪੂਰਬੀ, ਟੀ. ਕਲਿਆਲ ਅਸਜਲ ਅਲੀ ਖਾਨ ਕੁਡਪਾਹ ਅਤੇ ਆਰ. ਅਸਵਰਧ ਨਾਰਾਇਣ ਧਰਮਾਵਰਮ ਤੋਂ ਚੋਣ ਲੜਨਗੇ। ਪਾਰਟੀ ਨੇ 10 ਹਲਕਿਆਂ 'ਚ ਉਮੀਦਵਾਰ ਬਦਲੇ ਹਨ। ਏ. ਕ੍ਰਿਸਨਾ ਰਾਓ ਸ੍ਰੀਕਾਕੁਲਮ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਡੀ. ਸ੍ਰੀਨਿਵਾਸ ਗਜਪਤੀਨਗਰਮ ਤੋਂ, ਐੱਮ. ਸੁਸੀਲ ਰਾਜਾ ਤਾਡੀਕੋਂਡਾ ਤੋਂ, ਟੀ. ਨਾਗਲਕਸਮੀ ਓਨਗੋਲੇ ਤੋਂ, ਡੀ. ਸੁੱਬਾ ਰੈੱਡੀ ਕਾਨੀਗਿਰੀ ਤੋਂ, ਐੱਨ. ਕਿਰਨ ਕੁਮਾਰ ਰੈੱਡੀ ਕੋਵੂਰ ਤੋਂ, ਪੀ. ਵੀ. ਸ੍ਰੀਕਾਂਤ ਰੈੱਡੀ ਸਰਵੇਪੱਲੀ ਤੋਂ, ਯੂ. ਰਾਮਕ੍ਰਿਸ਼ਨ ਰਾਓ ਗੁਡੂਰ ਤੋਂ, ਚੰਦਨਮੁਦੀ ਸਿਵਾ (ਸੁੱਲੁਰਪੇਟਾ) ਤੋਂ ਅਤੇ ਮੁਹੰਮਦ ਹੁਸੈਨ ਇਨਾਇਤੁੱਲਾ ਹਿੰਦੂਪੁਰ ਤੋਂ ਚੋਣ ਲੜਨਗੇ।

## ਰਾਹੁਲ ਗਾਂਧੀ ਬੀਮਾਰ, ਰਾਂਚੀ 'ਚ 'ਇੰਡੀਆ' ਗਠਜੋੜ ਦੀ ਰੈਲੀ 'ਚ ਨਹੀਂ ਹੋਣਗੇ ਸ਼ਾਮਲ : ਜੈਰਾਮ ਰਮੇਸ਼

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 22 ਅਪ੍ਰੈਲ। ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਐਤਵਾਰ ਨੂੰ ਕਿਹਾ ਕਿ ਪਾਰਟੀ ਆਗੂ ਰਾਹੁਲ ਗਾਂਧੀ ਰਾਂਚੀ 'ਚ 'ਇੰਡੀਆ' ਗਠਜੋੜ ਦੀ ਰੈਲੀ 'ਚ ਹਿੱਸਾ ਨਹੀਂ ਲੈ ਸਕਣਗੇ, ਕਿਉਂਕਿ ਉਹ ਬੀਮਾਰ ਹਨ ਅਤੇ ਫਿਲਹਾਲ ਨਵੀਂ ਦਿੱਲੀ ਤੋਂ ਬਾਹਰ ਜਾਣ 'ਚ ਅਸਮਰੱਥ ਹਨ।" ਰਮੇਸ਼ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਮੱਧ ਪ੍ਰਦੇਸ਼ ਦੇ ਸਤਨਾ 'ਚ ਇਕ ਜਨ ਸਭਾ ਨੂੰ ਸੰਬੋਧਨ ਕਰਨ ਤੋਂ ਬਾਅਦ ਰਾਂਚੀ ਦੀ ਰੈਲੀ 'ਚ ਸ਼ਾਮਲ ਹੋਣਗੇ। ਕਾਂਗਰਸ ਜਨਰਲ ਸਕੱਤਰ ਸੰਚਾਰ ਇੰਚਾਰਜ ਜੈਰਾਮ ਰਮੇਸ਼ ਨੇ ਕਿਹਾ,"ਰਾਹੁਲ ਗਾਂਧੀ ਅੱਜ ਸਤਨਾ ਅਤੇ ਰਾਂਚੀ 'ਚ ਚੋਣ ਪ੍ਰਚਾਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ, ਜਿੱਥੇ 'ਇੰਡੀਆ' ਦੀ ਰੈਲੀ ਆਯੋਜਿਤ ਕੀਤੀ ਜਾ ਰਹੀ ਹੈ। ਉਹ ਅਚਾਨਕ ਬੀਮਾਰ ਹੋ ਗਏ ਅਤੇ ਫਿਲਹਾਲ ਨਵੀਂ ਦਿੱਲੀ ਤੋਂ ਰਵਾਨਾ ਹੋਣ 'ਚ ਅਸਮਰੱਥ ਹਨ।" ਉਨ੍ਹਾਂ ਕਿਹਾ,"ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਜੀ ਸਤਨਾ 'ਚ ਇਕ ਜਨ ਸਭਾ ਨੂੰ ਸੰਬੋਧਨ ਕਰਨ ਤੋਂ ਬਾਅਦ ਰਾਂਚੀ ਦੀ ਰੈਲੀ 'ਚ ਹਿੱਸਾ ਲੈਣਗੇ।" ਖੜਗੇ ਤੋਂ ਇਲਾਵਾ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਮੁਖੀ ਲਾਲੂ ਪ੍ਰਸਾਦ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਅਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਣਾ ਦੇ ਐਤਵਾਰ ਨੂੰ ਰਾਂਚੀ 'ਚ 'ਉਲਗੁਲਾਨ ਨਿਆਂ' ਰੈਲੀ ਨੂੰ ਸੰਬੋਧਨ ਕਰਨ ਦੀ ਉਮੀਦ ਹੈ ਜੋ ਵਿਰੋਧੀ ਗਠਜੋੜ 'ਇੰਡੀਆ' ਲਈ ਇਕ ਵੱਡਾ ਸ਼ਕਤੀ ਪ੍ਰਦਰਸ਼ਨ ਹੋਵੇਗਾ। ਪ੍ਰਭਾਤ ਤਾਰਾ ਮੈਦਾਨ 'ਚ ਹੋਣ ਵਾਲੀ ਰੈਲੀ 'ਚ 'ਇੰਡੀਆ' ਗਠਜੋੜ 'ਚ ਸ਼ਾਮਲ ਵੱਖ-ਵੱਖ ਦਲਾਂ ਦੇ ਨੇਤਾ ਹਿੱਸਾ ਲੈਣਗੇ।

### ਕਾਂਗਰਸ ਨੇ ਕੀਤੀ ਚੋਣ ਕਮਿਸ਼ਨ ਨੂੰ ਮੋਦੀ ਦੀ ਸ਼ਿਕਾਇਤ

ਨਵੀਂ ਦਿੱਲੀ, 22 ਅਪ੍ਰੈਲ। ਕਾਂਗਰਸ ਨੇ ਸੋਮਵਾਰ ਨੂੰ ਚੋਣ ਕਮਿਸਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਿਕਾਇਤ ਕੀਤੀ ਅਤੇ ਇਕ ਵਿਸੇਸ਼ ਭਾਈਚਾਰੇ ਨੂੰ ਨਿਸਾਨਾ ਬਣਾਉਣ ਦਾ ਦੋਸ ਲਗਾਇਆ। ਸੀਨੀਅਰ ਕਾਂਗਰਸੀ ਆਗੂ ਅਭਿਸੇਕ ਮਨੂ ਸਿੰਘਵੀ ਦੀ ਅਗਵਾਈ ਹੇਠ ਪਾਰਟੀ ਦਾ ਵਫਦ ਅੱਜ ਇਥੇ ਚੋਣ ਕਮਿਸਨ ਨੂੰ ਮਿਲਿਆ ਅਤੇ 17 ਸ਼ਿਕਾਇਤਾਂ ਦਾ ਮੰਗ ਪੱਤਰ ਸੌਂਪਿਆ। ਕਾਂਗਰਸੀ ਆਗੂ ਨੇ ਕਿਹਾ ਕਿ ਚੋਣ ਕਮਿਸਨ ਦੇ ਸਾਹਮਣੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਭਾਰਤੀ ਪ੍ਰਸਾਸਨਿਕ ਸੇਵਾ (ਆਈ. ਏ. ਐੱਸ.) ਪੁੱਤਰੀ ਸ੍ਰੀਮਤੀ ਅੰਜਲੀ ਬਿਰਲਾ ਦਾ ਭਾਰਤੀ ਜਨਤਾ ਪਾਰਟੀ ਵੱਲੋਂ ਚੋਣ ਪ੍ਰਚਾਰ ਕਰਨ, ਸੂਰਤ ਲੋਕ ਸਭਾ ਹਲਕੇ 'ਚ ਕਾਂਗਰਸ ਉਮੀਦਵਾਰ ਦੀ ਨਾਮਜਦਗੀ ਰੱਦ ਕਰਨ ਮਣੀਪੁਰ ਵਿਚ ਲੋਕ ਸਭਾ ਚੋਣਾਂ 'ਚ ਵੋਟਾਂ ਦੌਰਾਨ ਵੀ ਹਿੰਸਾ ਦਾ ਮੁੱਦਾ ਉਠਾਇਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ 'ਮੁੱਖ ਕਾਰਜਕਾਰੀ' ਇਕ ਭਾਈਚਾਰੇ ਨੂੰ ਨਿਸਾਨਾ ਬਣਾ ਰਿਹਾ ਹੈ। ਉਨ੍ਹਾਂ ਦਾ ਬਿਆਨ ਗੰਭੀਰ ਅਤੇ ਇਤਰਾਜਯੋਗ ਹੈ ਅਤੇ ਇਸ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ।

## ਸੀ. ਏ. ਏ. 'ਤੇ ਮਮਤਾ ਝੂਠ ਬੋਲ ਕੇ ਲੋਕਾਂ ਨੂੰ ਕਰ ਰਹੀ ਹੈ ਗੁਮਰਾਹ


ਮੁਰਸਿਦਾਬਾਦ, 22 ਅਪ੍ਰੈਲ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਨਾਗਰਿਕਤਾ (ਸੋਧ) ਕਾਨੂੰਨ (ਸੀ. ਏ. ਏ.) ਬਾਰੇ ਝੂਠ ਫੈਲਾਉਣ ਅਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ ਲਾਇਆ ਹੈ। ਐਤਵਾਰ ਬੰਗਾਲ 'ਚ ਆਪਣੀ ਪਹਿਲੀ ਚੋਣ ਰੈਲੀ ਦੌਰਾਨ ਰਾਜਨਾਥ ਨੇ ਕਿਹਾ ਕਿ ਧਾਰਮਿਕ ਆਧਾਰ 'ਤੇ ਬੰਗਲਾਦੇਸ, ਪਾਕਿਸਤਾਨ ਅਤੇ ਅਫਗਾਨਿਸਤਾਨ ਛੱਡ ਕੇ ਆਏ ਸਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦੇਣ ਦੇ ਅਮਲ ਨੂੰ ਦੁਨੀਆ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਉਨ੍ਹਾਂ ਸੰਦੇਸਖਾਲੀ 'ਚ ਔਰਤਾਂ 'ਤੇ ਹੋਏ 'ਅੱਤਿਆਚਾਰਾਂ' ਦਾ ਹਵਾਲਾ ਦਿੰਦਿਆਂ ਕਿਹਾ ਕਿ ਮਮਤਾ ਬੈਨਰਜੀ ਦੀ ਅਗਵਾਈ 'ਚ ਸੂਬੇ ਵਿਚ ਅਰਾਜਕਤਾ ਦਾ ਮਾਹੌਲ ਹੈ। ਭਾਜਪਾ ਉਮੀਦਵਾਰ ਗੌਰੀ ਸੰਕਰ ਘੋਸ ਦੇ ਹੱਕ 'ਚ ਉਕਤ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਬੰਗਾਲ ਵਰਗੇ ਸੂਬੇ 'ਚ ਇਕ ਮਹਿਲਾ ਮੁੱਖ ਮੰਤਰੀ ਦੀ ਅਗਵਾਈ 'ਚ ਮਾਵਾਂ-ਭੈਣਾਂ 'ਤੇ ਇੰਨੀ ਬੇਰਹਿਮੀ ਹੋਈ ਹੈ। ਰਾਜਨਾਥ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਇਕ ਦਹਾਕੇ ਤੋਂ ਵੱਧ ਦੇ ਰਾਜ ਕਾਰਨ ਬੰਗਾਲ ਹੁਣ 'ਅਪਰਾਧ ਤੇ ਫਿਰਕੂ ਤਣਾਅ' ਦੇ ਕੇਂਦਰ ਵਜੋਂ ਬਦਨਾਮ ਹੈ।

## ਬਾਬਾ ਰਾਮਦੇਵ ਨੂੰ ਸੁਪਰੀਮ ਕੋਰਟ ਤੋਂ ਲੱਗਾ ਵੱਡਾ ਝਟਕਾ

ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 22 ਅਪ੍ਰੈਲ। ਬਾਬਾ ਰਾਮਦੇਵ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਦਰਅਸਲ ਰਾਮਦੇਵ ਦੇ ਪਤੰਜਲੀ ਯੋਗ ਟਰੱਸਟ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ । ਅਦਾਲਤ ਨੇ ਅਪੀਲੀ ਟ੍ਰਿਬਿਊਨਲ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ 'ਚ ਟਰੱਸਟ ਨੂੰ ਯੋਗ ਕੈਂਪਾਂ ਦੇ ਆਯੋਜਨ ਲਈ ਵਸੂਲੀ ਜਾਣ ਵਾਲੀ ਐਂਟਰੀ ਫੀਸ 'ਤੇ ਸਰਵਿਸ ਟੈਕਸ ਅਦਾ ਕਰਨ ਲਈ ਕਿਹਾ ਗਿਆ ਸੀ। ਜਸਟਿਸ ਅਭੈ ਐਸ. ਓਕਾ ਅਤੇ ਜਸਟਿਸ ਉੱਜਵਲ ਭੂਯਾਨ ਦੀ ਬੈਂਚ ਨੇ ਕਸਟਮ, ਆਬਕਾਰੀ ਅਤੇ ਸੇਵਾ ਟੈਕਸ ਅਪੀਲੀ ਟ੍ਰਿਬਿਊਨਲ () ਦੀ ਇਲਾਹਾਬਾਦ ਬੈਂਚ ਦੇ 5 ਅਕਤੂਬਰ, 2023 ਦੇ ਫੈਸਲੇ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਟਰੱਸਟ ਦੀ ਅਪੀਲ ਨੂੰ ਖਾਰਜ ਕਰਦੇ ਹੋਏ ਬੈਂਚ ਨੇ ਕਿਹਾ ਕਿ ਟ੍ਰਿਬਿਊਨਲ ਨੇ ਸਹੀ ਮੰਨਿਆ ਹੈ ਕਿ ਫੀਸ ਚਾਰਜ ਵਾਲੇ ਕੈਂਪਾਂ ਵਿਚ ਯੋਗ ਕਰਨਾ ਇਕ ਸੇਵਾ ਹੈ। ਸਾਨੂੰ ਇਸ ਆਦੇਸ ਵਿਚ ਦਖਲ ਦੇਣ ਦਾ ਕੋਈ ਕਾਰਨ ਨਹੀਂ ਮਿਲਿਆ, ਅਪੀਲ ਖਾਰਜ ਕੀਤੀ ਜਾਂਦੀ ਹੈ। ਨੇ ਆਪਣੇ ਆਦੇਸ ਵਿਚ ਕਿਹਾ ਸੀ ਕਿ ਪਤੰਜਲੀ ਯੋਗ ਟਰੱਸਟ ਵਲੋਂ ਆਯੋਜਿਤ ਰਿਹਾਇਸੀ ਅਤੇ ਗੈਰ-ਰਿਹਾਇਸੀ ਯੋਗ ਕੈਂਪਾਂ 'ਚ ਸਾਮਲ ਹੋਣ ਲਈ ਫੀਸ ਵਸੂਲੀ ਜਾਂਦੀ ਹੈ, ਇਸ ਲਈ ਇਹ 'ਸਿਹਤ ਅਤੇ ਤੰਦਰੁਸਤੀ





ਸੇਵਾ' ਦੀ ਸ੍ਰੇਣੀ 'ਚ ਆਉਂਦੀ ਹੈ ਅਤੇ ਇਸ 'ਤੇ ਸੇਵਾ ਟੈਕਸ ਲੱਗੇਗਾ। ਯੋਗ ਗੁਰੂ ਰਾਮਦੇਵ ਅਤੇ ਉਨ੍ਹਾਂ ਦੇ ਸਹਿਯੋਗੀ ਆਚਾਰੀਆ ਬਾਲਕ੍ਰਿਸਨ ਦੀ ਅਗਵਾਈ ਹੇਠ ਕੰਮ ਕਰ ਰਿਹਾ ਇਹ ਟਰੱਸਟ ਵੱਖ-ਵੱਖ ਕੈਂਪਾਂ ਵਿਚ ਯੋਗ ਦੀ ਸਿਖਲਾਈ ਦੇਣ ਵਿਚ ਲੱਗਾ ਹੋਇਆ ਸੀ। ਟ੍ਰਿਬਿਊਨਲ ਨੇ ਆਪਣੇ ਹੁਕਮ ਵਿਚ ਕਿਹਾ ਸੀ ਕਿ ਯੋਗ ਕੈਂਪਾਂ ਦੀ ਫੀਸ ਭਾਗੀਦਾਰਾਂ ਤੋਂ ਦਾਨ ਵਜੋਂ ਵਸੂਲੀ ਗਈ ਸੀ। ਹਾਲਾਂਕਿ ਇਹ ਰਕਮ ਦਾਨ ਵਜੋਂ ਇਕੱਠੀ ਕੀਤੀ ਗਈ ਸੀ ਪਰ ਇਹ ਸਿਰਫ ਉਕਤ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਫੀਸ ਸੀ। ਇਸ ਲਈ ਇਹ ਫੀਸ ਦੀ ਪਰਿਭਾਸਾ ਦੇ ਅਧੀਨ ਆਉਂਦਾ ਹੈ। ਕਸਟਮ ਅਤੇ ਕੇਂਦਰੀ ਆਬਕਾਰੀ , ਮੇਰਠ ਰੇਂਜ ਕਮਿਸਨਰ ਨੇ ਅਕਤੂਬਰ, 2006 ਤੋਂ ਮਾਰਚ, 2011 ਦੀ ਮਿਆਦ ਲਈ ਜੁਰਮਾਨੇ ਅਤੇ ਵਿਆਜ ਸਮੇਤ ਲਗਭਗ 4.5 ਕਰੋੜ ਰੁਪਏ ਦੇ ਸਰਵਿਸ ਟੈਕਸ ਦੀ ਮੰਗ ਕੀਤੀ ਸੀ। ਇਸ ਦੇ ਜਵਾਬ ਵਿਚ ਟਰੱਸਟ ਨੇ ਦਲੀਲ ਦਿੱਤੀ ਸੀ ਕਿ ਉਹ ਅਜਿਹੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜੋ ਬੀਮਾਰੀਆਂ ਦੇ ਇਲਾਜ ਲਈ ਹਨ। ਇਹ ਕਿਹਾ ਗਿਆ ਸੀ ਕਿ ਇਹ ਸੇਵਾਵਾਂ 'ਸਿਹਤ ਅਤੇ ਤੰਦਰੁਸਤੀ ਸੇਵਾਵਾਂ' ਦੇ ਤਹਿਤ ਟੈਕਸ ਯੋਗ ਨਹੀਂ ਹਨ। ਹੁਣ ਪਤੰਜਲੀ ਨੂੰ ਇਹ 4.5 ਕਰੋੜ ਰੁਪਏ ਅਦਾ ਕਰਨੇ ਪੈਣਗੇ।

## ਜੰਮੂ-ਕਸ਼ਮੀਰ ਦੀ ਆਵਾਜ ਨੂੰ ਦਿੱਲੀ ਤੱਕ ਲੈ ਕੇ ਜਾਣ ਦੀ ਲੜਾਈ ਹੈ: ਮਹਿਬੂਬਾ ਮੁਫਤੀ

ਸ਼੍ਰੀਨਗਰ 22 ਅਪ੍ਰੈਲ। ਪੀਪੁਲਜ ਡੈਮੋਕ੍ਰਿਟਕ ਪਾਰਟੀ (ਪੀ. ਡੀ. ਪੀ.) ਦੀ ਮੁਖੀ ਅਤੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਧਾਰਾ-370 ਨੂੰ ਰੱਦ ਕਰਨ ਖਿਲਾਫ ਆਵਾਜ ਚੁੱਕੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿਚ ਲੋਕ ਸਭਾ ਦੀ ਲੜਾਈ ਉਨ੍ਹਾਂ ਦੀ ਪੀ. ਡੀ. ਪੀ. ਅਤੇ ਨੈਸ਼ਨਲ ਕਾਨਫਰੰਸ (ਨੇਕਾਂ) ਵਿਚਾਲੇ ਨਹੀਂ ਹੈ ਸਗੋਂ ਇਹ ਜੰਮੂ-ਕਸ਼ਮੀਰ ਦੀ ਆਵਾਜ ਨੂੰ ਨਵੀਂ ਦਿੱਲੀ ਤੱਕ ਲੈ ਕੇ ਜਾਣ ਦੀ ਲੜਾਈ ਹੈ। ਮੁਫਤੀ ਨੇ ਦੱਖਣੀ ਕਸ਼ਮੀਰ ਵਿਚ ਇਕ ਚੋਣ ਮੁਹਿੰਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਸਮਝਦੇ ਹਨ ਕਿ ਉਨ੍ਹਾਂ ਨੂੰ ਇਕ ਅਜਿਹੀ ਆਵਾਜ ਦੀ ਲੋੜ ਹੈ, ਜੋ ਦਿੱਲੀ 'ਚ ਸੱਤਾ ਦੇ ਸਾਹਮਣੇ ਖੜ੍ਹੀ ਹੋਵੇ ਅਤੇ ਕਸ਼ਮੀਰ ਦੇ ਮੁੱਦਿਆਂ 'ਤੇ ਗੱਲ ਕਰੇ। ਨਾਲ ਹੀ ਸਾਲ 2019 ਮਗਰੋਂ ਹੋਏ ਅੱਤਿਆਚਾਰ ਬਾਰੇ ਗੱਲ ਕਰੇ। ਮੁਫਤੀ ਨੇ ਕਿਹਾ ਕਿ ਮੈਂ ਸੱਤਾ 'ਚ ਬੈਠੇ ਲੋਕਾਂ ਦੇ ਸਾਹਮਣੇ ਖੜ੍ਹੀ ਰਹਾਂਗੀ ਅਤੇ ਉਨ੍ਹਾਂ ਨੂੰ ਦੱਸਾਂਗੀ ਕਿ ਧਾਰਾ-370 ਨੂੰ ਰੱਦ ਕਰਨ ਦਾ ਫੈਸਲਾ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਮਨਜੂਰ ਨਹੀਂ ਹੈ ਅਤੇ ਤੁਹਾਨੂੰ ਇਸ ਨੂੰ ਪਲਟਣਾ ਹੋਵੇਗਾ। ਜਦੋਂ ਉਨ੍ਹਾਂ ਤੋਂ ਅਨੰਤਨਾਗ ਵਿਚ ਮੁਕਾਬਲੇ ਬਾਰੇ ਪੁੱਛਿਆ ਗਿਆ, ਜਿੱਥੇ ਉਨ੍ਹਾਂ ਦਾ ਮੁਕਾਬਲਾ ਨੇਕਾਂ ਨੇਤਾ ਮਿਆਂ ਅਲਤਾਫ ਨਾਲ ਹੈ ਤਾਂ ਉਨ੍ਹਾਂ



ਨੇ ਕਿਹਾ ਕਿ ਇਹ ਮੁਕਾਬਲਾ ਨੇਕਾਂ ਉਪ ਪ੍ਰਧਾਨ ਉਮਰ ਅਬਦੁੱਲਾ ਅਤੇ ਉਨ੍ਹਾਂ ਵਿਚਾਲੇ ਨਹੀਂ ਹੈ। ਇਹ ਜੰਮੂ-ਕਸ਼ਮੀਰ ਦੀ ਆਵਾਜ ਨੂੰ ਨਵੀਂ ਦਿੱਲੀ ਤੱਕ ਲੈ ਕੇ ਜਾਣ ਦੀ ਲੜਾਈ ਹੈ ਅਤੇ ਲੋਕ ਸਹੀ ਫੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਸਾਲ 2019 ਮਗਰੋਂ ਹੋਏ ਅੱਤਿਆਚਾਰਾਂ ਬਾਰੇ ਗੱਲ ਕਰਨ ਵਾਲਿਆਂ ਨੂੰ ਹੀ ਜਨਤਾ ਵੋਟ ਦੇਵੇਗੀ।

# ਲੁਧਿਆਣਾ 'ਚ ਰਸੋਈ ਗੈਸ ਸਿਲੰਡਰ ਫਟਣ ਨਾਲ ਹੋਇਆ ਧਮਾਕਾ ! ਬਜੁਰਗ ਸਣੇ 3 ਜੀਅ ਬੁਰੀ ਤਰ੍ਹਾਂ ਝੁਲਸੇ

ਲੁਧਿਆਣਾ 22 ਅਪ੍ਰੈਲ। ਚੰਡੀਗੜ੍ਹ ਰੋਡ ਸਥਿਤ ਸੈਕਟਰ 32-ਏ ਸਥਿਤ ਬੀਕਾਨੇਰ ਸਵੀਟ ਸ਼ਾਪ ਕੋਲ ਇਕ ਘਰ 'ਚ ਸਿਲੰਡਰ ਫਟਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਸਿਲੰਡਰ 'ਚ ਹੋਏ ਧਮਾਕੇ ਤੋਂ ਬਾਅਦ ਘਰ 'ਚ ਅੱਗ ਲੱਗ ਗਈ। ਇਸ ਹਾਦਸੇ 'ਚ ਘਰ 'ਚ ਮੌਜੂਦ ਬਜ਼ੁਰਗ ਔਰਤ ਸਮੇਤ 3 ਵਿਅਕਤੀ ਬੁਰੀ ਤਰ੍ਹਾਂ ਝੁਲਸ ਗਏ। ਉਨ੍ਹਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਹਾਦਸੇ 'ਚ ਇਕ ਪਾਲਤੂ ਕੁੱਤਾ ਜਿਉਂਦਾ ਸੜ ਗਿਆ, ਜਦੋਂਕਿ ਦੂਜੇ ਪਾਲਤੂ ਕੁੱਤੇ ਨੇ ਆਪਣੀ ਸੂਝ-ਬੂਝ ਨਾਲ ਆਪਣੀ ਜਾਨ ਬਚਾ ਲਈ। ਹਾਦਸਾ ਸਵੇਰੇ 11.30 ਵਜੇ ਦੇ ਕਰੀਬ ਵਾਪਰਿਆ। ਆਸ-ਪਾਸ ਦੇ ਲੋਕਾਂ ਨੇ ਫਾਇਰ ਬ੍ਰਿਗੇਡ ਨੂੰ ਹਾਦਸੇ ਦੀ ਜਾਣਕਾਰੀ ਦਿੱਤੀ ਤਾਂ ਮੌਕੇ 'ਤੇ ਪੁੱਜੇ ਫਾਇਰ ਟੈਂਡਰਾਂ ਨੇ ਅੱਗ 'ਤੇ ਕਾਬੂ ਪਾਉਣ ਦਾ ਯਤਨ ਕੀਤਾ ਪਰ ਅੱਗ ਕਾਫੀ ਜ਼ਿਆਦਾ ਵਧ ਜਾਣ ਕਾਰਨ ਫਾਇਰ ਬ੍ਰਿਗੇਡ ਦੀਆਂ 2 ਵਾਧੂ ਗੱਡੀਆਂ ਬੁਲਾਉਣੀਆਂ ਪਈਆਂ। ਸਖਤ ਮੁਸ਼ੱਕਤ ਤੋਂ ਬਾਅਦ ਕਰੀਬ 1 ਘੰਟੇ ਬਾਅਦ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਕਾਰਨ ਘਰ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਜਾਣਕਾਰੀ ਮੁਤਾਬਕ ਬੁੱਧਵਾਰ ਸਵੇਰੇ 11.30 ਵਜੇ ਚੰਡੀਗੜ੍ਹ ਰੋਡ ਸਥਿਤ ਸੈਕਟਰ 32-ਏ ਸਥਿਤ ਬੀਕਾਨੇਰ ਸਵੀਟ ਸ਼ਾਪ ਦੇ ਕੋਲ ਮਕਾਨ ਨੰ. 2099 'ਚ ਸਿਲੰਡਰ ਫਟਣ ਕਾਰਨ ਅੱਗ ਲੱਗ ਗਈ। ਇਸ ਨਾਲ ਘਰ 'ਚ ਰੱਖੇ ਹੌਲੀ-ਹੌਲੀ ਸਾਰੇ ਸਾਮਾਨ ਨੂੰ ਅੱਗ ਲੱਗ ਗਈ। ਇਸ ਹਾਦਸੇ 'ਚ ਘਰ 'ਚ ਮੌਜੂਦ 3 ਵਿਅਕਤੀ ਝੁਲਸ ਗਏ। ਉਨ੍ਹਾਂ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਬਾਹਰ ਕੱਢਿਆ



ਅਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਮੌਕੇ 'ਤੇ ਪੁੱਜ ਕੇ ਫਾਇਰ ਬ੍ਰਿਗੇਡ ਦੀਆਂ 6 ਤੋਂ 7 ਗੱਡੀਆਂ ਨੇ ਅੱਗ 'ਤੇ ਕਾਬੂ ਪਾਉਣ ਦਾ ਕੰਮ ਸ਼ੁਰੂ ਕੀਤਾ। ਇਸ ਦੌਰਾਨ ਅੱਗ ਕਾਫੀ ਵਧ ਚੁੱਕੀ ਸੀ ਤਾਂ ਵਾਧੂ ਫਾਇਰ ਟੈਂਡਰ ਬੁਲਾਉਣੇ ਪਏ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਘਰ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਪ੍ਰਤੱਖ ਦੇਖਣ ਵਾਲਿਆਂ ਦੇ ਮੁਤਾਬਕ ਉਨ੍ਹਾਂ ਨੇ ਇਲਾਕੇ 'ਚ ਚੀਕ-ਚਿਹਾੜਾ ਸੁਣਿਆ ਤਾਂ ਮੌਕੇ 'ਤੇ ਪੁੱਜ ਕੇ ਉਨ੍ਹਾਂ ਨੂੰ ਬਚਾਇਆ। ਹਾਦਸੇ 'ਚ ਘਰ ਦਾ ਇਕ ਪਾਲਤੂ ਕੁੱਤਾ ਜਿਉਂਦਾ ਸੜ ਗਿਆ। ਫਾਇਰ ਬ੍ਰਿਗੇਡ ਮੁਤਾਬਕ ਉਨ੍ਹਾਂ ਨੂੰ ਹਾਦਸੇ ਦੀ ਸੂਚਨਾ ਮਿਲੀ ਤਾਂ ਉਹ 5 ਮਿੰਟ ਦੇ ਅੰਦਰ ਮੌਕੇ 'ਤੇ ਪੁੱਜ ਗਏ ਸਨ ਪਰ ਉਦੋਂ ਤੱਕ ਅੱਗ ਕਾਫੀ ਵਧ ਚੁੱਕੀ ਸੀ। ਉਨ੍ਹਾਂ ਨੇ ਕਿਸੇ ਤਰ੍ਹਾਂ ਅੱਗ 'ਤੇ ਕਾਬੂ ਪਾ ਲਿਆ। ਉਨ੍ਹਾਂ ਨੇ ਦਾਅਵਾ ਕੀਤਾ ਕਿ ਘਰ 'ਚ ਸ਼ਾਰਟ ਸਰਕਟ ਕਾਰਨ ਅੱਗ ਲੱਗੀ ਹੈ। ਉਨ੍ਹਾਂ ਨੇ ਸਿਲੰਡਰ ਫਟਣ ਵਰਗੀ ਕਿਸੇ ਗੱਲ ਤੋਂ ਇਨਕਾਰ ਕਰ ਦਿੱਤਾ। ਸੈਕਟਰ 32-ਏ ਦੇ ਮਕਾਨ ਨੰ. 2099 ਵਿਚ ਮਕਾਨ ਮਾਲਕ ਅਤੇ ਕਿਰਾਏਦਾਰ ਦਰਮਿਆਨ ਕਿਰਾਏ ਸਬੰਧੀ ਆਪਸੀ ਝਗੜਾ ਚੱਲ ਰਿਹਾ ਸੀ। ਜਾਣਕਾਰੀ ਮੁਤਾਬਕ ਮਕਾਨ 'ਤੇ ਕਾਬਜ ਕਿਰਾਏਦਾਰ ਨੇ 2021 ਤੋਂ ਹੁਣ ਤੱਕ ਕਿਰਾਇਆ ਨਹੀਂ ਦਿੱਤਾ ਸੀ। ਇਹ ਮਾਮਲਾ ਕੋਰਟ 'ਚ ਚੱਲ ਰਿਹਾ ਸੀ। ਇਸ ਮਾਮਲੇ 'ਚ ਕੋਰਟ ਨੇ 17 ਅਪ੍ਰੈਲ ਨੂੰ ਮਕਾਨ ਖਾਲੀ ਕਰਨ ਦਾ ਹੁਕਮ ਦਿੱਤਾ ਸੀ ਪਰ ਘਰ ਵਿਚ ਅੱਜ ਅੱਗ ਲੱਗ ਗਈ।

## ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਵਾਲੇ ਗਿਰੋਹ ਦਾ ਪਰਦਾਫਾਸ, 4 ਪਿਸਤੌਲਾਂ ਤੇ ਹੋਰ ਸਾਮਾਨ ਸਣੇ 2 ਗ੍ਰਿਫਤਾਰ

ਅੰਮ੍ਰਿਤਸਰ 22 ਅਪ੍ਰੈਲ। ਗੰਨ ਪੁਆਇੰਟ 'ਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਕਮਿਸ਼ਨਰੇਟ ਪੁਲਸ ਨੇ ਦੋ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚ ਕਨਿਸਕ ਕੁੰਦਰਾ ਉਰਫ ਪਹਿਲਵਾਨ ਅਤੇ ਗੁਰਪ੍ਰੀਤ ਸਿੰਘ ਨਿਹਾਲ ਸ਼ਾਮਲ ਹਨ, ਜਿਨ੍ਹਾਂ ਨੂੰ 16-17 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਸ ਨੇ ਦੋਵਾਂ ਮੁਲਜਮਾਂ ਦੀ ਨਿਸ਼ਾਨਦੇਹੀ 'ਤੇ 32 ਬੋਰ ਦੇ ਚਾਰ ਪਿਸਤੌਲ, ਇਕ ਏਅਰ ਪਿਸਤੌਲ, ਚਾਰ ਕਾਰਤੂਸ ਅਤੇ ਇਕ ਜਾਅਲੀ ਨੰਬਰ ਲੱਗਾ ਮੋਟਰਸਾਈਕਲ ਬਰਾਮਦ ਕੀਤਾ ਹੈ। ਪੁਲਸ ਨੇ ਮੁਲਜਮਾਂ ਖਿ਼ਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਮਾਣਯੋਗ ਅਦਾਲਤ ਦੇ ਨਿਰਦੇਸ਼ਾਂ 'ਤੇ ਜਾਂਚ ਲਈ ਪੁਲਸ ਰਿਮਾਂਡ 'ਤੇ ਲਿਆ ਹੈ, ਜਿਸ ਦੌਰਾਨ ਉਨ੍ਹਾਂ ਤੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਹ ਖੁਲਾਸਾ ਪੁਲਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਰਦਿਆਂ ਦੱਸਿਆ ਕਿ ਇਨਪੁਟ ਦੇ ਆਧਾਰ 'ਤੇ ਕਨਿਸਕ ਕੁੰਦਰਾ ਨੂੰ ਕੰਪਨੀ ਬਾਗ ਨੇੜਿਓਂ ਕਾਬੂ ਕੀਤਾ ਗਿਆ ਸੀ, ਜਿਸ ਦੇ ਚੱਲਦਿਆਂ ਉਸ ਦੇ ਸਾਥੀ ਗੁਰਪ੍ਰੀਤ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਪੁਲਸ ਰਿਮਾਂਡ 'ਤੇ ਲੈ ਗਈ ਸੀ। ਫਿਲਹਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਪਤਾ ਲੱਗਾ ਹੈ ਕਿ ਕਨਿਸਕ ਕੁੰਦਰਾ ਖਿ਼ਲਾਫ ਲੁੱਟ-ਖੋਹ ਦੇ ਦੋ ਮਾਮਲੇ ਦਰਜ ਹਨ।

# ਕਿਸ਼ਤੀ ਪਲਟਣ ਨਾਲ ਬਿਆਸ ਨਦੀ 'ਚ ਡਿੱਗੇ ਪਤੀ-ਪਤਨੀ, ਹਾਦਸੇ 'ਚ ਪਤੀ ਦੀ ਮੌਤ

ਸ਼ਿਮਲਾ 22 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੇ ਜਿ਼ਲ੍ਹਾ ਮੰਡੀ ਸਦਰ ਉਪਮੰਡਲ ਦੇ ਤਰਨੋਹ ਪਿੰਡ 'ਚ ਸ਼ੁੱਕਰਵਾਰ ਸ਼ਾਮ ਇਕ ਦੁਖਦ ਘਟਨਾ ਵਾਪਰੀ। ਜਿਸ 'ਚ ਟਾਇਰ-ਟਿਊਬ ਨਾਲ ਬਣੀ ਕਿਸ਼ਤੀ ਪਲਟਣ ਨਾਲ ਪਤੀ-ਪਤਨੀ ਨਦੀ 'ਚ ਡਿੱਗ ਗਏ ਅਤੇ ਹਾਦਸੇ 'ਚ ਪਤੀ ਦੀ ਮੌਤ ਹੋ ਗਈ, ਜਦੋਂ ਕਿ ਪਤਨੀ ਨੂੰ ਸਥਾਨਕ ਲੋਕਾਂ ਨੇ ਬਚਾ ਲਿਆ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਮੰਡੀ ਸ਼ਹਿਰ ਦੇ ਭਿਊਲੀ 'ਚ ਰਹਿਣ ਵਾਲੇ ਅਤੇ ਇੱਥੇ ਮਠਿਆਈਆਂ ਦਾ ਕਾਰੋਬਾਰ ਕਰਨ ਵਾਲੇ ਰੂਪਲਾਲ ਪਤਨੀ ਵੀਨਾ ਦੇਵੀ ਨਾਲ ਤਰਨੋਹ ਪੰਚਾਇਤ ਦੇ ਚਰੋਗੀ ਪਿੰਡ 'ਚ ਵਿਆਹ ਸਮਾਰੋਹ ਜਾ ਰਹੇ ਸਨ। ਉਹ ਘੇਰੂ ਬਲਹ ਪਿੰਡ ਤੋਂ ਟਿਊਬ ਨਾਲ ਬਣੀ ਇਕ ਕਿਸ਼ਤੀ 'ਚ ਬੈਠੇ। ਇੱਥੇ ਪੁਲ ਨਹੀਂ ਹੈ, ਇਸ ਲਈ ਇਹ ਕਿਸ਼ਤੀ ਇਸਤੇਮਾਲ ਕੀਤੀ



ਜਾਂਦੀ ਹੈ। ਬਿਆਸ ਨਦੀ ਨੂੰ ਪਾਰ ਕਰ ਰਹੇ ਪਤੀ-ਪਤਨੀ ਦੀ ਕਿਸ਼ਤੀ ਦਾ ਅਚਾਨਕ ਸੰਤੁਲਨ ਵਿਗੜਨ ਨਾਲ ਉਹ ਨਦੀ 'ਚ ਡਿੱਗ ਗਏ। ਇਸ ਹਾਦਸੇ 'ਚ ਪਤਨੀ ਵੀਨਾ ਦੇਵੀ ਨੇ ਕਿਸੇ ਤਰ੍ਹਾਂ ਰਸੀਆਂ ਦਾ ਸਹਾਰਾ ਲੈ ਕੇ ਅਤੇ ਉੱਥੇ ਮੌਜੂਦ ਲੋਕਾਂ ਨੇ ਵੀ ਰੈਸਕਿਊ ਕਰ ਕੇ ਉਸ ਨੂੰ ਬਚਾ ਲਿਆ ਪਰ ਰੂਪਲਾਲ ਨਦੀ 'ਚ ਡੁੱਬ ਗਏ ਅਤੇ ਉਸ ਦੀ ਮੌਤ ਹੋ ਗਈ। ਵੀਨਾ ਦੀ ਹਾਲਤ ਸਥਿਰ ਹੈ। ਸਥਾਨਕ ਲੋਕਾਂ ਨੇ ਗੋਤੇ ਲਗਾ ਕੇ ਰੂਪਲਾਲ ਦੀ ਲਾਸ਼ ਬਰਾਮਦ ਕਰ ਲਈ। ਉਦੋਂ ਤੱਕ ਪੁਲਸ ਵੀ ਮੌਕੇ 'ਤੇ ਪਹੁੰਚੀ। ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਲਿਆ ਹੈ।

## ਹਿਮਾਚਲ 'ਚ ਮੀਂਹ ਤੇ ਗੜੇਮਾਰੀ, ਕਈ ਦਰੱਖਤ ਉਖੜੇ, ਵਾਹਨਾਂ ਨੂੰ ਵੀ ਪਹੁੰਚਿਆ ਨੁਕਸਾਨ

ਸ਼ਿਮਲਾ 22 ਅਪ੍ਰੈਲ। ਹਿਮਾਚਲ ਪ੍ਰਦੇਸ ਦੇ ਕਈ ਹਿੱਸਿਆਂ, ਜਿਨ੍ਹਾਂ 'ਚ ਮਨਾਲੀ ਅਤੇ ਸ਼ਿਮਲਾ ਵਰਗੇ ਪ੍ਰਮੁੱਖ ਸੈਰ-ਸਪਾਟਾ ਸਥਾਨ ਸਾਮਲ ਹਨ, 'ਚ ਸੁੱਕਰਵਾਰ ਨੂੰ ਬਿਜਲੀ ਡਿੱਗਣ ਦੇ ਨਾਲ ਮੀਂਹ ਅਤੇ ਗੜੇਮਾਰੀ ਹੋਈ, ਜਿਸ ਕਾਰਨ ਦਰੱਖਤ ਉਖੜ ਗਏ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਮੁਤਾਬਕ ਮਨਾਲੀ 'ਚ ਤੇਜ ਹਵਾਵਾਂ ਕਾਰਨ ਇਕ ਦਰੱਖਤ ਉਖੜ ਗਿਆ, ਜਿਸ ਨਾਲ ਭੂਤਨਾਥ ਮੰਦਰ ਨੇੜੇ 9 ਵਾਹਨਾਂ ਅਤੇ ਇਕ ਘਰ ਦੀ ਛੱਤ ਡਿੱਗ ਗਈ। ਗੱਡੀ ਵਿੱਚ




ਸਵਾਰ ਇੱਕ ਵਿਅਕਤੀ ਜਖਮੀ ਹੋ ਗਿਆ ਅਤੇ ਉਸ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ। ਸ਼ਿਮਲਾ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਬਿਜਲੀ ਅਤੇ ਗੜੇਮਾਰੀ ਦੇ ਨਾਲ ਰੁਕ-ਰੁਕ ਕੇ ਮੀਂਹ ਪਿਆ ਅਤੇ ਅਸਮਾਨ ਕਾਲੇ ਬੱਦਲਾਂ ਨਾਲ ਢੱਕਿਆ ਹੋਇਆ ਸੀ, ਜਿਸ ਨਾਲ ਦਿੱਖ ਕੁਝ ਮੀਟਰ ਤੱਕ ਘਟ ਗਈ। ਸੂਬੇ ਦੇ ਕਈ ਹਿੱਸਿਆਂ 'ਚ ਦਰੱਖਤ ਉਖੜਨ ਅਤੇ ਗੜੇਮਾਰੀ ਹੋਣ ਦੀਆਂ ਵੀ ਖਬਰਾਂ ਹਨ। ਸਥਾਨਕ ਮੌਸਮ ਵਿਗਿਆਨ ਕੇਂਦਰ ਨੇ 22 ਅਪ੍ਰੈਲ ਤੋਂ 23 ਅਪ੍ਰੈਲ ਤੱਕ ਰਾਜ ਦੇ ਮੱਧ ਪਹਾੜੀ ਖੇਤਰਾਂ ਵਿੱਚ ਅਲੱਗ-ਥਲੱਗ ਥਾਵਾਂ 'ਤੇ ਮੀਂਹ ਅਤੇ ਉੱਚੇ ਇਲਾਕਿਆਂ ਵਿੱਚ ਕੁਝ ਥਾਵਾਂ 'ਤੇ ਮੀਂਹ ਜਾਂ ਬਰਫਬਾਰੀ ਦੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਨੇ 22 ਅਤੇ 23 ਅਪ੍ਰੈਲ ਨੂੰ ਵੱਖ-ਵੱਖ ਥਾਵਾਂ 'ਤੇ ਤੇਜ ਹਵਾਵਾਂ ਦੇ ਨਾਲ ਬਿਜਲੀ, ਗੜ੍ਹੇਮਾਰੀ ਅਤੇ ਤੂਫਾਨ ਦੀ 'ਯੈਲੋ ਅਲਰਟ' ਵੀ ਜਾਰੀ ਕੀਤੀ ਹੈ।

## ਗੈਰ-ਕਾਨੂੰਨੀ ਕਬਾੜ ਦੇ ਗੋਦਾਮ 'ਚ ਲੱਗੀ ਭਿਆਨਕ ਅੱਗ, ਹਰ ਪਾਸੇ ਫੈਲਿਆ ਧੂੰਆਂ ਹੀ ਧੂੰਆਂ

ਗਾਜੀਆਬਾਦ 22 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਗਾਜੀਆਬਾਦ ਦੇ ਖੋੜਾ ਕਾਲੋਨੀ ਵਿਚ ਸ਼ਨੀਵਾਰ ਨੂੰ ਹਸਪਤਾਲ ਨੇੜੇ ਇਕ ਕਬਾੜ ਦੇ ਗੋਦਾਮ 'ਚ ਅੱਗ ਲੱਗ ਗਈ। ਅੱਗ ਲੱਗਣ ਕਾਰਨ ਇਲਾਕੇ ਵਿਚ ਹਫੜਾ-ਦਫੜੀ ਮਚ ਗਈ। ਪੂਰੇ ਇਲਾਕੇ ਵਿਚ ਧੂੰਆਂ ਹੋਣ ਕਾਰਨ ਆਲੇ-ਦੁਆਲੇ ਦੇ ਲੋਕਾਂ ਨੂੰ ਮੁਸ਼ਕਲ ਹੋਈ। ਦੱਸਿਆ ਜਾ ਰਿਹਾ ਹੈ ਕਿ ਕਬਾੜ ਦਾ ਗੋਦਾਮ ਗੈਰ-ਕਾਨੂੰਨੀ ਰੂਪ ਨਾਲ ਬਣਾਇਆ ਗਿਆ ਸੀ। ਸਥਾਨਕ ਪੁਲਸ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਇਆ ਗਿਆ। ਮੌਕੇ 'ਤੇ ਅੱਗ ਬੁਝਾਉਣ ਦਾ ਕੰਮ ਕੀਤਾ ਗਿਆ। ਇਸ ਲਈ ਨੋਇਡਾ ਤੋਂ ਵੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਬੁਲਾਈਆਂ ਗਈਆਂ। ਮੁੱਖ ਫਾਇਰ ਅਫਸਰ ਰਾਹੁਲ ਪਾਲ



ਮੁਤਾਬਕ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਅਤੇ ਕਿਸੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਅੱਜ ਸਵੇਰੇ ਖੋਡਾ ਕਾਲੋਨੀ ਦੇ ਇਕ ਗੋਦਾਮ 'ਚ ਅੱਗ ਲੱਗਣ ਦੀ ਸੂਚਨਾ ਮਿਲੀ। ਤੁਰੰਤ ਵੈਸਾਲੀ ਫਾਇਰ ਸਟੇਸਨ ਤੋਂ ਤਿੰਨ ਫਾਇਰ ਬ੍ਰਿਗੇਡ ਦੀਆਂ ਟੀਮਾਂ, ਸਾਹਿਬਾਬਾਦ ਸਟੇਸਨ ਤੋਂ ਦੋ ਅਤੇ ਕੋਤਵਾਲੀ ਸਟੇਸਨ ਤੋਂ ਤਿੰਨ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਨੋਇਡਾ ਸੈਕਟਰ ਤੋਂ ਇਕ ਫਾਇਰ ਬ੍ਰਿਗੇਡ ਦੀ ਟੀਮ ਪਹੁੰਚੀ। ਅੱਗ 'ਤੇ ਕਾਬੂ ਪਾਇਆ ਗਿਆ। ਹਾਲਾਂਕਿ ਅੱਗ ਲੱਗਣ ਦੇ ਕਾਰਨ ਅਜੇ ਸਾਫ ਨਹੀਂ ਹੋ ਸਕਿਆ। ਮੰਨਿਆ ਜਾ ਰਿਹਾ ਹੈ ਕਿ ਕਿਸੇ ਸ਼ਾਰਟ ਸਰਕਿਟ ਦੀ ਵਜ੍ਹਾ ਨਾਲ ਅੱਗ ਲੱਗੀ ਹੋਵੇਗੀ। ਗਨੀਮਤ ਇਹ ਰਹੀ ਕਿ ਇਸ ਘਟਨਾ ਵਿਚ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ। ਜੇਕਰ ਇਹ ਅੱਗ ਫੈਲ ਜਾਂਦੀ ਤਾਂ ਆਲੇ-ਦੁਆਲੇ ਦੇ ਹਿੱਸੇ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਸੀ।

# ਪੁਲਸ ਨੇ ਨਾਕੇ 'ਤੇ ਰੋਕੇ ਇੰਡੈਵਰ ਸਵਾਰ ਪਤੀ-ਪਤਨੀ, ਜਦੋਂ ਗੱਡੀ ਦੀ ਤਲਾਸ਼ੀ ਲਈ ਤਾਂ ਉੱਡੇ ਹੋਸ਼

ਲੁਧਿਆਣਾ 22 ਅਪ੍ਰੈਲ। ਐੱਸ. ਟੀ. ਐੱਫ. ਦੀ ਲੁਧਿਆਣਾ ਟੀਮ ਨੇ ਨਸ਼ਾ ਸਮੱਗਲਰਾਂ ਖਿ਼ਲਾਫ ਚਲਾਈ ਗਈ ਮੁਹਿੰਮ ਤਹਿਤ 4 ਨਸ਼ਾ ਸਮੱਗਲਰਾਂ ਨੂੰ 4 ਕਰੋੜ ਦੀ ਹੈਰੋਇਨ ਅਤੇ 2 ਲੱਖ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਅਜੇ ਕੁਮਾਰ ਨੇ ਦੱਸਿਆ ਕਿ ਐੱਸ. ਟੀ. ਐੱਫ. ਦੇ ਇੰਚਾਰਜ ਹਰਬੰਸ ਸਿੰਘ ਰਹਿਲ ਦੀ ਟੀਮ ਨੂੰ ਮੁਖਬਰ ਖਾਸ ਨੇ ਸੂਚਨਾ ਦਿੱਤੀ ਕਿ ਸਿੱਧਵਾਂ ਬੇਟ ਤੋਂ ਹੰਬੜਾਂ ਵੱਲੋਂ ਇਕ ਇੰਡੈਵਰ ਗੱਡੀ 'ਚ ਕੁਝ ਲੋਕ ਹੈਰੋਇਨ ਦੀ ਖੇਪ ਲੈ ਕੇ ਲੁਧਿਆਣਾ ਵੱਲ ਆ ਰਹੇ ਹਨ, ਜਿਸ 'ਤੇ ਇੰਚਾਰਜ ਹਰਬੰਸ ਸਿੰਘ ਨੇ ਦੱਸਿਆ ਕਿ ਸਖਤ ਕਾਰਵਾਈ ਕਰਦੇ ਹੋਏ ਹੰਬੜਾਂ 'ਚ ਸਪੈਸ਼ਲ ਨਾਕਾਬੰਦੀ ਕੀਤੀ ਗਈ ਅਤੇ ਉਸੇ ਸਮੇਂ ਸਾਹਮਣਿਓਂ ਇਕ ਸਿਲਵਰ ਰੰਗ ਦੀ ਇੰਡੈਵਰ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਚੈਕਿੰਗ ਲਈ ਰੋਕਿਆ। ਇਸ ਦੌਰਾਨ ਜਦੋਂ ਪੁਲਸ ਟੀਮ ਨੇ ਗੱਡੀ ਦੀ ਤਲਾਸ਼ੀ ਲਈ ਤਾਂ ਡਰਾਈਵਰ ਸੀਟ ਦੇ ਥੱਲਿਓਂ 800 ਗ੍ਰਾਮ ਹੈਰੋਇਨ ਦੀ ਖੇਪ ਅਤੇ 2 ਲੱਖ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਗੱਡੀ ਚਲਾ ਰਹੇ ਮੁਲਜ਼ਮ



ਦੀ ਪਛਾਣ ਜੋਨੀ ਕੁਮਾਰ ਉਰਫ ਜੋਨੀ ਮਾਲਵਾ ਪੁੱਤਰ ਪ੍ਰਵੀਨ ਕੁਮਾਰ ਅਤੇ ਜੋਨੀ ਦੀ ਪਤਨੀ ਪਰਜੇਤਾ (19) ਨਿਵਾਸੀ ਮੁਹੱਲਾ ਕੋਟ ਮੰਗਲ ਸਿੰਘ ਵਜੋਂ ਕੀਤੀ ਗਈ। ਪੁਲਸ ਟੀਮ ਨੇ ਤੁਰੰਤ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਮੁਲਜ਼ਮਾਂ ਖਿਲਾਫ ਮੋਹਾਲੀ ਐੱਸ. ਟੀ. ਐੱਫ. ਪੁਲਸ ਥਾਣੇ 'ਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇੰਚਾਰਜ ਹਰਬੰਸ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਜੋਨੀ ਕੁਮਾਰ ਉਸ ਦੀ ਪਤਨੀ ਪਰਜੇਤਾ ਨੇ ਦੱਸਿਆ ਕਿ ਉਹ ਹੈਰੋਇਨ ਲੈ ਕੇ ਆਉਂਦੇ ਹਨ ਅਤੇ ਲੁਧਿਆਣਾ 'ਚ ਉਸ ਹੈਰੋਇਨ ਦੀ ਸਪਲਾਈ ਉਨ੍ਹਾਂ ਦੀ ਮਾਤਾ ਨੀਲਮ ਖੋਸਲਾ ਅਤੇ ਸੋਨੀਆ ਰਾਣੀ ਪੁੱਤਰੀ ਕਵਰਭਾਨ ਨਿਵਾਸੀ ਮੁਹੱਲਾ ਕੋਟ ਮੰਗਲ ਸਿੰਘ ਅੱਗੇ ਗਾਹਕਾਂ ਨੂੰ ਕਰਦੇ ਹਨ, ਜਿਸ ਤੋਂ ਬਾਅਦ ਪੁਲਸ ਨੇ ਦੋਵੇਂ ਔਰਤਾਂ ਨੂੰ ਵੀ ਉਕਤ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ। ਇੰਚਾਰਜ ਰਹਿਲ ਨੇ ਦੱਸਿਆ ਕਿ ਮੁਲਜ਼ਮ ਜੋਨੀ ਕੁਮਾਰ 'ਤੇ ਪਹਿਲਾਂ ਵੀ ਨਸ਼ਾ ਸਮੱਗਲਿੰਗ ਦਾ ਇਕ ਕੇਸ ਦਰਜ ਹੈ, ਜਿਸ 'ਚ ਮੁਲਜ਼ਮ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਹੈ। ਅੱਜ ਸਾਰੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਕਿ ਉਨ੍ਹਾਂ ਦੇ ਬਾਕੀ ਸਾਥੀਆਂ ਬਾਰੇ ਪੁੱਛਗਿੱਛ ਕੀਤੀ ਜਾ ਸਕੇ।

## ਪਟਿਆਲਾ 'ਚ ਭਿਆਨਕ ਸੜਕ ਹਾਦਸਾ, ਪੀ. ਆਰ. ਟੀ. ਸੀ. ਬੱਸ ਤੇ ਟਿੱਪਰ ਵਿਚਾਲੇ ਹੋਈ ਟੱਕਰ

ਪਟਿਆਲਾ 22 ਅਪ੍ਰੈਲ। ਪਟਿਆਲਾ ਵਿਖੇ ਪੀ. ਆਰ. ਟੀ. ਸੀ. ਦੀ ਸਵਾਰੀਆਂ ਨਾਲ ਭਰੀ ਬੱਸ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਹਾਦਸਾ ਬੱਸ ਦੀ ਟਿੱਪਰ ਨਾਲ ਜਬਰਦਸਤ ਟੱਕਰ ਹੋਣ ਕਰਕੇ ਵਾਪਰਿਆ। ਬੱਸ ਦੇ ਡਰਾਈਵਰ, ਕੰਡਕਟਰ ਸਮੇਤ ਬੱਸ ਵਿਚ ਸਵਾਰ ਕਈ ਸਵਾਰੀਆਂ ਜਖਮੀ ਹੋਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਮਗਰੋਂ ਉਕਤ ਬੱਸ ਪਲਟੀਆਂ ਖਾਂਦੇ ਹੋਏ ਖੇਤਾਂ ਵਿਚ ਜਾ ਕੇ ਪਲਟ ਗਈ। ਇਹ ਹਾਦਸਾ ਪਟਿਆਲਾ ਦੇ ਚੀਕਾਂ ਰੋਡ 'ਤੇ ਵਾਪਰਿਆ। ਮੌਕੇ ਉਤੇ ਮੌਜੂਦ ਰਾਹਗੀਰਾਂ ਵੱਲੋਂ ਬੜੀ ਮੁਸ਼ਕਿਲ ਦੇ ਨਾਲ ਬੱਸ ਦੇ ਸ਼ੀਸ਼ੇ ਤੋੜ ਕੇ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ ਹੈ। ਮੌਕੇ 'ਤੇ ਪੁਲਸ ਵੱਲੋਂ ਪਹੁੰਚ ਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ 50 ਦੇ ਕਰੀਬ ਬੱਸ ਵਿਚ ਸਵਾਰੀਆਂ ਸਨ। ਮੌਕੇ ਉਤੇ ਜਖਮੀ ਸਵਾਰੀਆਂ ਨੂੰ ਜੇਰੇ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਡਰਾਈਵਰ ਅਤੇ ਕੰਡਕਟਰ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

# ਪੰਜਾਬ ਦਾ ਅਗਨੀਵੀਰ ਜੰਮੂ-ਕਸ਼ਮੀਰ 'ਚ ਸ਼ਹੀਦ, ਵੀਰ ਦੀ ਮ੍ਰਿਤਕ ਦੇਹ ਤਕ ਨਹੀਂ ਵੇਖ ਸਕਿਆ ਕੈਨੇਡਾ ਬੈਠਾ ਭਰਾ

ਤਪਾ ਮੰਡੀ 22 ਅਪ੍ਰੈਲ। ਬੀਤੇ ਦਿਨੀਂ ਪਿੰਡ ਮਹਿਤਾ ਦਾ ਅਗਨੀਵੀਰ ਫੌਜੀ ਜੰਮੂ ਕਸ਼ਮੀਰ 'ਚ ਡਿਊਟੀ ਦੌਰਾਨ ਸਹੀਦ ਹੋ ਗਿਆ। ਉਸ ਦਾ ਅੱਜ ਜੱਦੀ ਪਿੰਡ ਵਿਖੇ ਸਰਕਾਰੀ ਸਨਮਾਨਾਂ ਨਾਲ ਸੰਸਕਾਰ ਕੀਤਾ ਗਿਆ। ਜਾਣਕਾਰੀ ਅਗਨੀਵੀਰ ਸਹੀਦ ਸੁਖਵਿੰਦਰ ਸਿੰਘ (22) ਪੁੱਤਰ ਸੇਵਾਮੁਕਤ ਸੂਬੇਦਾਰ ਨਾਇਬ ਸਿੰਘ ਪੌਣੇ ਦੋ ਸਾਲ ਪਹਿਲਾਂ ਭਾਰਤੀ ਫੌਜ 'ਚ ਬਤੌਰ ਸਿਪਾਹੀ ਭਰਤੀ ਹੋਇਆ ਸੀ। ਇਸ ਤੋਂ ਪਹਿਲਾਂ ਉਸ ਨੇ ਗੁਰੂ ਨਾਨਕ ਸਕੂਲ ਘੁੰਨਸ ਵਿਖੇ ਬਾਰ੍ਹਵੀਂ ਪਾਸ ਕੀਤੀ ਅਤੇ ਡਿਗਰੀ ਕਰਨ ਲਈ ਯੂਨੀਵਰਸਿਟੀ 'ਚ ਦਾਖਲਾ ਲਿਆ ਤਾਂ ਇਸ ਦੌਰਾਨ ਉਸ ਨੂੰ ਅਗਨੀਵੀਰ ਫੌਜ 'ਚ ਨੌਕਰੀ ਮਿਲ ਗਈ। ਬੀਤੀ ਦਿਨੀਂ ਪਰਿਵਾਰ ਨੂੰ ਜੰਮੂ ਕਸ਼ਮੀਰ 'ਚੋਂ ਫੋਨ ਆਇਆ ਕਿ ਉਨ੍ਹਾਂ ਦੇ ਪੁੱਤਰ ਸੁਖਵਿੰਦਰ ਸਿੰਘ ਡਿਊਟੀ ਦੌਰਾਨ ਸਹੀਦ ਹੋ ਗਏ। ਅੱਜ ਸਵੇਰੇ ਅਗਨੀਵੀਰ ਸਿਪਾਹੀ ਦੀ ਮ੍ਰਿਤਕ ਦੇਹ ਫੌਜ ਦੇ ਵਾਹਨ 'ਚ ਕਰਨਲ ਸੋਨੂੰ ਕੁਮਾਰ ਦੀ ਅਗਵਾਈ 'ਚ ਲੈ ਕੇ ਪੁੱਜੇ ਤਾਂ ਪਿੰਡ ਨਿਵਾਸੀਆਂ ਦੇ ਅੱਖਾਂ 'ਚੋਂ ਅੱਥਰੂ ਨਹੀਂ ਰੁਕੇ। ਸਹੀਦ ਫੌਜੀ ਦਾ ਵੱਡਾ ਭਰਾ ਕੈਨੇਡਾ ਗਿਆ ਹੋਇਆ ਹੈ, ਉਹ ਅੰਤਿਮ ਮੌਕੇ ਨਹੀਂ ਪਹੁੰਚ ਸਕਿਆ। ਮਾਤਾ



ਰਣਜੀਤ ਕੌਰ ਦਾ ਰੋ-ਰੋ ਬੁਰਾ ਹਾਲ ਹੋਇਆ ਪਿਆ ਸੀ। 10 ਵਜੇ ਦੇ ਕਰੀਬ ਸੈਨਾ ਦੇ ਵਾਹਨ 'ਚ ਸਹੀਦ ਦੇ ਮ੍ਰਿਤਕ ਦੇਹ ਨੂੰ ਰੱਖ ਕੇ ਸ਼ਮਸ਼ਾਨ ਘਾਟ ਤੱਕ ਲਿਜਾਇਆ ਗਿਆ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉਗੋਕੇ, ਐੱਸ. ਡੀ. ਐੱਮ. ਤਪਾ ਸੁਮਨਪ੍ਰੀਤ ਕੌਰ, ਡੀ. ਐੱਸ. ਪੀ. ਤਪਾ ਮਾਨਵਜੀਤ ਸਿੰਘ ਸਿਧੂ, ਤਹਿਸੀਲਦਾਰ ਰਾਜੇਸ਼ ਅਹੂਜਾ, ਨਾਇਬ ਤਹਿਸੀਲਦਾਰ ਸੁਨੀਲ ਗਰਗ, ਥਾਣਾ ਮੁਖੀ ਤਪਾ ਕੁਲਜਿੰਦਰ ਸਿੰਘ ਗਰੇਵਾਲ, ਸਬ-ਇੰਸਪੈਕਟਰ ਬਲਵਿੰਦਰ ਸਿੰਘ ਤੇ ਸੈਨਿਕ ਭਲਾਈ ਵਿਭਾਗ ਵੱਲੋਂ ਸਰਧਾਂਜਲੀ ਭੇਟ ਕੀਤੀ ਗਈ। ਇਸ ਦੌਰਾਨ ਸਭ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਹੀਦ ਹੋਏ ਅਗਨੀਵੀਰ ਸਿਪਾਹੀ ਨੂੰ ਸਹੀਦ ਦਾ ਦਰਜਾ ਦਿੱਤਾ ਜਾਵੇ। ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਹਮੇਸ਼ਾ ਹੀ ਪੰਜਾਬ ਸਰਕਾਰ ਨਾਲ ਵਿਤਕਰਾ ਕਰਦੀ ਆ ਰਹੀ ਹੈ। ਕੇਂਦਰ ਸਰਕਾਰ ਫੌਜਾਂ ਦੀਆਂ ਵੱਖ-ਵੱਖ ਕੈਟਾਗਿਰੀਆਂ ਬਣਾਕੇ ਵਿਤਕਰਾ ਕਰ ਰਹੀ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਹੀਦ ਹੋਏ ਅਗਨੀਵੀਰ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ, ਪੰਜਾਬ ਸਰਕਾਰ ਵੱਲੋਂ ਜੋ ਵੀ ਬਣਦਾ ਮਾਣ ਸਨਮਾਨ ਹੈ ਉਹ ਦਿੱਤਾ ਜਾਵੇਗਾ।

## ਵਟਸਐੱਪ ਗਰੁੱਪ ਰਾਹੀਂ ਟ੍ਰੇਡਿੰਗ ਕਰਨ ਦੀ ਸਿਖਲਾਈ ਦੇਣ ਦੇ ਨਾਂ 'ਤੇ ਮਾਰੀ 75 ਲੱਖ ਦੀ ਠੱਗੀ

ਬਰਨਾਲਾ 22 ਅਪ੍ਰੈਲ। ਵਟਸਐੱਪ ਗਰੁੱਪ ਰਾਹੀਂ ਟ੍ਰੇਡਿੰਗ ਕਰਨ ਦੀ ਸਿਖਲਾਈ ਦੇਣ ਦੇ ਨਾਂ 'ਤੇ 75 ਲੱਖ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਬਰਨਾਲਾ ਸੰਦੀਪ ਮਲਿਕ ਨੇ ਦੱਸਿਆ ਕਿ ਥਾਣਾ ਸਿਟੀ ਵਨ ਬਰਨਾਲਾ ਵਿਖੇ ਮੁਦੱਈ ਅਮਨਦੀਪ ਪਾਲ ਪੁੱਤਰ ਅੰਮ੍ਰਿਤਪਾਲ ਵਾਸੀ ਬਰਨਾਲਾ ਨੇ ਬਿਆਨ ਦਰਜ ਕਰਵਾਏ ਕਿ ਦਸੰਬਰ 2023 ਵਿਚ ਉਸ ਨੇ ਫੇਸਬੁੱਕ ਰਾਹੀਂ ਟ੍ਰੇਡਿੰਗ ਸਕੀਮ ਇਕ ਵਟਸਐੱਪ ਗਰੁੱਪ ਜੁਆਇੰਨ ਕੀਤਾ, ਜਿਸ ਵਿਚ ਆਨਲਾਈਨ ਟ੍ਰੇਡਿੰਗ ਕਰਨੀ ਸਿਖਾਈ ਜਾਣ ਲੱਗੀ। 30-45 ਦਿਨਾ ਬਾਅਦ ਇਨ੍ਹਾਂ ਨੇ ਇਕ ਰਿਟੇਲ ਦੀ ਐਪ ਡਾਊਨਲੋਡ ਕਰਵਾਈ, ਜਿਸ ਵਿਚ ਇਸਟੀਟਿਊਸ਼ਨਲ ਟ੍ਰੇਡਿੰਗ ਕਰਨ ਲਈ ਕਿਹਾ ਗਿਆ, ਜਿਸ ਵਿਚ ਮੇਰੇ ਵੱਖ-ਵੱਖ ਖਾਤਿਆਂ 'ਚੋਂ ਪੈਸੇ ਜਮ੍ਹਾਂ ਕਰਵਾ ਲਏ ਗਏ। ਕੁੱਝ ਦਿਨਾਂ ਬਾਅਦ ਜਦੋਂ ਮੈਂ ਆਪਣੀ ਬਣਦੀ ਰਕਮ ਦੇਣ ਲਈ ਕਿਹਾ ਤਾਂ ਇਨ੍ਹਾਂ ਨੇ ਮੇਰੇ ਤੋਂ ਹੋਰ ਪੈਸਿਆਂ ਦੀ ਮੰਗ ਕੀਤੀ, ਜਿਨ੍ਹਾਂ ਨਾਮਾਲੂਮ ਨੇ ਹੁਣ ਤੱਕ ਮੇਰੇ ਨਾਲ 7500000 ਲੱਖ ਦੀ ਠੱਗੀ ਮਾਰੀ ਹੈ।

# ਵਿਆਹ ਤੋਂ ਪਰਤ ਰਹੇ ਤਿੰਨ ਦੋਸਤਾਂ ਦੀ ਸੜਕ ਹਾਦਸੇ 'ਚ ਮੌਤ, ਇਕ ਦੀ ਹਾਲਤ ਗੰਭੀਰ

ਚਰਖੀ ਦਾਦਰੀ 22 ਅਪ੍ਰੈਲ। ਹਰਿਆਣਾ ਦੇ ਚਰਖੀ ਦਾਦਰੀ ਜਿ਼ਲ੍ਹੇ ਦੇ ਪਿੰਡ ਇਮਲੋਟਾ ਨੇੜੇ ਵਿਆਹ ਸਮਾਰੋਹ ਤੋਂ ਪਰਤ ਰਹੇ ਨੌਜਵਾਨਾਂ ਦੀ ਕਾਰ ਖੜ੍ਹੇ ਟਰੱਕ ਨਾਲ ਟਕਰਾ ਗਈ। ਇਸ ਹਾਦਸੇ 'ਚ ਕਾਰ ਸਵਾਰ 3 ਦੋਸਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਇਕ ਗੰਭੀਰ ਰੂਪ ਨਾਲ ਜਖਮੀ ਹੋ ਗਿਆ। ਜਿਸ ਨੂੰ ਮੁੱਢਲੇ ਇਲਾਜ ਮਗਰੋਂ ਰੋਹਤਕ ਪੀ. ਜੀ. ਆਈ. ਰੈਫਰ ਕਰ ਦਿੱਤਾ ਗਿਆ। ਪੁਲਸ ਮਾਮਲੇ ਦੀ ਕਾਰਵਾਈ ਵਿਚ ਜੁੱਟੀ ਹੋਈ ਹੈ। ਜਾਣਕਾਰੀ ਮੁਤਾਬਕ ਪਿੰਡ ਇਮਲੋਟਾ ਵਾਸੀ ਪ੍ਰਦੀਪ, ਸਾਹਿਲ, ਦੀਪਕ ਅਤੇ ਖੇਮਚੰਦ ਇਹ ਚਾਰੋਂ ਦੋਸਤ ਝੱਜਰ ਜਿ਼ਲ੍ਹੇ 'ਚ ਇਕ ਵਿਆਹ ਸਮਾਰੋਹ ਵਿਚ ਸ਼ਾਮਲ ਹੋਣ ਲਈ ਗਏ ਸਨ। ਸਮਾਰੋਹ ਵਿਚ ਸ਼ਿਰਕਤ ਕਰਨ ਮਗਰੋਂ ਉਹ ਬੀਤੀ ਰਾਤ ਵਾਪਸ ਪਿੰਡ ਪਰਤ ਰਹੇ ਸਨ। ਇਸ ਦੌਰਾਨ ਪਿੰਡ ਇਮਲੋਟਾ ਤੋਂ ਥੋੜ੍ਹਾ ਪਹਿਲਾਂ ਸੜਕ 'ਤੇ ਟਰੱਕ ਖੜ੍ਹਾ ਸੀ, ਜਿਸ ਨਾਲ ਸਿਆਜ ਗੱਡੀ ਉੱਥੇ ਖੜ੍ਹੇ ਟਰੱਕ ਨਾਲ ਟਕਰਾ ਗਈ। ਮ੍ਰਿਤਕਾਂ ਦੀ ਪਛਾਣ ਇਮਲੋਟਾ ਵਾਸੀ ਹੋਈ ਹੈ। ਜਾਣਕਾਰੀ ਮੁਤਾਬਕ ਪਿੰਡ ਇਮਲੋਟਾ ਵਾਸੀ ਪ੍ਰਦੀਪ, ਸਾਹਿਲ, ਦੀਪਕ ਅਤੇ ਖੇਮਚੰਦ ਇਹ ਚਾਰੋਂ ਇੰਚਾਰਜ ਤੇਜਪਾਲ ਨੇ



ਸਾਹਿਲ 20, ਦੀਪਕ 27 ਅਤੇ ਖੇਮਚੰਦ 28 ਦੇ ਰੂਪ ਵਿਚ ਹੋਈ ਹੈ। ਥਾਣਾ ਰੋਹਤਕ ਪੀ. ਜੀ. ਆਈ. ਰੈਫਰ ਕਰ ਦਿੱਤਾ ਗਿਆ। ਪੁਲਸ ਮਾਮਲੇ ਦੀ ਕਾਰਵਾਈ ਵਿਚ ਜੁੱਟੀ ਦੱਸਿਆ ਕਿ ਰਾਤ ਕਰੀਬ ਦੋ-ਢਾਈ ਵਜੇ ਕਾਰ ਸਵਾਰ ਵਿਆਹ ਸਮਾਰੋਹ ਤੋਂ ਪਰਤ ਰਹੇ ਸਨ। ਇਸ ਦੌਰਾਨ ਸਾਹਮਣੇ ਤੋਂ ਲਾਈਟ ਪੈਣ ਕਾਰਨ ਉਨ੍ਹਾਂ ਦੀ ਕਾਰਨ ਸੜਕ 'ਤੇ ਖੜ੍ਹੇ ਇਕ ਟਰੱਕ ਨਾਲ ਟਕਰਾ ਗਈ, ਜਿਸ ਕਾਰਨ 3 ਲੋਕਾਂ ਦੀ ਮੌਤ ਹੋ ਗਈ ਅਤੇ ਇਕ ਗੰਭੀਰ ਰੂਪ ਨਾਲ ਜਖਮੀ ਹੋ ਗਿਆ।

# ਬਾਰਡਰ ਰੇਂਜ 'ਚ ਪੁਲਸ ਦੀ ਵੱਡੀ ਕਾਰਵਾਈ, ਇਨ੍ਹਾਂ ਜਿਲ੍ਹਿਆਂ 'ਚ ਹਥਿਆਰ ਤੇ ਨਸ਼ੀਲੇ ਪ੍ਰਦਾਰਥ ਨਾਲ 197 ਗ੍ਰਿਫਤਾਰ

ਅੰਮ੍ਰਿਤਸਰ 22 ਅਪ੍ਰੈਲ। ਪਿਛਲੇ 10 ਦਿਨਾਂ ਦੀ ਕਾਰਵਾਈ ਦੌਰਾਨ ਅੰਮ੍ਰਿਤਸਰ ਬਾਰਡਰ ਰੇਂਜ ਪੁਲਸ ਨੇ ਬਾਰਡਰ ਰੇਂਜ ਅਧੀਨ ਆਉਂਦੇ ਸਮੂਹ ਪੁਲਸ ਜਿ਼ਲਿਆਂ ਦੇ ਅੰਦਰੂਨੀ ਅਤੇ ਬਾਹਰੀ ਖੇਤਰਾਂ ਵਿਚ ਭਾਰੀ ਛਾਪੇਮਾਰੀ ਕਰਦੇ ਹੋਏ ਨਸੀਲੇ ਪਦਾਰਥਾਂ ਦੀ ਸਪਲਾਈ ਲਾਈਨ ਤੋੜ ਦਿੱਤੀ ਅਤੇ ਕਈ ਥਾਵਾਂ 'ਤੇ ਛਾਪੇਮਾਰੀ ਕਰ ਕੇ ਨਾਜਾਇਜ ਸਰਾਬ ਬਰਾਮਦ ਕੀਤੀ ਹੈ। ਇਸ ਦੌਰਾਨ ਉਨ੍ਹਾਂ ਸਹਿਰੀ ਖੇਤਰਾਂ ਤੋਂ ਇਲਾਵਾ ਬਾਹਰੀ ਖੇਤਰਾਂ ਅਤੇ ਸੁੰਨਸਾਨ ਥਾਵਾਂ 'ਤੇ ਵੀ ਆਪਣੀ ਸੂਚਨਾ ਪ੍ਰਣਾਲੀ ਨੂੰ ਮਜਬੂਤ ਕੀਤਾ ਤਾਂ ਜੋ ਅਮਨ-ਕਾਨੂੰਨ ਦੇ ਮਾਮਲੇ ਵਿਚ ਕਿਸੇ ਕਿਸਮ ਦੀ ਕੋਈ ਕੁਤਾਹੀ ਜਾਂ ਕਮੀ ਨਾ ਰਹਿ ਸਕੇ। ਲੋਕਾਂ ਵਿਚ ਵਿਸਵਾਸ ਪੈਦਾ ਕਰਨ ਲਈ ਪੁਲਸ ਰਾਹੀਂ ਲੋਕਾਂ ਨੂੰ ਸੰਦੇਸ ਦਿੱਤਾ ਗਿਆ ਕਿ ਜੇਕਰ ਕੋਈ ਕਿਸੇ ਕਿਸਮ ਦੀ ਜਾਣਕਾਰੀ ਦਿੰਦਾ ਹੈ ਤਾਂ ਉਸ ਦਾ ਨਾਮ ਹਰ ਤਰ੍ਹਾਂ ਨਾਲ ਗੁਪਤ ਰੱਖਿਆ ਜਾਵੇ। ਦੱਸਿਆ ਜਾਂਦਾ ਹੈ ਕਿ ਇਸ ਵਾਰ ਆਮ ਲੋਕਾਂ ਨੇ ਵੀ ਪੁਲਸ ਨੂੰ ਪੂਰਾ ਸਹਿਯੋਗ ਦਿੱਤਾ। ਬਾਰਡਰ ਰੇਂਜ ਦੇ ਆਈ. ਪੀ. ਐੱਸ. ਅਧਿਕਾਰੀ ਡੀ. ਆਈ. ਜੀ. ਰਾਕੇਸ ਕੌਸਲ ਨੇ ਚੋਣ ਕਮਿਸਨ ਅਤੇ ਡੀ. ਜੀ. ਪੀ. ਦੀਆਂ ਹਦਾਇਤਾਂ 'ਤੇ ਬਾਰਡਰ ਰੇਂਜ ਦੇ ਚਾਰ ਪੁਲਸ ਜਿ਼ਲ੍ਹਿਆਂ ਅੰਮ੍ਰਿਤਸਰ ਦਿਹਾਤੀ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਦੇ ਵੱਖ-ਵੱਖ ਥਾਣਿਆਂ ਵਿਚ 112 ਕੇਸ ਦਰਜ ਕਰ ਕੇ ਨਾਜਾਇਜ ਹਥਿਆਰਾਂ, ਨਾਰਕੋ, ਪੀ. ਓ. , ਸਰਾਬ ਸਮੇਤ 197 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੇਖਣ ਵਿਚ ਆਇਆ ਹੈ ਕਿ ਸ਼ਰਾਬ ਸਮੱਗਲਰਾਂ ਨੇ ਪਿਛਲੇ ਦਿਨੀਂ ਬਾਰਡਰ ਰੇਂਜ ਦੀ ਪੁਲਸ ਨੇ ਗੰਦੇ ਨਾਲਿਆਂ, ਡਰੇਨਾਂ ਅਤੇ ਨਹਿਰਾਂ ਦੇ ਕੰਢਿਆਂ 'ਤੇ ਸਰਾਬ ਛੁਪਾਉਣ ਲਈ ਅੱਡੇ ਬਣਾਏ ਹੋਏ ਸਨ। ਪੁਲਸ ਨੇ ਇਨ੍ਹਾਂ ਥਾਵਾਂ 'ਤੇ ਛਾਪੇਮਾਰੀ ਕਰਨ ਅਤੇ ਸਮੱਗਲਰਾਂ ਦੇ ਟਿਕਾਣਿਆਂ ਦਾ ਪਤਾ



ਲਗਾਉਣ ਲਈ ਕਿਸਤੀਆਂ ਦੀ ਵਰਤੋਂ ਵੀ ਕੀਤੀ। ਇਸ ਵਾਰ ਪਤਾ ਲੱਗਾ ਹੈ ਕਿ ਸਮੱਗਲਰਾਂ ਨੇ ਜਮੀਨ ਵਿਚ ਖੁਦਾਈ ਕਰ ਕੇ ਭਾਰੀ ਮਾਤਰਾ ਵਿਚ ਸਰਾਬ ਛੁਪਾ ਕੇ ਰੱਖੀ ਸੀ। ਇਸ ਲਈ ਪੁਲਸ ਨੇ ਵਿਸੇਸ ਤੌਰ 'ਤੇ ਮਾਹਿਰ ਲੋਕਾਂ ਨੂੰ ਬੁਲਾਇਆ ਸੀ, ਜੋ ਜਮੀਨ ਵਿਚ ਛੁਪੀ ਹੋਈ ਸਰਾਬ ਦਾ ਪਤਾ ਲਗਾ ਲੈਂਦੇ ਸਨ। ਜਿ਼ਆਦਾਤਰ ਸਰਾਬ ਦੇ ਸਮੱਗਲਰ ਸਰਾਬ ਨੂੰ ਪੱਥਰੀਲੇ ਕਿਨਾਰਿਆਂ 'ਤੇ ਦੱਬ ਦਿੰਦੇ ਹਨ, ਕਿਉਂਕਿ ਇੱਥੋਂ ਦੀ ਜਮੀਨ ਨਰਮ ਹੁੰਦੀ ਹੈ। ਇਸ ਨੂੰ ਸਟੋਰ ਕਰਨਾ, ਰੱਖਣਾ ਅਤੇ ਖੋਦਣਾ ਆਸਾਨ ਹੈ। ਅਜਿਹੀ ਹੀ ਛੁਪੀ ਹੋਈ ਸਰਾਬ ਦੇ ਮਾਮਲੇ ਵਿਚ ਵੀ ਪੁਲਸ ਨੂੰ ਸਫਲਤਾ ਮਿਲੀ ਹੈ। ਡੀ. ਆਈ. ਜੀ. ਬਾਰਡਰ ਰੇਂਜ ਰਾਕੇਸ ਕੌਸਲ ਨੇ ਸਾਰੇ ਜਿ਼ਲਿਆਂ ਦੇ ਐੱਸ. ਐੱਸ. ਪੀਜ ਨੂੰ ਹਦਾਇਤ ਕੀਤੀ ਹੈ ਕਿ ਉਹ ਆਪੋ-ਆਪਣੇ ਖੇਤਰਾਂ ਵਿਚ ਨਸਾ ਵੇਚਣ ਵਾਲੇ ਵਿਅਕਤੀਆਂ 'ਤੇ ਪਕੜ ਬਣਾਈ ਰੱਖਣ ਤਾਂ ਜੋ ਚੋਣਾਂ ਦੇ ਦਿਨਾਂ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ ਨਾ ਆਵੇ। ਇਸ ਤੋਂ ਇਲਾਵਾ ਹਰ ਤਰ੍ਹਾਂ ਦੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਨ ਦੇ ਨਿਰਦੇਸ ਦਿੱਤੇ ਹਨ। 10 ਦਿਨਾਂ ਦੇ ਥੋੜ੍ਹੇ ਸਮੇਂ ਵਿਚ ਹੀ ਬਾਰਡਰ ਰੇਂਜ ਦੀ ਪੁਲਸ ਨੇ ਨਾਜਾਇਜ ਸਰਾਬ ਦੇ ਧੰਦੇ ਵਿਚ ਸਾਮਲ ਲੋਕਾਂ ਖਿ਼ਲਾਫ ਸਖਤ ਕਾਰਵਾਈ ਕਰਦੇ ਹੋਏ 82 ਕੇਸ ਦਰਜ ਕਰ ਕੇ ਸਾਰਿਆਂ ਨੂੰ ਗ੍ਰਿਫਤਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੂੰ ਹਦਾਇਤ ਕੀਤੀ ਗਈ ਹੈ ਕਿ ਚੋਣਾਂ ਦੇ ਦਿਨਾਂ ਦੌਰਾਨ ਅੰਦਰੂਨੀ ਜਾਂ ਬਾਹਰੀ ਖੇਤਰਾਂ ਤੋਂ ਕਿਸੇ ਵੀ ਕਿਸਮ ਦੀ ਨਾਜਾਇਜ ਸਰਾਬ ਦੀ ਸਪਲਾਈ ਨਾ ਹੋਣ ਦਿੱਤੀ ਜਾਵੇ, ਕਿਉਂਕਿ ਚੋਣਾਂ ਦੌਰਾਨ ਇਸ ਦੀ ਦੁਰਵਰਤੋਂ ਜਾਂ ਲੜਾਈ-ਝਗੜੇ ਹੋਣ ਦਾ ਖਤਰਾ ਹੈ। ਪੁਲਸ ਟੀਮਾਂ ਨੇ 11.89 ਲੱਖ ਮਿ. ਲੀ. ਨਾਜਾਇਜ ਸਰਾਬ ਦਾ ਮਟੀਰੀਅਲ ਤੇਜਾਬ ਬਰਾਮਦ ਕੀਤਾ, ਉਥੇ ਤਿਆਰ ਸ਼ਰਾਬ 1.03 ਲੱਖ ਐੱਮ. ਐੱਲ. ਬਰਾਮਦ ਹੋਈ। ਇਸ ਤੋਂ ਇਲਾਵਾ 9180 ਲੀਟਰ ਲਾਹਣ ਅਤੇ 4 ਚਾਲੂ ਭੱਠੀਆਂ ਬਰਾਮਦ ਕੀਤੀਆ ਹਨ। ਨਸੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਖਿ਼ਲਾਫ ਸਖਤ ਕਾਰਵਾਈ ਕਰਦਿਆਂ ਪੁਲਸ ਨੇ 2.5 ਕਿਲੋ ਚਰਸ, 1 ਕਿਲੋ 644 ਗ੍ਰਾਮ ਹੈਰੋਇਨ, 36.5 ਕਿਲੋ ਭੁੱਕੀ ਅਤੇ 1 ਲੱਖ 28 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਸਬੰਧੀ ਪੁਲਸ ਨੇ 25 ਕੇਸ ਦਰਜ ਕਰ ਕੇ 34 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਬਾਰਡਰ ਰੇਂਜ ਪੁਲਸ ਨੇ 32 ਬੋਰ ਦੇ 4 ਪਿਸਤੌਲ ਅਤੇ ਇੱਕ 9 ਐੱਮ. ਐੱਮ. 4 ਮੈਗਜੀਨਾਂ ਸਮੇਤ 14 ਜਿ਼ੰਦਾ ਰੌਂਦ ਬਰਾਮਦ ਕੀਤੇ ਹਨ। ਪੁਲਸ ਨੇ ਇਨ੍ਹਾਂ ਮਾਮਲਿਆਂ ਵਿਚ 4 ਕੇਸ ਦਰਜ ਕਰ ਕੇ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਬਾਰਡਰ ਰੇਂਜ ਦੀ ਪੁਲਸ ਨੇ ਵੱਖ-ਵੱਖ ਮਾਮਲਿਆਂ ਵਿੱਚ ਲੋੜੀਂਦੇ 72 ਭਗੌੜੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੂੰ ਭਗੌੜਾ ਐਲਾਨਿਆ ਗਿਆ ਸੀ। ਦੱਸਣਯੋਗ ਹੈ ਕਿ ਇਸ ਤੋਂ 15 ਦਿਨ ਪਹਿਲਾਂ 102 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜੋ ਵੱਖ-ਵੱਖ ਮਾਮਲਿਆਂ ਵਿਚ ਪੁਲਸ ਨੂੰ ਲੋੜੀਂਦੇ ਸਨ। ਚੋਣਾਂ ਦੇ ਦਿਨਾਂ ਦੌਰਾਨ ਪੁਲਸ ਨੂੰ ਲੋਕਾਂ ਨੂੰ ਹਥਿਆਰ ਜਮ੍ਹਾਂ ਕਰਾਉਣ ਵਿੱਚ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਬਾਰਡਰ ਰੇਂਜ ਪੁਲਸ ਨੇ ਇਸ ਵਿਚ ਮੁਸਤੈਦ ਹੋ ਕੇ 84.35 ਫੀਸਦੀ ਹਥਿਆਰ ਇਕੱਠੇ ਕਰ ਲਏ ਹਨ। ਦੱਸਿਆ ਜਾਂਦਾ ਹੈ ਕਿ ਸਰਹੱਦੀ ਰੇਂਜ ਵਿਚ ਲਾਇਸੈਂਸੀ ਵਿਅਕਤੀਆਂ ਕੋਲ ਕੁੱਲ 51 ਹਜਾਰ 711 ਹਥਿਆਰ ਮੌਜੂਦ ਹਨ, ਜਿਨ੍ਹਾਂ ਵਿੱਚੋਂ ਪੁਲਸ ਕੋਲ 42638 ਹਥਿਆਰ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਧੀ ਨੂੰ ਹੋ ਰਿਹਾ ਸੀ ਢਿੱਡ 'ਚ ਦਰਦ, ਦਵਾਈ ਦਿਵਾਉਣ ਗਈ ਮਾਂ ਨੂੰ ਡਾਕਟਰ ਨੇ ਜੋ ਦੱਸਿਆ, ਪੈਰਾਂ ਹੇਠੋਂ ਖ਼ਿਸਕੀ ਜਮੀਨ

ਫਾਜ਼ਿਲਕਾ 22 ਅਪ੍ਰੈਲ। ਇੱਥੇ ਫਾਜ਼ਿਲਕਾ ਦੇ ਪਿੰਡ ਸੈਦੋ ਕੇ ਹਿਠਾੜ ਵਿਖੇ ਕਾਲਜ 'ਚ ਪੜ੍ਹਦੀ ਇਕ ਕੁੜੀ ਨਾਲ ਜਬਰ-ਜ਼ਿਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਕੁੜੀ ਨੂੰ ਢਿੱਡ 'ਚ ਦਰਦ ਹੋਇਆ ਤਾਂ ਹਸਪਤਾਲ 'ਚ ਚੈੱਕਅਪ ਦੌਰਾਨ ਉਹ 5 ਮਹੀਨਿਆਂ ਦੀ ਗਰਭਵਤੀ ਨਿਕਲੀ। ਫਿਲਹਾਲ ਪੁਲਸ ਨੇ ਇਸ ਮਾਮਲੇ ਸਬੰਧੀ 2 ਨੌਜਵਾਨਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੀੜਤਾ ਨੇ ਦੱਸਿਆ ਕਿ ਬੀਤੇ ਜਨਵਰੀ ਮਹੀਨੇ ਦੌਰਾਨ ਜਦੋਂ ਉਹ ਇਕ ਦਿਨ ਕਾਲਜ ਤੋਂ ਵਾਪਸ ਆ ਰਹੀ ਸੀ ਤਾਂ ਪਿੰਡ ਦੇ 2 ਨੌਜਵਾਨਾਂ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਅਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਹੁਣ ਜਦੋਂ ਕੁੜੀ ਦੇ ਢਿੱਡ 'ਚ ਦਰਦ ਹੋਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਪੀੜਤਾ 5 ਮਹੀਨਿਆਂ ਦੀ ਗਰਭਵਤੀ ਹੈ। ਇਹ ਸੱਚਾਈ ਜਾਣ ਕੇ ਪੀੜਤਾ ਦੀ ਮਾਂ ਬੁਰੀ ਤਰ੍ਹਾਂ ਟੁੱਟ ਗਈ। ਉਸ ਨੇ ਰੋਂਦੇ ਹੋਇਆ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਇਕ ਬੱਚੇ ਨੂੰ ਕੈਂਸਰ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨਾਲ ਜੋ ਵੀ ਹੋਇਆ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਹਾਲ ਸਦਰ ਥਾਣਾ ਪੁਲਸ ਨੇ ਇਸ ਮਾਮਲੇ 'ਚ 2 ਨੌਜਵਾਨਾਂ ਖ਼ਿਲਾਫ ਜਬਰ-ਜ਼ਿਨਾਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਐੱਸ. ਐੱਚ. ਓ. ਪਰਮਜੀਤ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਚੌਗਿਰਦੇ ਦੀ ਸੰਭਾਲ ਲਈ ਪੰਚਾਇਤ ਦਾ ਅਨੋਖਾ ਉੱਦਮ, 'ਪਲਾਸਟਿਕ ਲਿਆਓ, ਗੁੜ-ਖੰਡ ਲੈ ਜਾਓ'

ਬਰਨਾਲਾ 22 ਅਪ੍ਰੈਲ। ਪਿੰਡ ਭੈਣੀ ਮਹਿਰਾਜ ਦੀ ਗ੍ਰਾਮ ਪੰਚਾਇਤ ਨੇ ਚੌਗਿਰਦੇ ਦੀ ਸੰਭਾਲ ਲਈ ਉੱਦਮ ਕਰਦਿਆਂ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਕਲਪ ਲੈਂਦਿਆਂ 'ਪਲਾਸਟਿਕ ਕੂੜਾ ਲਿਆਓ, ਗੁੜ-ਖੰਡ ਲੈ ਜਾਓ' ਦਾ ਨਾਅਰਾ ਦਿੱਤਾ ਹੈ। ਪਿੰਡ ਦੀ ਸੱਥ 'ਚ ਕੀਤੇ ਗਏ ਆਮ ਇਜਲਾਸ 'ਚ ਪਿੰਡ ਦੀ ਵਿਉਂਤਬੰਦੀ ਦਾ ਖਾਕਾ ਗ੍ਰਾਮ ਸਭਾ ਦੇ ਮੈਂਬਰਾਂ ਨੇ ਖੁਦ ਉਲੀਕਿਆ। ਔਰਤਾਂ ਦੀ ਭਰਵੀਂ ਹਾਜਰੀ ਵਾਲੇ ਆਮ ਇਜਲਾਸ ਦੀ ਪ੍ਰਧਾਨਗੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਵੀ ਹਾਜਰ ਰਹੇ। ਇਸ ਮੌਕੇ ਪਿੰਡ ਦੇ ਮੋਹਤਬਰ ਆਗੂ ਗਗਨਦੀਪ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦੇ ਉਦੇਸ਼ ਨਾਲ ਜੋ ਪਿੰਡ ਵਾਸੀ ਪੰਚਾਇਤ ਨੂੰ ਪਲਾਸਟਿਕ ਕਚਰਾ ਦੇਣਗੇ, ਉਸ ਬਦਲੇ ਮੁਫਤ 'ਚ ਗੁੜ ਜਾਂ ਖੰਡ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਰਜ ਦੀ ਸ਼ੁਰੂਆਤ 2 ਜੁਲਾਈ ਤੋਂ ਕੀਤੀ ਜਾਵੇਗੀ, ਹਰ ਤਿੰਨ ਮਹੀਨਿਆਂ ਬਾਅਦ ਲੋਕਾਂ ਤੋਂ ਪਲਾਸਟਿਕ ਕਚਰਾ ਲਿਆ ਜਾਵੇਗਾ। ਇਸ ਤੋਂ ਇਲਾਵਾ ਔਰਤਾਂ ਦੇ ਸਸਕਤੀਕਰਨ ਲਈ ਕਦਮ ਵਧਾਉਂਦੇ ਹੋਏ ਲਿੰਗ ਸਮਾਨਤਾ, ਔਰਤਾਂ ਨੂੰ ਬਰਾਬਰ ਦੇ



ਮੌਕੇ ਮੁਹੱਈਆ ਕਰਨਾ, ਔਰਤਾਂ ਤੇ ਕੁੜੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਆਦਿ ਬਾਰੇ ਮਤੇ ਪਾਸ ਕੀਤੇ ਗਏ। ਗੁਰਪ੍ਰੀਤ ਸਿੰਘ ਪੰਚਾਇਤ ਸਕੱਤਰ ਨੇ ਸਾਲ 2022-23 ਦੌਰਾਨ ਦਾ ਆਮਦਨ ਤੇ ਖਰਚ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਆਮ ਇਜਲਾਸ 'ਚ ਪਾਸ ਕੀਤੇ ਗਏ ਮਤਿਆਂ 'ਚ ਛੱਪੜਾਂ ਦੇ ਗੰਦੇ ਪਾਣੀ ਦੇ ਹੱਲ ਲਈ ਥਾਪਰ ਮਾਡਲ ਦਾ ਨਿਰਮਾਣ ਕਰਨਾ, ਠੋਸ ਕੂੜਾ ਪ੍ਰਬੰਧਨ ਤਹਿਤ ਪਿਟ, ਸ਼ੈੱਡ ਤੇ ਚਾਰਦੀਵਾਰੀ, ਸੁੱਕੇ-ਗਿੱਲੇ ਕੂੜੇ ਲਈ ਕੂੜੇਦਾਨ, ਮੀਂਹ ਦੇ ਪਾਣੀ ਦੀ ਸੰਭਾਲ ਲਈ ਸਾਂਝੀਆਂ ਥਾਵਾਂ 'ਤੇ ਰੇਨ ਵਾਟਰ ਰੀਚਾਰਜ ਪਿਟ, ਕਮਿਊਨਿਟੀ ਹਾਲ ਤੇ ਲਾਇਬ੍ਰੇਰੀ ਇਮਾਰਤ ਦੀ ਉਸਾਰੀ, ਬੱਸ ਸਟੈਂਡ, ਹੈਲਥ ਡਿਸਪੈਂਸਰੀ ਦੀ ਇਮਾਰਤ, ਪਾਰਕ ਦਾ ਨਿਰਮਾਣ, ਮਹਿਲਾ ਸਭਾ ਦਾ ਗਠਨ, ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਚੋਣ, ਮਿੰਨੀ ਜੰਗਲ ਤੇ ਸਾਂਝੀਆਂ ਥਾਂਵਾਂ 'ਤੇ ਬੂਟੇ ਲਾਉਣਾ ਅਤੇ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਦੇ ਮਤੇ ਸ਼ਾਮਲ ਕੀਤੇ ਗਏ। ਇਸ ਮੌਕੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਾਜੈਕਟਾਂ ਤੋਂ ਜਾਣੂ ਕਰਵਾਇਆ ਤੇ ਕਿਹਾ ਕਿ ਪਿੰਡਾ ਦੇ ਲੋਕ ਗ੍ਰਾਮ ਸਭਾ ਦੇ ਆਮ ਇਜਲਾਸ 'ਚ ਖੁਦ ਆਪਣੇ ਪਿੰਡ ਦੇ ਵਿਕਾਸ ਦੀ ਯੋਜਨਾ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸਰਕਾਰ ਪਿੰਡਾਂ ਦੀ ਕਾਇਆ-ਕਲਪ ਲਈ ਸਿੱਖਿਆ, ਸਿਹਤ ਸੇਵਾਵਾਂ , ਵਾਤਾਵਰਣ ਅਤੇ ਖੇਡਾਂ ਲਈ ਆਧੁਨਿਕ ਖੇਡ ਮੈਦਾਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਮੰਤਰੀ ਮੀਤ ਹੇਅਰ ਦੇ ਨਿਰਦੇਸਾਂ ਤਹਿਤ ਪਿੰਡਾਂ ਨੂੰ ਵਾਤਵਰਣ ਪੱਖੀ ਯਤਨਾਂ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਿਕਾਊ ਵਿਕਾਸ ਦੇ 9 ਟੀਚਿਆਂ ਬਾਰੇ ਗ੍ਰਾਮ ਸਭਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸਭਾ ਦੇ ਮੈਂਬਰਾਂ ਨੇ ਟਿਕਾਊ ਵਿਕਾਸ ਦੇ ਦੋ ਥੀਮ 'ਚੰਗੇ ਸ਼ਾਸਨ ਵਾਲਾ ਪਿੰਡ' ਅਤੇ 'ਮਹਿਲਾਵਾਂ ਦੇ ਅਨੁਕੂਲ ਪਿੰਡ ਦੇ ਟੀਚਿਆਂ 'ਤੇ' ਕੰਮ ਕਰਨ ਦਾ ਸੰਕਲਪ ਲਿਆ। ਗ੍ਰਾਮ ਸਭਾ ਦੇ ਇਜਲਾਸ 'ਚ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ, ਪਰਮਜੀਤ ਭੁੱਲਰ ਵੀਡੀਓ, ਸਿਹਤ ਵਿਭਾਗ ਤੋਂ ਮਲਕੀਤ ਸਿੰਘ, ਪਸੂ ਪਾਲਣ ਵਿਭਾਗ ਦੇ ਕਰਮਚਾਰੀ ਗੁਰਮੇਲ ਸਿੰਘ, ਰਾਊਂਡ ਗਲਾਸ ਸੰਸਥਾ ਦੇ ਪ੍ਰੇਮਜੀਤ ਸਿੰਘ, ਪੰਚ ਜਰਨੈਲ ਸਿੰਘ, ਹਰਮੇਲ ਸਿੰਘ ਤੇ ਡਾਕਟਰ ਨਛੱਤਰ ਸਿੰਘ ਆਦਿ ਹਾਜਰ ਸਨ।

# ਆਹਮੋ-ਸਾਹਮਣੇ ਹੋਈ ਟੱਕਰ 'ਚ ਟਰੱਕਾਂ ਦੇ ਉੱਡੇ ਚਿੱਥੜੇ, ਇਕ ਦੀ ਦਰਦਨਾਕ ਮੌਤ

ਨੂਰਪੁਰਬੇਦੀ 22 ਅਪ੍ਰੈਲ। ਬੀਤੀ ਅੱਧੀ ਰਾਤ ਨੂੰ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ 'ਤੇ ਸਥਿਤ ਪਿੰਡ ਸੈਦਪੁਰ ਨੇੜੇ ਗੁਜ਼ਰਦੇ ਸਤਲੁਜ ਦਰਿਆ 'ਤੇ ਪੈਂਦੇ ਵੱਡੇ ਪੁਲ ਉੱਪਰ 2 ਟਰੱਕਾਂ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ 'ਚ ਇਕ ਟਰੱਕ ਦੇ ਚਾਲਕ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਜਖਮੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐੱਚ. ਪੀ.-72-5277 ਦਾ ਚਾਲਕ/ਮਾਲਕ ਅਸ਼ੋਕ ਕੁਮਾਰ ਪ੍ਰਮਾਣੂ (ਹਿਮਾਚਲ ਪ੍ਰਦੇਸ਼) ਵਿਖੇ ਆਪਣੀ ਗੱਡੀ ਖਾਲ੍ਹੀ ਕਰਕੇ ਘਰ ਪਰਤ ਰਿਹਾ ਸੀ। ਜਦੋਂ ਉਹ ਪਿੰਡ ਸੈਦਪੁਰ ਨੇੜੇ ਸਤਲੁਜ ਦਰਿਆ 'ਤੇ ਬਣੇ ਵੱਡੇ ਪੁੱਲ 'ਤੇ ਪਹੁੰਚਿਆ ਤਾਂ ਸਾਹਮਣੇ ਦੀ ਦਿਸ਼ਾ ਤੋਂ ਆ ਰਹੇ ਟਰੱਕ ਨੰਬਰ ਐੱਚ. ਪੀ.-12ਬੀ 8581 ਦੇ ਚਾਲਕ ਨੇ ਕਿਸੇ ਨਾਮਲੂਮ ਵਾਹਨ ਨੂੰ ਕਰਾਸ ਕਰਦੇ ਸਮੇਂ ਅਣਗਹਿਲੀ ਨਾਲ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਮਾਰ ਦਿੱਤਾ। ਇਸ ਦੌਰਾਨ ਹੋਈ ਜਬਰਦਸਤ ਟੱਕਰ 'ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨ੍ਹਾਂ ਨੂੰ




ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਇਸ ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਨਾ ਹਰੌਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦਕਿ ਦੂਸਰੇ ਟਰੱਕ ਦੇ ਚਾਲਕ ਜਿਸਦੀ ਹਸਪਤਾਲ ਦੇ ਰਿਕਾਰਡ ਮੁਤਾਬਿਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ. ਜੀ. ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ 'ਚ ਦੋਵੇਂ ਟਰੱਕ ਬੁਰੀ ਤਰ੍ਹਾਂ ਨੁਕਸਾਨੇ ਗਏ। ਪੁਲਸ ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਸ਼ਮਸ਼ੇਰ ਸਿੰਘ ਪੁੱਤਰ ਮਨਸਾ ਰਾਮ ਦੇ ਬਿਆਨਾਂ 'ਤੇ ਦੂਸਰੇ ਟਰੱਕ ਦੇ ਚਾਲਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਖ਼ਿਲਾਫ ਧਾਰਾ 279, 304-ਏ ਅਤੇ 427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ ਹੈ।

# ਬਰਤਾਨੀਆ ਤੋਂ ਆਯਾਤ ਕਾਰਾਂ ਹੋਣਗੀਆਂ ਸਸਤੀਆਂ ! 'ਤੇ ਦਰਾਮਦ ਟੈਕਸ ਘਟਾਉਣ ਦੀ ਤਿਆਰੀ 'ਚ ਸਰਕਾਰ

ਲੰਡਨ 22 ਅਪ੍ਰੈਲ। ਭਾਰਤ ਨੇ ਬ੍ਰਿਟੇਨ ਤੋਂ ਦਰਾਮਦ ਕੀਤੇ ਜਾਣ ਵਾਲੇ ਕੁਝ ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਡਿਊਟੀ ਘਟਾਉਣ ਦਾ ਪ੍ਰਸਤਾਵ ਦਿੱਤਾ ਹੈ। ਬਲੂਮਬਰਗ ਦੀ ਇਕ ਰਿਪੋਰਟ ਮੁਤਾਬਕ ਭਾਰਤ ਨੇ ਇਸ ਸਾਲ ਦੇ ਅੰਤ ਤੱਕ ਬ੍ਰਿਟੇਨ ਨਾਲ ਮੁਕਤ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਬ੍ਰਿਟੇਨ ਤੋਂ ਦਰਾਮਦ ਕੀਤੇ ਜਾਣ ਵਾਲੇ ਕੁਝ ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਡਿਊਟੀ ਘਟਾਉਣ ਦਾ ਪ੍ਰਸਤਾਵ ਰੱਖਿਆ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਬਰਤਾਨੀਆ ਤੋਂ 80,000 ਡਾਲਰ ਸਾਲਾਨਾ ਤੋਂ ਵੱਧ ਦੀ ਲਾਗਤ ਵਾਲੇ 2,500 ਇਲੈਕਟ੍ਰਿਕ ਵਾਹਨਾਂ 'ਤੇ 30 ਫੀਸਦੀ ਰਿਆਇਤੀ ਟੈਰਿਫ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਭਾਰਤ ਮੌਜੂਦਾ ਸਮੇਂ 'ਚ ਪੂਰੀ ਤਰ੍ਹਾਂ ਨਾਲ ਬਣੀਆਂ ਇਕਾਈਆਂ ਦੇ ਤੌਰ 'ਤੇ ਆਯਾਤ ਕੀਤੀਆਂ ਕਾਰਾਂ 'ਤੇ 70 ਤੋਂ 100 ਫੀਸਦੀ ਦੇ ਵਿਚਕਾਰ ਡਿਊਟੀ




ਲਗਾਉਂਦਾ ਹੈ, ਜੋ ਉਨ੍ਹਾਂ ਦੇ ਮੁੱਲ 'ਤੇ ਨਿਰਭਰ ਕਰਦਾ ਹੈ। ਇਲੈਕਟ੍ਰਿਕ ਵਾਹਨਾਂ 'ਤੇ ਦਰਾਮਦ ਰਿਆਇਤਾਂ ਦੀ ਬ੍ਰਿਟੇਨ ਦੀ ਮੰਗ ਉਨ੍ਹਾਂ ਮੁੱਦਿਆਂ 'ਚੋਂ ਇਕ ਹੈ, ਜਿਸ 'ਤੇ ਭਾਰਤ ਅਜੇ ਤੱਕ ਸਹਿਮਤ ਨਹੀਂ ਹੋਇਆ ਹੈ। ਬਲੂਮਬਰਗ ਨੇ ਪਹਿਲਾਂ ਖਬਰ ਦਿੱਤੀ ਸੀ ਕਿ ਬ੍ਰਿਟਿਸ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਮਹੀਨੇ ਦੇ ਅੰਤ ਤੱਕ ਸਮਝੌਤੇ ਨੂੰ ਅੰਤਿਮ ਰੂਪ ਦੇ ਸਕਦੇ ਹਨ, ਪਰ ਹੁਣ ਦਸੰਬਰ ਤੱਕ ਸਮਝੌਤੇ ਦਾ ਐਲਾਨ ਹੋਣ ਦੀ ਸੰਭਾਵਨਾ ਨਹੀਂ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ ਹੈ, ਜਿੱਥੇ ਮੱਧ ਵਰਗ ਅਤੇ ਅਮੀਰ ਖਰੀਦਦਾਰਾਂ ਵਿੱਚ ਇਲੈਕਟ੍ਰਿਕ ਵਾਹਨਾਂ ਦੀ ਮੰਗ ਵੱਧ ਰਹੀ ਹੈ। ਕਾਰਾਂ ਦੀ ਉੱਚ ਕੀਮਤ, ਵਿਕਲਪਾਂ ਦੀ ਘਾਟ ਅਤੇ ਚਾਰਜਿੰਗ ਸਟੇਸਨਾਂ ਦੀ ਕਮੀ ਨੇ ਦੇਸ ਵਿੱਚ ਈਵੀ ਨੂੰ ਅਪਣਾਉਣ ਵਿੱਚ ਰੁਕਾਵਟ ਪਾਈ ਹੈ। ਮਾਰਕੀਟ ਦੇ ਹਿੱਸੇ ਨੂੰ ਖੋਲ੍ਹਣ ਨਾਲ ਦੇਸ ਵਿੱਚ ਦੁਨੀਆ ਦੀ ਸਭ ਤੋਂ ਜਹਿਰੀਲੀ ਹਵਾ ਦੇ ਨਾਲ ਸਵੱਛ ਆਵਾਜਾਈ ਵਿੱਚ ਵੀ ਤੇਜੀ ਆ ਸਕਦੀ ਹੈ। ਮੋਦੀ ਸਰਕਾਰ ਈਵੀ ਆਯਾਤ 'ਤੇ ਸਾਵਧਾਨੀ ਨਾਲ ਕੰਮ ਕਰ ਰਹੀ ਹੈ ਕਿਉਂਕਿ ਉਹ ਇਲੈਕਟ੍ਰਿਕ ਵਾਹਨਾਂ ਅਤੇ ਪਾਰਟਸ ਲਈ ਘਰੇਲੂ ਨਿਰਮਾਣ ਉਦਯੋਗ ਨੂੰ ਵਧਾਉਣਾ ਚਾਹੁੰਦੀ ਹੈ। ਸਰਕਾਰ ਨੇ 2021 ਵਿੱਚ ਸਥਾਨਕ ਈਵੀ ਉਤਪਾਦਨ ਲਈ 3.1 ਬਿਲੀਅਨ ਡਾਲਰ ਉਤਪਾਦਨ-ਲਿੰਕਡ ਪ੍ਰੋਤਸਾਹਨ ਪ੍ਰੋਗਰਾਮ ਦੀ ਘੋਸਣਾ ਕੀਤੀ। ਬਲੂਮਬਰਗ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਈਵੀ ਆਯਾਤ ਟੈਕਸ 'ਤੇ ਅਜੇ ਭਾਰਤ ਦੇ ਪੱਖ ਤੋਂ ਅੰਤਿਮ ਫੈਸਲਾ ਲਿਆ ਜਾਣਾ ਬਾਕੀ ਹੈ। ਭਾਰਤ ਅਤੇ ਬ੍ਰਿਟੇਨ ਪਹਿਲਾਂ ਹੀ ਬ੍ਰਿਟਿਸ ਕਾਰਾਂ ਅਤੇ ਸਕਾਚ ਵਿਸਕੀ 'ਤੇ ਟੈਰਿਫ ਘਟਾਉਣ ਸਮੇਤ ਕਈ ਮੁੱਦਿਆਂ 'ਤੇ ਸਹਿਮਤ ਹੋ ਚੁੱਕੇ ਹਨ।

## ਸਿਖਲਾਈ ਕੈਂਪਾਂ ਰਾਹੀਂ ਕਿਸਾਨਾਂ ਨੂੰ ਫਸਲੀ ਬਦਲਾਅ ਲਈ ਪ੍ਰੇਰਿਤ ਕਰਨਾ ਸਰਕਾਰ ਦਾ ਮੁੱਖ ਉਦੇਸ਼

ਪਠਾਨਕੋਟ 22 ਅਪ੍ਰੈਲ। ਬਦਲ ਕੇ ਫਸਲ ਲਾਈਏ ਆਓ ਰੰਗਲਾ ਪੰਜਾਬ ਬਣਾਈਏ ਦੇ ਅਧੀਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੁਲਦੀਪ ਸਿੰਘ ਧਾਲੀਵਾਲ ਖੇਤੀਬਾੜੀ ਮੰਤਰੀ ਦੀ ਅਗਵਾਈ 'ਚ ਹੋ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਨਿਰਦੇਸ਼ਾਂ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਪਠਾਨਕੋਟ ਵੱਲੋਂ ਆਤਮਾ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਆ ਵਿਖੇ ਲਾਇਆ ਗਿਆ। ਸਿਖਲਾਈ ਕੈਂਪ ਦੌਰਾਨ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਮੁੱਖ ਮਹਿਮਾਨ ਵਜੋਂ



ਹਾਜਰ ਹੋਏ, ਜਿਨ੍ਹਾਂ ਨੂੰ ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਅਤੇ ਹੋਰ ਅਧਿਕਾਰੀਆਂ ਨੇ ਗੁਲਦਸਤੇ ਭੇਟ ਕਰ ਕੇ ਸਵਾਗਤ ਕੀਤਾ। ਉਪਰੰਤ ਮੁੱਖ ਮਹਿਮਾਨ ਨੇ ਰਿਬਨ ਕੱਟ ਕੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਅਵਤਾਰ ਸਿੰਘ ਸੰਯੁਕਤ ਡਾਇਰੈਕਟਰ ਖੇਤੀ ਬਾੜੀ (ਵਿਸਥਾਰ ਤੇ ਸਿਖਲਾਈ) ਵੀ ਹਾਜਰ ਸਨ। ਕੈਂਪ ਦੌਰਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਵਾਰ ਕਿਸਾਨ ਸਿਖਲਾਈ ਕੈਂਪ 'ਚ ਵਿਸ਼ੇਸ਼ ਗੱਲ ਇਹ ਦੇਖਣ ਨੂੰ ਮਿਲੀ ਕਿ ਕਿਸਾਨੀ ਕਿੱਤੇ ਨਾਲ ਜੁੜੀਆਂ ਔਰਤਾਂ ਵੀ ਭਾਰੀ ਸੰਖਿਆ 'ਚ ਕਿਸਾਨ ਜਾਗਰੂਕਤਾ ਮੇਲੇ 'ਚ ਸ਼ਾਮਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਚਿੰਤਾਂ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪਾਣੀ ਦਾ ਸਤਰ ਬਹੁਤ ਨੀਵਾਂ ਜਾ ਰਿਹਾ ਹੈ ਅਤੇ ਸਰਕਾਰ ਦਾ ਵੀ ਉਪਰਾਲਾ ਹੈ ਕਿ ਕਿਸਾਨ ਫਸਲਾ ਅੰਦਰ ਬਦਲਾਅ ਲਿਆ ਕੇ ਦਿਨ ਪ੍ਰਤੀ ਦਿਨ ਗਿਰ ਰਹੇ ਜਲ ਸਤਰ ਦੀ ਸੰਭਾਲ ਕਰਨ 'ਚ ਅਪਣਾ ਸਹਿਯੋਗ ਦੇ ਸਕਦੇ ਹਨ। ਮੁੱਖ ਅਫਸਰ ਡਾ. ਰਜਿੰਦਰ ਕੁਮਾਰ ਅਤੇ ਹੋਰ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਜੀ ਨੂੰ ਯਾਦਗਾਰ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਕੇ. ਵੀ. ਕੇ. ਘੋਹ ਤੋਂ ਡਿਪਟੀ ਡਾਇਰੈਕਟਰ ਡਾ. ਨਰਿੰਦਰਦੀਪ ਸਿੰਘ ਅਤੇ ਉਨ੍ਹਾਂ ਦੀ ਸਾਇੰਸਦਾਨਾਂ ਦੀ ਟੀਮ ਵੱਲੋਂ ਵਿਸ਼ੇਸ਼ ਜਾਣਕਾਰੀ ਦਿੱਤੀ ਗਈ।

## ਲੁਧਿਆਣਾ 'ਚ ਬੱਸਾਂ ਦਾ ਸਫਰ ਕਰਨ ਵਾਲਿਆਂ ਲਈ ਜਰੂਰੀ ਖਬਰ, ਇਸ ਚੌਂਕ 'ਚ ਨਹੀਂ ਹੋਵੇਗੀ ਐਂਟਰੀ

ਲੁਧਿਆਣਾ 22 ਅਪ੍ਰੈਲ। ਫਿਰੋਜਪੁਰ ਰੋਡ 'ਤੇ ਬਣ ਰਹੇ ਐਲੀਵੇਟਿਡ ਪ੍ਰਾਜੈਕਟ ਦੇ ਮੱਦੇਨਜਰ ਭਾਰਤ ਨਗਰ ਚੌਂਕ 'ਚ ਬੱਸਾਂ ਦੀ ਐਂਟਰੀ ਬੰਦ ਹੋਵੇਗੀ। ਸੋਮਵਾਰ ਅਤੇ ਮੰਗਲਵਾਰ ਨੂੰ ਇਸ ਦਾ ਟ੍ਰਾਇਲ ਸ਼ੁਰੂ ਕਰ ਦਿੱਤਾ ਗਿਆ ਹੈ। ਟ੍ਰਾਇਲ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਟ੍ਰੈਫਿਕ ਪੁਲਸ ਅਤੇ ਐੱਨ. ਐੱਚ. ਏ. ਆਈ. ਵੱਲੋਂ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ। ਯੋਜਨਾ ਦੇ ਤਹਿਤ ਸਮਰਾਲਾ ਚੌਂਕ ਤੋਂ ਲੈ ਕੇ ਫਿਰੋਜਪੁਰ ਰੋਡ ਚੁੰਗੀ ਤੱਕ ਐਲੀਵੇਟਿਡ ਪ੍ਰਾਜੈਕਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜਰ ਕਈ ਪੁਆਇੰਟਾਂ 'ਤੇ ਐਲੀਵੇਟਿਡ ਰੋਡ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ ਦਾ ਕੰਮ ਆਰਤੀ ਚੌਂਕ, ਭਾਈ ਵਾਲਾ ਚੌਂਕ, ਕਚਿਹਰੀ ਚੌਂਕ ਅਤੇ ਭਾਰਤ ਨਗਰ ਚੌਂਕ 'ਚ ਚੱਲ ਰਿਹਾ ਹੈ। ਭਾਰਤ ਨਗਰ ਚੌਂਕ 'ਚ ਬੱਸਾਂ ਦੀ ਆਵਾਜਾਈ ਦੇ ਚੱਲਦਿਆਂ ਕੰਮ ਪੂਰਾ ਕਰਨ 'ਚ ਦਿੱਕਤ ਪੇਸ਼ ਆ ਰਹੀ ਹੈ ਅਤੇ ਰੋਜਾਨਾ ਲੰਬੇ ਟ੍ਰੈਫਿਕ ਜਾਮ ਲੱਗ ਰਹੇ ਹਨ। ਬੱਸ ਅੱਡੇ ਤੋਂ ਭਾਰਤ ਨਗਰ ਚੌਂਕ 'ਚ ਰੋਜਾਨਾ 500 ਦੇ ਕਰੀਬ ਬੱਸਾਂ ਦੀ ਲਗਾਤਾਰ ਆਵਾਜਾਈ ਹੈ। ਇਸ ਦੇ ਲਈ ਟ੍ਰੈਫਿਕ ਪੁਲਸ ਵੱਲੋਂ 2 ਦਿਨ ਦੇ ਟ੍ਰਾਇਲ ਦੇ ਤੌਰ 'ਤੇ ਬੱਸਾਂ ਨੂੰ ਫਿਰੋਜਪੁਰ ਰੋਡ 'ਤੇ ਦੱਖਣ ਬਾਈਪਾਸ ਤੋਂ ਡਾਇਵਰਟ ਕਰਕੇ ਗਿੱਲ ਰੋਡ ਦੇ ਮਾਧਿਅਮ ਰਾਹੀਂ ਬੱਸ ਅੱਡੇ ਭੇਜਿਆ ਜਾਵੇਗਾ। ਇਸੇ ਤਰ੍ਹਾਂ ਬੱਸ ਅੱਡੇ ਤੋਂ ਫਿਰੋਜਪੁਰ ਰੋਡ ਜਾਣ ਵਾਲੀਆਂ ਬੱਸਾਂ ਨੂੰ ਗਿੱਲ ਰੋਡ, ਦੱਖਣ ਬਾਈਪਾਸ ਦੇ ਰਾਹ ਅੱਗੇ ਭੇਜਿਆ ਜਾਵੇਗਾ। ਫਿਲਹਾਲ ਪੁਲਸ ਵਿਭਾਗ ਵੱਲੋਂ ਇਹ ਯੋਜਨਾ 2 ਦਿਨ ਦੇ ਟ੍ਰਾਇਲ ਦੇ ਤੌਰ 'ਤੇ ਲਾਗੂ ਕੀਤੀ ਗਈ ਹੈ। ਨਤੀਜੇ ਸਾਹਮਣੇ ਆਉਣ ਤੋਂ ਬਾਅਦ ਇਸ ਨੂੰ ਪੱਕੇ ਤੌਰ 'ਤੇ ਲਾਗੂ ਕੀਤਾ ਜਾਵੇਗਾ।

# ਪੁਲਸ ਵੱਲੋਂ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 2 ਮੈਂਬਰ ਕੀਤੇ ਕਾਬੂ

ਮਲੋਟ 22 ਅਪ੍ਰੈਲ। ਹਲਕਾ ਲੰਬੀ ਦੀ ਪੁਲਸ ਨੇ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਕੇ ਦੋ ਮੈਂਬਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜ਼ਿਲ੍ਹਾ ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਜਪਾਲ ਸਿੰਘ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ, ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ



ਅਤੇ ਬਲਕਾਰ ਸਿੰਘ ਡੀ.ਐੱਸ.ਪੀ ਮਲੋਟ ਦੀ ਯੋਗ ਅਗਵਾਈ ਹੇਠ ਗੈਰ ਸਮਾਜੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਐੱਸ.ਆਈ ਮਨਿੰਦਰ ਸਿੰਘ ਅਤੇ ਏ.ਐੱਸ.ਆਈ.ਗੁਰਮੀਤ ਸਿੰਘ ਸਮੇਤ ਟੀਮ ਨੇ ਇਕ ਕਾਰਵਾਈ ਤਹਿਤ ਜਿਵਤੇਸ਼ ਉਰਫ ਵਿੱਕੀ ਪੁੱਤਰ ਬਾਬੂ ਲਾਲ ਵਾਸੀ ਗਲੀ ਨੰਬਰ 12,ਵਾਰਡ ਨੰ. 16, ਮਲੋਟ ਅਤੇ ਲਵਪ੍ਰੀਤ ਸਿੰਘ ਉਰਫ ਲੱਬਾ ਪੁੱਤਰ ਜਰਨੈਲ ਸਿੰਘ ਵਾਸੀ ਛਾਪਿਆਂਵਾਲੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਮੁਲਜਮ ਪੰਜਾਬ ਹਰਿਆਣਾ ਸਮੇਤ ਹੋਰਾਂ ਸੂਬਿਆਂ ਅੰਦਰ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ, ਜਿਸ ਸਬੰਧੀ ਦੋਵਾਂ ਮੁਲਜਮਾਂ ਵਿਰੁੱਧ ਥਾਣਾ ਲੰਬੀ ਵਿਖੇ ਮੁਕੱਦਮਾ ਦਰਜ ਰਜਿਸਟਰ ਕੀਤਾ ਹੈ। ਕਾਬੂ ਕੀਤੇ ਦੋਸ਼ੀਆਂ ਵਲੋਂ ਪੁੱਛਗਿਛ ਦੌਰਾਨ ਪਤਾ ਲੱਗਾ ਹੈ ਕਿ ਜਿਵਤੇਸ਼ ਉਰਫ ਵਿੱਕੀ ਉਕਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਦਿੱਲੀ ਤੋਂ ਇਕ ਕਾਰ ਬੁੱਕ ਕਰਵਾਈ ਸੀ ਜਿਸ ਦੇ ਡਰਾਈਵਰ ਤੋਂ ਜਿਵਤੇਸ਼ ਉਰਫ ਵਿੱਕੀ ਉਕਤ ਅਤੇ ਉਸ ਦੇ ਸਾਥੀਆਂ ਨੇ ਸਿਰਸਾ ਵਿਖੇ ਕਾਰ ਡਰਾਈਵਰ ਦੇ ਫਾਇਰ ਮਾਰ ਕੇ ਕਾਰ ਖੋਹ ਕਰ ਲਈ ਸੀ, ਜਿਸ ਸਬੰਧੀ ਇਨ੍ਹਾਂ ਖਿਲਾਫ ਜ਼ਿਲ੍ਹਾ ਸਿਰਸਾ ਹਰਿਆਣਾ ਵਿਖੇ ਵੀ ਖੋਹ ਦਾ ਮੁਕੱਦਮਾ ਦਰਜ ਹੋਇਆ ਹੈ। ਉਕਤ ਖੋਹ ਕੀਤੀ ਕਾਰ ਪੁਲਸ ਪਾਰਟੀ ਨੂੰ ਪਿੰਡ ਤਰਮਾਲਾ ਤੋਂ ਬਰਾਮਦ ਹੋ ਗਈ ਸੀ ਅਤੇ ਲੰਬੀ ਪੁਲਸ ਨੇ ਉਕਤ ਕਾਰ ਸਬੰਧਤ ਥਾਣੇ ਦੇ ਹਵਾਲੇ ਕਰ ਦਿੱਤੀ। ਉਸ ਤੋਂ ਬਾਅਦ ਇਨ੍ਹਾਂ ਨੇ 4 ਫਰਵਰੀ ਨੂੰ ਪਿੰਡ ਭਾਈ ਕਾ ਕੇਰਾ ਤੋਂ ਖੇਮਾ ਖੇੜਾ ਵਾਲੇ ਰਸਤੇ ਵਿਚ ਸ਼ਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਲੋਚ ਕੇਰਾ ਕੋਲੋਂ ਉਸਦਾ ਮੋਬਾਈਲ ਫੋਨ ਖੋਹਿਆ ਸੀ। ਪੁਲਸ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਮੋਬਾਈਲ ਫੋਨ ਅਤੇ ਵਾਰਦਾਤ ਵਿੱਚ ਵਰਤਿਆ ਬਿਨਾਂ ਨੰਬਰੀ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ।

# ਫਾਜ਼ਿਲਕਾ ਜ਼ਿਲ੍ਹੇ 'ਚ ਤਿੰਨ ਰੇਤਾ ਦੀਆਂ ਖੱਡਾਂ ਸ਼ੁਰੂ

ਫਾਜ਼ਿਲਕਾ 22 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਸਤਾ ਰੇਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਫਾਜ਼ਿਲਕਾ ਜ਼ਿਲ੍ਹੇ 'ਚ 3 ਖੱਡਾਂ ਤੋਂ ਰੇਤਾ ਦੀ ਨਿਕਾਸੀ ਸ਼ੁਰੂ ਕਰਵਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂੰ ਦੁੱਗਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫਾਜ਼ਿਲਕਾ ਉਪਮੰਡਲ ਦੇ ਪਿੰਡ ਬਾਧਾ 'ਚ ਦੋ ਅਤੇ ਜਲਾਲਾਬਾਦ ਉਪਮੰਡਲ ਦੇ ਪਿੰਡ ਗਰੀਬਾਂ ਸਾਂਦੜ ਵਿਖੇ ਇਕ ਖੱਡ ਸ਼ੁਰੂ ਕਰਵਾਈ ਗਈ ਹੈ। ਇਨ੍ਹਾਂ ਖੱਡਾਂ ਤੋਂ ਫਾਜ਼ਿਲਕਾ ਜ਼ਿਲ੍ਹੇ ਦੀਆਂ ਜਰੂਰਤਾਂ ਅਨੁਸਾਰ ਭਰਪੂਰ ਰੇਤਾ ਮਿਲ ਸਕੇਗਾ। ਡਿਪਟੀ ਕਮਿਸ਼ਨਰ ਡਾ. ਦੁੱਗਲ ਨੇ ਦੱਸਿਆ ਕਿ ਇਨ੍ਹਾਂ ਖੱਡਾਂ ਤੋਂ ਲੋਕਾਂ ਨੂੰ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ 'ਤੇ ਰੇਤਾ ਮਿਲੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣੇ ਟਰੈਕਟਰ ਟਰਾਲੀ ਰਾਹੀਂ ਇੱਥੋਂ ਆਪਣੀ ਲੇਬਰ ਰਾਹੀਂ ਟਰਾਲੀ ਭਰਵਾ ਕੇ ਅਤੇ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ ਨਾਲ ਅਦਾਇਗੀ ਕਰਕੇ ਰੇਤ ਲੈ ਜਾ ਸਕਦਾ ਹੈ। ਮੌਕੇ 'ਤੇ ਮਾਇਨਿੰਗ ਵਿਭਾਗ ਦੇ ਅਧਿਕਾਰੀ ਹਾਜ਼ਰ ਹਨ ਜੋ ਮੌਕੇ 'ਤੇ ਹੀ ਅਦਾਇਗੀ ਲੈ ਕੇ ਰੇਤੇ ਦੀ ਭਰਾਈ ਕਰਵਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੱਡਾਂ ਤੋਂ ਸਿਰਫ ਲੇਬਰ ਦੀ ਮਦਦ ਨਾਲ ਹੀ ਰੇਤੇ ਦੀ ਨਿਕਾਸੀ ਦੀ ਆਗਿਆ ਦਿੱਤੀ ਗਈ ਹੈ ਅਤੇ ਮਸ਼ੀਨਾਂ ਨਾਲ ਖੁਦਾਈ ਜਾਂ ਭਰਾਈ ਕਰਨ ਦੀ ਆਗਿਆ ਨਹੀਂ ਹੋਵੇਗੀ। ਉਧਰ ਫਾਜ਼ਿਲਕਾ ਜ਼ਿਲ੍ਹੇ 'ਚ ਰੇਤੇ ਦੀਆਂ ਖੱਡਾਂ ਸ਼ੁਰੂ ਹੋਣ ਨਾਲ ਲੋਕਾਂ ਨੂੰ ਰਾਹਤ ਮਿਲੀ ਹੈ। ਪਿੰਡ ਭਰਵਾ ਕੇ ਅਤੇ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ ਨਾਲ ਅਦਾਇਗੀ ਕਰਕੇ ਰੇਤ ਲੈ ਜਾ ਸਕਦਾ ਹੈ। ਮੌਕੇ 'ਤੇ ਮਾਇਨਿੰਗ ਵਿਭਾਗ ਦੇ ਅਧਿਕਾਰੀ ਹਾਜ਼ਰ ਹਨ ਜੋ ਮੌਕੇ 'ਤੇ ਹੀ ਅਦਾਇਗੀ ਲੈ ਕੇ ਰੇਤੇ ਦੀ ਭਰਾਈ ਕਰਵਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੱਡਾਂ ਤੋਂ ਸਿਰਫ ਬਾਧਾ ਦੇ ਨੌਜਵਾਨ ਦਲਜੀਤ ਸਿੰਘ ਨੇ ਦੱਸਿਆ ਕਿ ਤੈਅ ਕੀਮਤ 'ਤੇ ਘਰ ਦੇ ਨੇੜੇ ਹੀ ਰੇਤਾ ਮਿਲਣ ਲੱਗਿਆ ਹੈ ਜਦਕਿ ਪਹਿਲਾਂ ਰੇਤਾ ਲੈਣ ਦੂਰ ਜਾਣਾ ਪੈਂਦਾ ਸੀ। ਇਸੇ ਤਰ੍ਹਾਂ ਸਤਨਾਮ ਸਿੰਘ ਵਾਸੀ ਪਿੰਡ ਮਿਆਣੀ ਨੇ ਰੇਤ ਖੱਡਾਂ ਸ਼ੁਰੂ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਖੱਡਾਂ ਦੇ ਸ਼ੁਰੂ ਹੋਣ ਨਾਲ ਲੋਕਾਂ ਨੂੰ ਜਿੱਥੇ ਸਸਤਾ ਰੇਤਾ ਮਿਲੇਗਾ ਉਥੇ ਹੀ ਇਸ ਨਾਲ ਲੇਬਰ ਨੂੰ ਵੀ ਕੰਮ ਮਿਲੇਗਾ।

**NAME CHANGE**
I, NIKHAT W/O MOHD SULEMAN ANSARI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to NIKHAT SULEMAN ANSARI for all future purpose.

**NAME CHANGE**
I Naresh S/o Dalip Singh R/o G-395,Block-k , Gali No-1 , Adhyapak Nagar, Nangloi , West Delhi, Delhi-110041,Have Changed My Name Naresh Kumar For All Purpose

**NAME CHANGE**
I, USHA KUMAR W/O AJAY KUMAR residing at 1479 RANI BAGH DELHI-110034 have changed my name to USHA RANI for all future purpose.

**NAME CHANGE**
I, AKSHAY KUMAR KILA S/O VINOD KUMAR KILA residing at H NO-1705-A, SECTOR-B POCKET-1, VASANT KUNJ, DELHI-110070 have changed my name to AKSHAY KILA for all future purpose.

**NAME CHANGE**
I, Neharika D/o Ashok Manchanda R/o G-10/11, 1st Floor, Kiran Garden, Nr. Janta Clinic, Uttam Nagar, Delhi-110059, have changed my name to Neharika Manchanda for all future purposes

**NAME CHANGE**
I, PRERNA SHARMA D/O SANJIV RANJAN SHARMA R/O DS 260, ARJAN VIHAR, DELHI CANTT–110010, have changed my name from PRERNA SHARMA to PRERNA for all future purposes.

**NAME CHANGE**
I, PRINCY AGARWAL W/O AKSHAY KILA residing at H NO-1705-A, SECTOR-B POCKET-1, VASANT KUNJ, DELHI-110070 have changed my name to PRINCY KILA for all future purpose.

**NAME CHANGE**
I, Jai Pal s/o Darshan Lal Juneja R/o H. No.86, 2nd Floor, Near Gate No.2, Ram Vihar, Karkardooma, Delhi-110092, have changed my name to Jai Pal Juneja for all future purposes.

**NAME CHANGE**
I, MOHAMMAD SULEMAN/ MOHAMMAD SULEMAN ANSARI S/O GULAM NABI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to MOHD SULEMAN ANSARI for all future purpose.

**NAME CHANGE**
I, PRAHLAD DEWAL S/O MANGLI PRASAD residing at H NO-X-33/5 STREET NO-10 X-BLOCK BRAHAMPURI DELHI-110053 have changed my name to PRAHLAD KUMAR for all future purpose.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, hitherto known as SANTOSH DEVI W/O ASHOK KUMAR SHARMA R/O F-7/B, GALI NO-16, SADH NAGAR-2, PALAM COLONY, SOUTH WEST DELHI, DELHI-110045 have changed my name and shall hereafter be known as SANTOSH BHARDWAJ W/O ASHOK BHARDWAJ.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I, hitherto known as Junaid alias Uwais Ahmed S/o Shahnawaz Ahmed R/o 6976, Gali Karkhane Wali, Beri Wala Bagh, Azad Market, Delhi-110006 have changed my name and shall hereafter be known as Uwais Ahmed.

**PUBLIC NOTICE**
It is for general information that I, Preethy Vijayan W/o Anu Mathew R/o 74-B, Pocket-A-3, Mayur Vihar Phase-3, Delhi-110096 declare that name of mine has been wrongly written as Nissy Jose in my Aadhar Card No. 443223050768. The actual name of mine is Preethy Vijayan, which may be amended accordingly.

**NAME CHANGE**
I, Jeewan Singh Danu s/o Keshar Singh Danu R/o H. No.17, Keemu Post Gogina, Kapkot, Bageshwar-263632, Uttrakhand, have changed my name to Jeewan Singh for all future purposes.

**NAME CHANGE**
I, Bala Narashimhan s/o Murali Krishnan R/o H-1/229, Madangir, Dr. Ambedkar Nagar, New Delhi-110062, have changed my name to Bala Narashimhan Mudaliyar for all future purposes.

**NAME CHANGE**
M/S Pankaj Khera, Girish Kumar LIC No.B-2214, Shop No.B-282, Fruit And Vegetable Market, Gazipur, Delhi-110096 Have Changed Today The Title Of Above Firm As M/S Neelkanth Trading Co., Ankur Dhingra # 9868589463

**NAME CHANGE**
I, Shipra Malik D/o Madan Malik R/o 87-D, GH-10, Sunder Apartment, Sunder Vihar, New Delhi-110087 declare That after marriage I have changed my name to Shipra Bhatia W/o Saurabh Bhatia, for all future purposes.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..

**SANDEEP SHARMA**
ADVOCATE
Chamber No.505,
Patiala House Court,
New Delhi-110002

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

## ਏਸੀਬੀ ਦੀ ਟੀਮ ਨੇ ਨਿਜੀ ਵਿਅਕਤੀ ਧਰਮੇਂਦਰ ਨੂੰ 1,00,000 ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥ ਕੀਤਾ ਗ੍ਰਿਫਤਾਰ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਏਂਟੀ ਕਰਪਸ਼ਨ ਬਿਊਰੋ ਦੀ ਟੀਮ ਵੱਲੋਂ ਪਾਣੀਪਤ ਜਿਲ੍ਹਾ ਵਿਚ ਕੰਮ ਕਰ ਰਹੇ ਇੰਸਪੈਕਟਰ ਬਿਲਾਸਾਰਾਮ ਅਤੇ ਨਿਜੀ ਵਿਅਕਤੀ ਧਰਮੇਂਦਰ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਮੁਕਦਮਾ ਦਰਜ ਕੀਤਾ ਗਿਆ। ਇਸ ਮਾਮੇਲ ਵਿਚ ਦੋਸ਼ੀ ਧਰਮੇਂਦਰ ਨੂੰ ਦੇਰ ਸ਼ਾਮ 100000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗਿਰਫਤਾਰ ਕੀਤਾ ਗਿਆ ਜਦੋਂ ਕਿ ਦੋਸ਼ੀ ਇੰਸਪੈਕਟਰ ਬਿਲਾਸਾਰਾਮ ਮੌਕੇ ਤੋਂ ਫਰਾਰ ਹੋ ਗਿਆ। ਬਿਊਰੋ ਦੇ ਬੁਲਾਰੇ ਨੇ ਇਸ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਏਸੀਬੀ ਦੀ ਟੀਮ ਨੂੰ ਸ਼ਿਕਾਇਤ ਪ੍ਰਾਪਤ ਹੋਈ ਕਿ ਪਾਣੀਪਤ ਦੇ ਸੈਕਟਰ 13/17 ਪੁਲਿਸ ਥਾਨੇ ਵਿਚ ਕੰਮ ਕਰ ਰਹੇ ਐਸਐਚਓ ਬਿਲਾਸਾਰਾਮ ਅਤੇ ਨਿਜੀ ਵਿਅਕਤੀ ਧਰਮੇਂਦਰ ਵੱਲੋਂ ਸ਼ਿਕਾਇਤਕਰਤਾ ਦੇ ਦੋਸਤ ਦਾ ਨਾਂਅ ਐਫਆਈਆਰ ਵਿੱਚੋਂ ਕੱਢਣ ਦੇ ਬਦਲੇ ਵਿਚ 100000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਹੈ। ਬਿਊਰੋ ਕਰਨਾਲ ਦੀ ਟੀਮ ਨੇ ਮਾਮਲੇ ਦੀ ਜਾਂਚ ਪੜਤਾਲ ਕਰਦੇ ਹੋਏ ਦੋਵਾਂ ਦੋਸ਼ੀਆਂ ਨੂੰ ਫੜਨ ਲਈ ਯੋਜਨਾ ਬਣਾਈ ਅਤੇ ਦੋਸ਼ੀ ਧਰਮੇਂਦਰ ਨੂੰ 100000 ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥਾਂ ਗਿਰਫਤਾਰ ਕੀਤਾ ਗਿਆ ਜਦੋਂ ਕਿ ਹੋਰ ਦੋਸ਼ੀ ਇੰਸਪੈਕਟਰ ਮੌਕੇ ਤੋਂ ਫਰਾਰ ਹੋ ਗਿਆ। ਇਸ ਮਾਮਲੇ ਵਿਚ ਦੋਵਾਂ ਦੋਸ਼ੀਆਂ ਦੇ ਖਿਲਾਫ ਏਂਟੀ ਕਰਪਸ਼ਨ ਬਿਊਰੋ ਕਰਨਾਲ ਪੁਲਿਸ ਥਾਨੇ ਵਿਚ ਮੁਕਦਮਾ ਦਰਜ ਕਰਦੇ ਹੋਏ ਕਾਰਵਾਈ ਕੀਤੀ ਗਈ ਹੈ।

ਬਿਊਰੋ ਦੀ ਟਮੀ ਵੱਲੋਂ ਸਾਰੇ ਜਰੂਰੀ ਸਬੂਤ ਜੁਟਾਉਂਦੇ ਹੋਏ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੁਲਾਰੇ ਨੇ ਦਸਿਆ ਕਿ ਜੇਕਰ ਕੋਈ ਵੀ ਅਧਿਕਾਰੀ ਅਤੇ ਕਰਮਚਾਰੀ ਸਰਕਾਰੀ ਕੰਮ ਕਰਨ ਦੀ ਏਵਜ ਵਿਚ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਤੁਰੰਤ ਇਸ ਦੀ ਜਾਣਕਾਰੀ ਹਰਿਆਣਾ ਏਂਟੀ ਕਰਪਸ਼ਨ ਬਿਊਰੋ ਦੇ ਟੋਲ ਫਰੀ ਨੰਬਰ -1800-180-2022 ਅਤੇ 1064 ’ਤੇ ਦੇਣਾ ਯਕੀਨੀ ਕਰਨ।

# ਪਲਵਲ ਜਿਲ੍ਹੇ ਦੇ 118 ਸਾਲ ਦੇ ਧਰਮਵੀਰ ਹੈ ਸੂਬੇ ਵਿਚ ਸੱਭ ਤੋਂ ਬਜੁਰਗ ਵੋਟਰ

**➢ ਮਹਿਲਾ ਵੋਟਰਾਂ ਵਿਚ ਸਿਰਸਾ ਜਿਲ੍ਹੇ ਦੀ 117 ਸਾਲ ਦੀ ਬਲਬੀਰ ਕੌਰ ਹੈ ਸੱਭ ਤੋਂ ਬਜੁਰਗ ਵੋਟਰ ➢ ਜਿਲ੍ਹਾ ਚੋਣ ਆਈਕਨ ਬਣਨ ਨੌਜੁਆਨ : ਅਨੁਰਾਗ ਅਗਰਵਾਲ**

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ 18ਵੀਂ ਲੋਕਸਭਾ 2024 ਦੇ ਆਮ ਚੋਣ ਅੱਜ ਤੋਂ ਸ਼ੁਰੂ ਹੋਣ ਦੇ ਨਾਲ ਹੀ ਚੋਣ ਦਾ ਪਰਵ, ਦੇਸ਼ ਦਾ ਗਰਵ ਮਹਾ ਉਤਸਵ ਸ਼ੁਰੂ ਹੋ ਗਿਆ ਹੈ। ਹਰਿਆਣਾ ਵਿਚ 25 ਮਈ ਨੂੰ ਛੇਵੇਂ ਪੜਾਅ ਦੇ ਚੋਣ ਹੋਣੇ ਹਨ। ਬਜੁਰਗ ਅਤੇ ਨੌਜੁਆਨ ਵੋਟਰਾਂ ਤੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਉਪਲਬਧੀ ਹਾਸਲ ਕਰਨ ਵਾਲਿਆਂ ਨੂੰ ਜਿਲ੍ਹਾ ਚੋਣ ਆਈਕਨ ਬਣਾਇਆ ਗਿਆ ਹੈ, ਜਿਨ੍ਹਾਂ ਦਾ ਉਦੇਸ਼ ਪਿਛਲੇ ਲੋਕਸਭਾ ਚੋਣ ਵਿਚ ਹੋਏ ਚੋਣ ਫੀਸਦੀ ਨੂੰ ਵਧਾਉਣਾ ਹੈ।

ਉਨ੍ਹਾਂ ਨੇ ਦਸਿਆ ਕਿ ਪਲਵਲ ਜਿਲ੍ਹੇ ਦੇ ਧਰਮਵੀਰ ਹਰਿਆਣਾ ਵਿਚ 118 ਸਾਲ ਉਮਰ ਦੇ ਸੱਭ ਤੋਂ ਬਜੁਰਗ ਵੋਟਰ ਹਨ। ਇਸੀ ਤਰ੍ਹਾ ਨਾਲ ਸਿਰਸਾ ਜਿਲ੍ਹੇ ਦੀ ਬਲਬੀਰ ਕੌਰ 117 ਸਾਲ, ਸੋਨੀਪਤ ਜਿਲ੍ਹੇ ਦੀ ਭਗਵਾਨੀ 116 ਸਾਲ, ਪਾਦੀਪਤ ਜਿਲ੍ਹੇ ਦੇ ਲੱਖੀਸ਼ੇਕ 115 ਸਾਲ, ਰੋਹਤਕ ਜਿਲ੍ਹੇ ਦੀ ਚੰਦਰੋ ਕੌਰ 112 ਸਾਲ, ਫਤਿਹਾਬਾਦ ਜਿਲ੍ਹੇ ਦੀ ਰਾਣੀ 112 ਸਾਲ, ਕੁਰੂਕਸ਼ੇਤਰ ਜਿਲ੍ਹੇ ਦੀ ਅੰਤੀ ਦੇਵੀ, ਸਰਜੀਤ ਕੌਰ ਤੇ ਚੋਬੀ ਦੇਵੀ 111-111 ਸਾਲ ਦੀ ਹੈ।

ਇਸੀ ਤਰ੍ਹਾ ਨਾਲ ਰਿਵਾੜੀ ਜਿਲ੍ਹੇ ਦੀ ਨਾਰਾਇਣੀ 110 ਸਾਲ, ਕੈਥਲ ਜਿਲ੍ਹੇ ਦੀ ਫੂੱਲਾ 109 ਸਾਲ, ਫਰੀਦਾਬਾਦ ਜਿਲ੍ਹੇ ਦੀ ਚੰਦੇਰੀ ਦੇਵੀ 109 ਸਾਲ, ਜੀਂਦ ਜਿਲ੍ਹੇ ਦੀ ਰਾਮਦੇਵੀ 108 ਸਾਲ, ਨੂੰਹ ਜਿਲ੍ਹੇ ਦੇ ਹਰੀ 108 ਸਾਲ, ਝੱਜਰ ਜਿਲ੍ਹੇ ਦੀ ਮੇਵਾ ਦੇਵੀ 106 ਸਾਲ, ਕਰਨਾਲ ਦੇ ਗੁਲਜਾਰ ਸਿੰਘ 107 ਸਾਲ, ਹਿਸਾਰ ਜਿਲ੍ਹੇ ਦੇ ਸ਼ਦਕੀਨ ਤੇ ਸ੍ਰੀਰਾਮ ਅਤੇ ਚਰਖੀ ਦਾਦਰੀ ਜਿਲ੍ਹੇ ਦੀ ਗਿਨੀ ਦੇਵੀ 106-106 ਸਾਲ ਦੀ ਵੋਟਰ ਹਨ।

ਉਨ੍ਹਾਂ ਨੇ ਦਸਿਆ ਕਿ ਭਿਵਾਨੀ ਜਿਲ੍ਹੇ ਦੀ ਹਰਦੇਈ 103 ਸਾਲ ਅਤੇ ਯਮੁਨਾਨਗਰ ਦੀ ਫੂਲਵਤੀ 100 ਸਾਲ ਦੀ ਵੋਟਰ ਹੈ। ਸ੍ਰੀ ਅਗਰਵਾਲ ਨੇ ਮੀਡੀਆ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਬਜੁਰਗ ਵੋਟਰਾਂ ਦੇ ਇੰਟਰਵਿਊ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰਨ ਤਾਂ ਜੋ ਨੌਜੁਆਨ ਵੋਟਰ ਉਨ੍ਹਾਂ ਦੋ ਪ੍ਰੇਰਿਤ ਹੋ ਸਕਣ।

ਸ੍ਰੀ ਅਗਰਵਾਲ ਨੇ ਦਸਿਆ ਕਿ ਏਸ਼ਿਆਈ ਗੇਮਸ 2023 ਵਿਚ ਨਿਸ਼ਾਨੇਬਾਜੀ ਵਿਚ ਗੋਲਡ ਮੈਡਲ ਜੇਤੂ ਪਲਕ ਨੂੰ ਝੱਜਰ ਜਿਲ੍ਹੇ ਲਈ, 19ਵੇਂ ਏਸ਼ਿਆਈ ਗੇਮਸ ਵਿਚ ਨਿਸ਼ਾਨੇਬਾਜੀ ਵਿਚ ਸਿਲਵਰ ਮੈਡਲ ਜੇਤੂ ਆਦਰਸ਼ ਸਿੰਘ ਨੂੰ ਫਰੀਦਾਬਾਦ ਜਿਲ੍ਹੇ ਲਈ, 19ਵੇਂ ਸੀਨੀਅਰ ਪੈਰਾ ਪਾਵਰ ਲਿਫਟਿੰਗ ਚੈਂਪਿਅਨਸ਼ਿਪ ਵਿਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਸੁਮਨ ਦੇਵੀ ਤੇ ਭੋਪਾਲ ਵਿਚ ਹੋਈ ਨੈਸ਼ਨਲ ਸਕੂਲ ਗੇਮਸ ਵਿਚ ਸੂਬੇ ਦੀ ਟੀਮ ਦੀ ਖਿਡਾਰੀ ਯਾਸ਼ਿਕਾ ਨੂੰ ਪਾਣੀਪਤ ਜਿਲ੍ਹੇ ਲਈ ਅਤੇ 19ਵੇਂ ਏਸ਼ਿਆਈ ਗ੍ਰੇਸ ਵਿਚ ਨਿਸ਼ਾਨੇਬਾਜੀ ਵਿਚ ਸਿਲਵਰ ਮੈਡਲ ਜੇਤੂ ਸਰਬਜੀਤ ਸਿੰਘ ਨੂੰ ਅੰਬਾਲਾ ਜਿਲ੍ਹੇ ਲਈ ਆਈਕਨ ਬਣਾਇਆ ਗਿਆ ਹੈ।

ਇਸੀ ਤਰ੍ਹਾ ਵਿਸ਼ਵ ਚੈਪੀਅਨ ਵਿਚ ਗੋਲਡ ਮੈਡਲ ਜੇਤੂ ਮਹਿਲਾ ਪਹਿਲਵਾਨ ਸੋਨਮ ਮਲਿਕ ਨੂੰ ਸੋਨੀਪਤ ਜਿਲ੍ਹੇ ਦੇ ਲਈ, ਓਲੰਪਿਕ ਹਾਕੀ ਖਿਡਾਰੀ ਸੁਰਿੰਦਰ ਕੌਰ ਨੂੰ ਕੁਰੂਕਸ਼ੇਤਰ ਜਿਲ੍ਹੇ ਦੇ ਲਈ ਅਤੇ ਕੌਮੀ ਯੁਵਾ ਮਹਾਉਤਸਵ ਵਿਚ ਗਾਇਕੀ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਮੁਸਕਾਨ ਫਤਿਹਾਬਾਦ ਲਈ ਜਿਲ੍ਹਾ ਚੋਣ ਆਈਕਾਨ ਬਣਾਏ ਗਏ ਹਨ।

ਸ੍ਰੀ ਅਨੁਰਾਗ ਅਗਰਵਾਲ ਨੇ ਹੋਰ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਧਿਕਾਰੀਆਂ ਨੂੰ ਵੀ ਆਪਣੇ-ਆਪਣੇ ਜਿਲ੍ਹਿਆਂ ਵਿਚ ਚੋਣ ਆਈਕਨ ਬਣਾਉਣ ਲਈ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਭਾਰਤ ਚੋਣ ਕਮਿਸ਼ਨ ਨੇ ਲੋਕਸਭਾ ਚੋਣਾਂ ਲਈ ਚੋਣ ਦਾ ਪਰਵ-ਦੇਸ਼ ਦਾ ਗਰਵ ਨੂੰ ਸਿਖਰ ਵਾਕ ਬਣਾਇਆ ਹੈ ਤਾਂ ਜੋ ਨਾਗਰਿਕ ਵੱਧ-ਚੜ੍ਹ ਕੇ ਚੋਣ ਵਿਚ ਹਿੱਸਾ ਲੈਣ।

ਉਨ੍ਹਾਂ ਨੇ ਪੂਰੇ ਸੂਬੇ ਦੇ ਨੌਜੁਆਨ ਜਿਨ੍ਹਾਂ ਦੀ ਉਮਰ 18-19 ਸਾਲ ਹੈ, ਜੋ ਪਹਿਲੀ ਵਾਰ ਚੋਣ ਕਰਣਗੇ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਨੌਜੁਆਨ ਜਦੋਂ ਚੋਣ ਪ੍ਰਕ੍ਰਿਆ ਦੇ ਨਾਲ ਜੁੜਣਗੇ ਤਾਂਹੀ ਉਹ ਲੋਕਤੰਤਰ ਦੀ ਸ਼ਕਤੀ ਅਤੇ ਆਪਣੇ ਵੋਟ ਦਾ ਮਹਤੱਵ ਜਾਣ ਪਾਉਣਗੇ। ਇਸ ਲਈ ਨੌਜੁਆਨ ਇਸ ਮੌਕੇ ਤਾਂ ਚੁਕਣ ਨਹੀਂ ਕਿਉਂਕਿ ਕਿ 5 ਸਾਲਾਂ ਵਿਚ ਇਕ ਵਾਰ ਲੋਕਤੰਤਰ ਦਾ ਇਹ ਪਰਵ ਆਉਂਦਾ ਹੈ।

## ਲੋਕ ਹਿੱਤ ਲਈ ਲੜਾਈ ਲੜਦੀ ਰਹਾਂਗੀ: ਸੁਨੈਨਾ ਚੌਟਾਲਾ




**ਜੀਂਦ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਸਾਰ ਲੋਕ ਸਭਾ ਹਲਕੇ ਤੋਂ ਇਨੈਲੋ ਉਮੀਦਵਾਰ ਸੁਨੈਨਾ ਨੇ ਕਿਹਾ, “ਇਨੈਲੋ ਪਾਰਟੀ ਨਹੀਂ ਹੈ, ਸਗੋਂ ਸਵਰਗਵਾਸੀ ਦੇਵੀ ਲਾਲ ਵੱਲੋਂ ਬਣਾਈ ਗਈ ਇੱਕ ਵਿਚਾਰ ਧਾਰਾ ਹੈ ਜੋ ਕਿ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੂੰ ਸੌਂਪੀ ਹੋਈ ਹੈ।” ਉਨ੍ਹਾਂ ਲੋਕਾਂ ਨੂੰ ਇਨੈਲੋ ਦੇ ਹੱਕ ’ਚ ਹੀ ਵੋਟ ਭੁਗਤਾਉਣ ਦੀ ਅਪੀਲ ਕੀਤੀ ਹੈ। ਸੁਨੈਨਾ ਚੌਟਾਲਾ ਜੀਂਦ ਜ਼ਿਲ੍ਹੇ ਦੇ ਪਿੰਡ ਝੀਲ ਵਿੱਚ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਆਗੂਆਂ ਦੀ 15 ਮਿੰਟਾਂ ਵਿੱਚ ਹੀ ਵਿਚਾਰਧਾਰਾ ਬਦਲ ਜਾਵੇ, ਉਨ੍ਹਾਂ ਉੱਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹਾ ਵੀ ਕਿਹਾ,“ਤੁਹਾਡੇ ਵਿਚਕਾਰ ਚੌਧਰੀ ਦੇਵੀ ਲਾਲ ਦੀ ਫੋਟੋ ਲਗਾ ਕੇ ਕਈ ਆਗੂ ਆਉਣਗੇ, ਅੱਜ ਕੱਲ੍ਹ ਤਾਂ ਦੇਵੀ ਲਾਲ ਦੀ ਫੋਟੋ ਭਾਜਪਾ ਦੇ ਬੈਨਰਾਂ ’ਤੇ ਵੀ ਲਗਾਈ ਗਈ ਹੈ।” ਉਨ੍ਹਾਂ ਅਜਿਹੇ ਲੋਕਾਂ ਨੂੰ ਵੋਟ ਨਾ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਜਿੱਤਣ ਮਗਰੋਂ ਉਹ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਵਿੱਚ ਜਾ ਕੇ ਲੋਕ ਹਿੱਤਾਂ ਦੀ ਲੜਾਈ ਲੜਨ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਅੱਜ ਹਰਿਆਣਾ ਪ੍ਰਦੇਸ਼ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਪਹਿਲੇ ਨੰਬਕ ’ਤੇ ਹੈ, ਲੋਕੀ ਅਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ।

ਉਨ੍ਹਾਂ ਭਾਜਪਾ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਜੋ ਵਾਅਦੇ ਲੋਕਾਂ ਨਾਲ ਕੀਤੇ ਸੀ ਉਨ੍ਹਾਂ ’ਚੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਸੁਨੈਨਾ ਚੌਟਾਲਾ ਅਪਣੇ ਟਰੈਕਟਰ ’ਤੇ ਸਵਾਰ ਹੋ ਕੇ ਉਚਾਨਾ ਹਲਕੇ ਦੇ ਕਈ ਪਿੰਡਾਂ ਵਿੱਚ ਪਹੁੰਚੀ ਅਤੇ ਲੋਕਾਂ ਨੂੰ ਜਾਗਰੂਕ ਕੀਤਾ।

# ਕਿਸਾਨ ਹਿਤੈਸ਼ੀ ਹੋਣ ਦਾ ਦਿਖਾਵਾ ਕਰ ਰਿਹੈ ਜਿੰਦਲ: ਸੁਸ਼ੀਲ ਗੁਪਤਾ



**ਸ਼ਾਹਬਾਦ ਮਾਰਕੰਡਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ ‘ਇੰਡੀਆ’ ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੇ ਅੱਜ ਸ਼ਾਹਬਾਦ ਵਿਚ ਵੱਖ-ਵੱਖ ਥਾਵਾਂ ’ਤੇ ਚੋਣ ਬੈਠਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸ਼ਾਹਬਾਦ ਦੀ ਸਬਜ਼ੀ ਮੰਡੀ ’ਚ ਵਪਾਰੀਆਂ ਨੂੰ ਆਪਣੇ ਹੱਥਾਂ ਨਾਲ ਚਾਹ ਬਣਾ ਕੇ ਪਿਲਾਈ। ਇਸ ਤੋਂ ਬਾਅਦ ਸ਼ਹੀਦ ਊਧਮ ਸਿੰਘ ਮੈਮੋਰੀਅਲ ਹਾਲ ਵਿਚ ਪਾਰਟੀ ਕਾਰਕੁਨਾਂ ਦੀ ਬੈਠਕ ਦੌਰਾਨ ਚੋਣਾਂ ਸਬੰਧੀ ਰਣਨੀਤੀ ਬਾਰੇ ਲਾਮਬੰਦੀ ਕੀਤੀ। ਉਨ੍ਹਾਂ ਨੇ ਕਾਰਕੁਨਾਂ ਨੂੰ ਕਿਹਾ ਕਿ ਉਹ ਹਲਕੇ ਦੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਸਮਝਾਉਣ ਕਿ ਭਾਜਪਾ ਨੇ ਕਿਸ ਤਰ੍ਹਾਂ ਕਿਸਾਨਾਂ ਤੇ ਮਜ਼ਦੂਰਾਂ ਉੱਤੇ ਅੱਤਿਆਚਾਰ ਕੀਤਾ ਹੈ ਤੇ ਇਸ ਅੱਤਿਆਚਾਰ ਦਾ ਬਦਲਾ ਲੈਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਉਮੀਦਵਾਰ ਨਵੀਨ ਜਿੰਦਲ ਕਣਕ ਦੀ ਭਰੀ ਬੋਰੀ ਚੁੱਕ ਕੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਨਾਟਕ ਕਰ ਰਿਹਾ ਹੈ ਪਰ ਜਿਸ ਵੇਲੇ ਕੁਰੂਕਸ਼ੇਤਰ ਤੇ ਪਿਪਲੀ ਵਿਚ ਕਿਸਾਨਾਂ ’ਤੇ ਡੰਡੇ ਵਰਸਾਏ ਜਾ ਰਹੇ ਸਨ ਤਾਂ ਉਸ ਵੇਲੇ ਉਹ ਕਿਥੇ ਸਨ ? ਉਨ੍ਹਾਂ ਕਿਹਾ ਕਿ ਭਾਜਪਾ ਨੇ ਪੂਰਾ ਡੇਢ ਸਾਲ ਕਿਸਾਨਾਂ ’ਤੇ ਜ਼ੁਲਮ ਕੀਤੇ ਤੇ ਕਿਸਾਨਾਂ ਨੂੰ ਦਿੱਲੀ ਬਾਰਡਰ ’ਤੇ ਬਿਠਾ ਕੇ ਰੱਖਿਆ। ਸ੍ਰੀ ਗੁਪਤਾ ਨੇ ਕਿਹਾ ਕਿ ਹਵਾਈ ਜਹਾਜ਼ ਵਿਚ ਬੈਠਣ ਵਾਲਾ ਤੇ ਕਦੇ ਪਾਣੀ ਦਾ ਗਿਲਾਸ ਨਾ ਚੁੱਕਣ ਵਾਲਾ ਜਿੰਦਲ ਅੱਜ ਬੋਰੀ ਚੁੱਕ ਕੇ ਦਿਖਾ ਰਿਹਾ ਹੈ। ਲੋਕ ਇਸ ਦੇ ਨਾਟਕ ਤੋਂ ਜਾਣੂ ਹਨ ਤੇ ਲੋਕ ਵੋਟ ਨਾਲ ਇਨ੍ਹਾਂ ਨੂੰ ਸਬਕ ਸਿਖਾਉਣਗੇ। ਸ੍ਰੀ ਗੁਪਤਾ ਨੇ ਕਿਹਾ ਕਿ ਇਨ੍ਹਾਂ ਦੇ ਹੱਥ ਕਿਸਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ, ਜਿਸ ਕਰ ਕੇ ਇਨ੍ਹਾਂ ਨੂੰ ਚੌਕ-ਚੌਰਾਹਿਆਂ ’ਤੇ ਖੜ੍ਹ ਕੇ ਕਿਸਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਗੁਪਤਾ ਨੇ ਕਿਹਾ ਕਿ ਅਭੈ ਸਿੰਘ ਚੌਟਾਲਾ ਨਵੀਨ ਜਿੰਦਲ ਦੇ ਵੱਡੇ ਭਰਾ ਹੋਣ ਦਾ ਵਾਅਦਾ ਨਿਭਾ ਰਿਹਾ ਹੈ ਤੇ ਉਹ ਭਾਜਪਾ ਦੇ ਸਮਰਥਨ ਲਈ ਹੀ ਕੁਰੂਕਸ਼ੇਤਰ ਆਇਆ ਹੈ। ਉਨ੍ਹਾਂ ਕਿਹਾ ਕਿ 400 ਸੀਟਾਂ ਦਾ ਦਾਅਵਾ ਕਰਨ ਵਾਲੀ ਭਾਜਪਾ 100 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇਗੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਲਈ ‘ਇੰਡੀਆ’ ਗੱਠਜੋੜ ਬਣਿਆ ਹੈ, ਉਦੋਂ ਤੋਂ ਭਾਜਪਾ ਡਰੀ ਹੋਈ ਹੈ। ਜੋ ਵੀ ਸਰਕਾਰ ਖ਼ਿਲਾਫ਼ ਬੋਲਦਾ ਹੈ, ਉਸ ਨੂੰ ਈਡੀ ਤੇ ਸੀਬੀਆਈ ਦਾ ਡਰ ਦਿਖਾ ਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਸ੍ਰੀ ਗੁਪਤਾ ਨੇ ਕਿਹਾ ਕਿ ਲੋਕ ਬਦਲਾਅ ਦੇ ਮੂਡ ਵਿਚ ਹਨ ਤੇ ਚੋਣਾਂ ਤੋਂ ਬਾਅਦ ਗੱਠਜੋੜ ਦੀ ਸਰਕਾਰ ਬਣਨੀ ਯਕੀਨੀ ਹੈ।

# ਮੰਦਿਰ ਸਭਾ ਨੇ 14 ਜੋੜਿਆਂ ਦੇ ਵਿਆਹ ਕਰਵਾਏ



**ਸ਼ਾਹਬਾਦ ਮਾਰਕੰਡਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਮਾਰਕੰਡੇਸ਼ਵਰ ਮੰਦਿਰ ਸਭਾ ਵੱਲੋਂ ਰਾਮ ਨੌਮੀ ਨੂੰ ਸਮਰਪਿਤ 60ਵਾਂ ਸਮੂਹਿਕ ਵਿਆਹ ਤੇ ਲੋੜਵੰਦਾਂ ਨੂੰ ਟਰਾਈ ਸਾਈਕਲ ਤੇ ਕੰਨਾਂ ਤੋਂ ਸੁਣਨ ਵਾਲੀਆਂ ਮਸ਼ੀਨਾਂ ਵੰਡਣ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਵਿੱਚ 14 ਨਵ-ਵਿਆਹੇ ਜੋੜਿਆ ਦਾ ਵਿਆਹ ਕਰਵਾਇਆ।ਇਸ ਮੌਕੇ ਸ੍ਰੀ 1008 ਗੁਮਟੀ ਵਾਲੀ ਮਾਤਾ ਦੇਵਾ ਤੇ ਆਦੇਸ਼ ਮੈਡੀਕਲ ਕਾਲਜ ਤੇ ਹਸਪਤਾਲ ਦੇ ਡਾਇਰੈਕਟਰ ਡਾ. ਗੁਣਤਾਸ ਸਿੰਘ ਗਿੱਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਮੁੱਖ ਮਹਿਮਾਨ ਡਾ. ਗੁਣਤਾਸ ਸਿੰਘ ਗਿੱਲ ਨੇ ਸਭਾ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨਵ- ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ।

# ਦੇਵੀ ਲਾਲ ਚੌਕ ’ਤੇ ਅੰਡਰਪਾਸ ਬਣਾਉਣ ਸਬੰਧੀ ਟੈਂਡਰ ਜਾਰੀ

**ਜੀਂਦ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਵੀ ਲਾਲ ਚੌਕ ’ਤੇ ਛੋਟਾ ਅੰਡਰਪਾਸ ਬਣਾਉਣ ਸਬੰਧੀ ਟੈਂਡਰ ਪਾਸ ਹੋਣ ਨਾਲ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣ ਦੀ ਆਸ ਬੱਝੀ ਹੈ। ਜੀਂਦ ਦੇ ਭਾਜਪਾ ਵਿਧਾਇਕ ਡਾ. ਕ੍ਰਿਸ਼ਨ ਮਿੱਢਾ ਨੇ ਦੱਸਿਆ ਕਿ ਇੱਥੇ ਦੇਵੀ ਲਾਲ ਚੌਕ ’ਤੇ ਛੋਟਾ ਅੰਡਰਪਾਸ ਬਣਾਉਣ ਦੀ ਮੰਗ ਪੂਰੀ ਹੋ ਗਈ ਹੈ, ਇਸ ਦੇ ਲਈ 3 ਕਰੋੜ 56 ਲੱਖ 74 ਹਜ਼ਾਰ 857 ਰੁਪਏ ਦੀ ਰਾਸ਼ੀ ਦਾ ਟੈਂਡਰ ਜਾਰੀ ਕਰ ਦਿੱਤਾ ਗਿਆ ਹੈ।



ਛੋਟੇ ਰੇਲਵੇ ਸਟੇਸ਼ਨ ਦੇ ਫਾਟਕ ਵਾਲਾ ਰਸਤਾ ਬੰਦ ਕਰਨ ਮਗਰੋਂ ਲੋਕਾਂ ਨੂੰ ਸ਼ਮਸ਼ਾਨ ਘਾਟ, ਪ੍ਰਾਚੀਨ ਮੰਦਿਰਾਂ, ਦੁਕਾਨਦਾਰਾਂ ਅਤੇ ਕਲੋਨੀ ਵਾਸੀਆਂ ਨੂੰ ਪ੍ਰੇਸ਼ਾਨੀ ਹੋ ਰਹੀ ਸੀ। ਹਰਿਆਣਾ ਪ੍ਰਦੇਸ਼ ਵਪਾਰ ਮੰਡਲ ਨੇ ਇਹ ਪੁਲ ਬਣਵਾਉਣ ਲਈ ਵਿਸ਼ੇਸ਼ ਤੌਰ ’ਤੇ ਮੁੱਦਾ ਉਠਾਇਆ ਸੀ। ਵਪਾਰੀ, ਦੁਕਾਨਦਾਰ ਤੇ ਕਲੋਨੀ ਵਾਸੀਆਂ ਨੇ ਇਸ ਸਮੱਸਿਆ ਦੇ ਹੱਲ ਲਈ ਧਰਨਾ ਵੀ ਲਾਇਆ ਸੀ। ਵਿਧਾਇਕ ਨੇ ਦੱਸਿਆ ਕਿ ਉਨ੍ਹਾਂ ਨੇ ਰੇਲਵੇ ਦੇ ਉੱਚ ਅਧਿਕਾਰੀਆਂ ਨੂੰ ਕਹਿ ਕੇ ਸੱਮਸਿਆ ਦੂਰ ਕਰਵਾ ਦਿੱਤੀ ਹੈ। ਉੱਧਰ ਹਰਿਆਣਾ ਪ੍ਰਦੇਸ਼ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਮਹਾਵੀਰ ਕੰਪਿਊਟਰ ਨੇ ਇਸ ਅੰਡਰਪਾਸ ਬਣਾਏ ਜਾਣ ਦੀ ਮਨਜ਼ੂਰੀ ਮਿਲਣ ’ਤੇ ਵਪਾਰੀਆਂ ਦੀ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਹ ਟੈਂਡਰ ਭਰਨ ਦੀ ਪ੍ਰਕਿਰਿਆ 26 ਅਪਰੈਲ ਤੋਂ ਸ਼ੁਰੂ ਹੋ ਕੇ 10 ਮਈ ਤੱਕ ਚੱਲੇਗੀ ਅਤੇ ਇਸ ਅੰਡਰਪਾਸ ਦਾ ਕੰਮ ਅਗਲੇ 6 ਮਹੀਨਿਆਂ ਵਿੱਚ ਪੂਰਾ ਕਰ ਦਿੱਤਾ ਜਾਵੇਗਾ।

# ਬੱਸ ਹਾਦਸਾ: ਸਕੂਲ ਮਾਲਕ ਨੂੰ ਪੰਜ-ਰੋਜ਼ਾ ਰਿਮਾਂਡ ’ਤੇ ਭੇਜਿਆ

**ਟੋਹਾਣਾ , 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਈਦ ਵਾਲੇ ਦਿਨ 11 ਅਪਰੈਲ ਨੂੰ ਕਨੀਨਾ ਵਿੱਚ ਨਿੱਜੀ ਸਕੂਲ ਦੇ 6 ਵਿਦਿਆਰਥੀਆਂ ਦੀਆਂ ਸੜਕ ਹਾਦਸੇ ਵਿੱਚ ਹੋਈ ਮੌਤ ਦੇ ਮਾਮਲੇ ਵਿੱਚ ਫ਼ਰਾਰ ਚਲ ਰਹੇ ਸਕੂਲ ਮਾਲਕ ਰਾਜਿੰਦਰ ਲੋਡਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰਨ ’ਤੇ ਪੰਜ-ਰੋਜ਼ਾ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ। ਪੁਲੀਸ ਮੁਤਾਬਕ ਲੋਡਾ ਦਾ ਬੇਟਾ ਸੁਭਾਸ਼ ਅਜੇ ਵੀ ਫ਼ਰਾਰ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ਇਸ ਮਾਮਲੇ ’ਚ ਪੁਲੀਸ ਟੀਮ ਨੇ ਹੁਣ ਤੱਕ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਵਿੱਚ ਪ੍ਰਿੰਸੀਪਲ ਦੀਪਤੀ ਯਾਦਵ, ਸਕੱਤਰ ਹੁਸ਼ਿਆਰ ਸਿੰਘ, ਬੱਸ ਡਰਾਈਵਰ ਧਰਮਿੰਦਰ ਤੇ ਉਸ ਨਾਲ ਸ਼ਰਾਬ ਪੀਣ ਵਾਲੇ ਨੀਟੂ ਉਰਫ਼ ਹਰੀਸ਼, ਸੰਦੀਪ ਤੇ ਨਰੇਸ਼ ਉਰਫ਼ ਕਾਲੀਆਂ ਤੇ ਭੂਦੇਵ ਸ਼ਾਮਲ ਹਨ।

ਐਸ.ਪੀ. ਵਰਮਾ ਦੇ ਦਫ਼ਤਰ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੁਲਜ਼ਮਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਸੁਭਾਸ਼ ਦੀ ਭਾਲ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਹਰਿਆਣਾ ਰੋਡਵੇਜ਼ ਦੇ ਅਧਿਕਾਰੀਆਂ ਨੇ ਹਾਦਸਾਗ੍ਰਸਤ ਬੱਸ ਦਾ ਨਿਰੀਖਣ ਕਰ ਕੇ ਹਾਦਸੇ ਦੇ ਕਾਰਨਾਂ ਦੀ ਰਿਪੋਰਟ ਤਿਆਰ ਕਰ ਕੇ ਰੋਡਵੇਜ਼ ਮੰਤਰੀ ਅਸ਼ੀਮ ਗੋਇਲ ਨੂੰ ਸੌਂਪ ਦਿੱਤੀ ਹੈ। ਸਰਕਾਰ ਨੇ ਸਕੂਲ ਬੱਸ ਹਾਦਸੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਾਰੇ ਸੂਬੇ ਦੇ ਨਿੱਜੀ ਸਕੂਲਾਂ ਦੀਆਂ ਬੱਸਾਂ, ਵਾਹਨਾਂ ਦੀ ਸਪੈਸ਼ਲ ਚੈਕਿੰਗ ਲਈ ਟੀਮਾਂ ਬਣਾਈਆਂ ਹਨ, ਜੋ ਕਿ ਕੰਡਮ ਬੱਸਾਂ ਨੂੰ ਥਾਣੇ ਬੰਦ ਕਰ ਰਹੀਆਂ। ਟੀਮਾਂ ਵੱਲੋਂ ਅਗਲੇ ਦਿਨੀਂ ਚੈਕਿੰਗ ਜਾਰੀ ਰਹੇਗੀ।

# ਅਸ਼ੋਕ ਪਰਾਸ਼ਰ ਪੱਪੀ ਦੇ ਹੱਕ ਵਿੱਚ ਡਟੇ ‘ਆਪ’ ਵਾਲੰਟੀਅਰ



**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਲੁਧਿਆਣਾ ਦੀ ਵਾਲੰਟੀਅਰ ਮਿਲਣੀ ਸਥਾਨਕ ਸ਼ਹਿਨਸ਼ਾਹ ਪੈਲੇਸ ਵਿੱਚ ਕੀਤੀ ਗਈ। ਮੀਟਿੰਗ ਦੀ ਅਗਵਾਈ ਸੂਬਾ ਸਕੱਤਰ ਅਮਨਦੀਪ ਸਿੰਘ ਮੋਹੀ, ਜ਼ਿਲ੍ਹਾ ਪ੍ਰਧਾਨ ਸ਼ਰਨਪਾਲ ਸਿੰਘ ਮੱਕੜ ਅਤੇ ਲੋਕ ਸਭਾ ਇੰਚਾਰਜ ਡਾ. ਦੀਪਕ ਬਾਂਸਲ, ਦਿਹਾਤੀ ਪ੍ਰਧਾਨ ਹਰਭੁਪਿੰਦਰ ਸਿੰਘ ਧਰੋੜ ਨੇ ਕੀਤੀ। ਇਸ ਮਿਲਣੀ ਵਿੱਚ ਮੁੱਖ ਮਹਿਮਾਨ ਦੇ ਤੌਰ ’ਤੇ ਲੁਧਿਆਣਾ ਲੋਕ ਸਭਾ ਹਲਕੇ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਪੁੱਜੇ। ਇਸ ਦੌਰਾਨ ਸ਼ਹਿਰ ਦੇ ਸਾਰੇ ਹੀ ਵਿਧਾਇਕ ਤੇ ਪਾਰਟੀ ਅਹੁਦੇਦਾਰ ਵੀ ਮੌਜੂਦ ਸਨ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਅਮਨਦੀਪ ਸਿੰਘ ਮੋਹੀ ਨੇ ਕਿਹਾ ਕਿ ਪਾਰਟੀ ਨੇ ਕਾਫ਼ੀ ਵਿਚਾਰਾਂ ਤੋਂ ਬਾਅਦ ਲੋਕਾਂ ਵਿੱਚ ਵਿਚਰਨ ਵਾਲੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਲੋਕ ਸਭਾ ਲੁਧਿਆਣਾ ਦੀ ਜ਼ਿੰਮੇਵਾਰੀ ਸੌਂਪੀ ਹੈ ਤੇ ਉਨ੍ਹਾਂ ਨੂੰ ਜਿਤਾਉਣਾ ਹੁਣ ਵਾਲੰਟੀਅਰਾਂ ਦੀ ਜ਼ਿੰਮੇਵਾਰੀ ਹੈ।

‘ਆਪ’ ਆਗੂ ਨੇ ਕਿਹਾ ਕਿ ਹੁਣ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਲੋਕ ਸਭਾ ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ ਨੂੰ ਲੁਧਿਆਣਾ ਸੀਟ ਤੋਂ ਵੱਡੇ ਫਰਕ ਨਾਲ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਮਿਸ਼ਨ 13-0 ਵਿੱਚ ਆਪਣਾ ਯੋਗਦਾਨ ਪਾਇਆ ਜਾਵੇ।

ਜ਼ਿਲ੍ਹਾ ਪ੍ਰਧਾਨ ਸ਼ਰਨਪਾਲ ਸਿੰਘ ਮੱਕੜ ਨੇ ਅਸ਼ੋਕ ਪਰਾਸ਼ਰ ਪੱਪੀ ਨੂੰ ਯਕੀਨ ਦਿਵਾਇਆ ਕਿ ਪਾਰਟੀ ਦਾ ਇਕ ਇਕ ਵਾਲੰਟੀਅਰ ਸਾਥੀ ਉਨ੍ਹਾਂ ਨੂੰ ਦਿੱਲੀ ਸੰਸਦ ਵਿੱਚ ਭੇਜਣ ਲਈ ਘਰ ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰੇਗਾ ਅਤੇ ਵੋਟ ਮੰਗੇਗਾ।

ਲੋਕ ਸਭਾ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਨੇ ਵੱਡੀ ਗਿਣਤੀ ਵਿੱਚ ਵਾਲੰਟੀਅਰਾਂ ਦਾ ਪਹੁੰਚਣ ਅਤੇ ਸਾਥ ਦੇਣ ਦੇ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਸੇਵਾ ਪਾਰਟੀ ਨੇ ਲਗਾਈ ਹੈ ਉਸ ਨੂੰ ਪੂਰੇ ਯਤਨਾਂ ਨਾਲ ਨਿਭਾਉਣਗੇ। ਇਸ ਮੌਕੇ ਵਿਧਾਇਕ ਮਦਨ ਲਾਲ ਬੱਗਾ, ਕੁਲਵੰਤ ਸਿੰਘ ਸਿੱਧੂ, ਦਲਜੀਤ ਸਿੰਘ ਭੋਲਾ ਗਰੇਵਾਲ, ਗੁਰਪ੍ਰੀਤ ਗੋਗੀ, ਬੀਬੀ ਰਜਿੰਦਰਪਾਲ ਕੌਰ ਛੀਨਾ, ਜੀਵਨ ਸਿੰਘ ਸੰਗੋਵਾਲ, ਚੇਅਰਮੈਨ ਅਤੇ ਖਜ਼ਾਨਚੀ ਸੁਰੇਸ਼ ਗੋਇਲ, ਚੇਅਰਮੈਨ ਇੰਪਰੂਵਮੈਂਟ ਟਰੱਸਟ ਤਰਸੇਮ ਸਿੰਘ ਭਿੰਡਰ, ਬਲੌਰ ਸਿੰਘ ਮੁੱਲਾਂਪੁਰ, ਹਰਨੇਕ ਸਿੰਘ ਸੇਖੋਂ, ਪ੍ਰੋਫੈਸਰ ਤੇਜਪਾਲ ਸਿੰਘ, ਪਰਮਵੀਰ ਸਿੰਘ, ਦੁਪਿੰਦਰ ਸਿੰਘ, ਮਾਸਟਰ ਹਰੀ ਸਿੰਘ, ਗੁਰਜੀਤ ਸਿੰਘ ਗਿੱਲ, ਅਬਦੁਲ ਕਾਦਿਰ, ਨੀਤੂ ਵੋਹਰਾ, ਸ਼ੇਖਰ ਗਰੋਵਰ, ਇੰਦਰਜੀਤ ਕੌਰ, ਸੋਨੂ ਕਲਿਆਣ, ਸੁਰਿੰਦਰ ਸਿੰਘ, ਲੇਖ ਰਾਜ ਅਰੋੜਾ, ਧਰਮਿੰਦਰ ਸਿੰਘ ਫੌਜੀ, ਗੁਰਪ੍ਰੀਤ ਸੈਣੀ, ਰਾਜੂਬੀਰ ਸਿੰਘ ਤੇ ਸੁਰਿੰਦਰ ਸਿੰਘ ਸ਼ਿੰਦਾ ਆਦਿ ਮੌਜੂਦ ਸਨ।

# ਆਪਣੇ ਖ਼ਿਲਾਫ਼ ਉੱਠਣ ਵਾਲੀ ਆਵਾਜ਼ ਨੂੰ ਜੇਲ੍ਹ ’ਚ ਡੱਕ ਰਹੀ ਹੈ ‘ਆਪ’ ਸਰਕਾਰ: ਖਹਿਰਾ

**ਬਰਨਾਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਖਹਿਰਾ ਨੇ ਅੱਜ ਕਿਹਾ ਕਿ ਸੂਬੇ ਦੀ ਸਰਕਾਰ ਆਪਣੇ ਖ਼ਿਲਾਫ਼ ਉੱਠਣ ਵਾਲੀ ਹਰ ਆਵਾਜ਼ ਨੂੰ ਦੱਬਣ ਲਈ ਨਾਜਾਇਜ਼ ਪਰਚੇ ਪਾ ਕੇ ਲੋਕਾਂ ਨੂੰ ਜੇਲ੍ਹਾਂ ਅੰਦਰ ਸੁੱਟ ਰਹੀ ਹੈ, ਜਿਸ ਦਾ ਜਿਊਂਦਾ ਜਾਗਦਾ ਸਬੂਤ ਤੁਹਾਡੇ ਸਾਹਮਣੇ ਬੈਠਾ ਹੈ। ਉਹ ਅੱਜ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਰਿਹਾਇਸ਼ ’ਤੇ ਸੈਂਕੜੇ ਵਰਕਰਾਂ ਤੇ ਆਗੂਆਂ ਦੇ ਇੱਕਠ ਨੂੰ ਸੰਬੋਧਨ ਕਰ ਰਹੇ ਸਨ। ਖਹਿਰਾ ਨੇ ਕਿਹਾ ਕਿ ਸੂਬੇ ਦੇ ਲੋਕ ਦੋ ਸਾਲਾਂ ’ਚ ਹੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਭਾ ਦੀਆਂ ਟਿਕਟਾਂ ਆਮ ਪੰਜਾਬੀਆਂ ਨੂੰ ਦੇਣ ਦੀ ਜਗ੍ਹਾ ਕਰੋੜਪਤੀਆਂ ਅਤੇ ਸੂਬੇ ਦੇ ਬਾਹਰਲੇ ਵਿਅਕਤੀਆਂ ਨੂੰ ਦਿੱਤੀਆਂ ਗਈਆਂ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਕਹਾਉਣ ਵਾਲੀ ਪਾਰਟੀ ਨੂੰ ਸੂਬੇ ਦੇ 13 ਸੰਸਦੀ ਹਲਕਿਆਂ ’ਚ 5 ਕੈਬਨਿਟ ਮੰਤਰੀ,,,, ,ਤਿੰਨ ਵਿਧਾਇਕ ਅਤੇ ਬਾਕੀ ਬਾਹਰੋਂ ਲਿਆਂਦੇ ਉਮੀਦਵਾਰ ਚੋਣ ਮੈਦਾਨ ’ਚ ਉਤਾਰਨੇ ਪਏ ਹਨ। ਸੂਬਾ ਸਰਕਾਰ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਸੂਬੇ ’ਚ ਨੌਕਰੀਆਂ ਲਈ ਪੰਜਾਬੀਆਂ ਦੀ ਜਗ੍ਹਾ ਬਾਹਰਲੇ ਸੂਬਿਆਂ ਦੇ ਨੌਜਵਾਨਾਂ ਨੂੰ ਭਰਤੀ ਕਰ ਰਹੀ ਹੈ। ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਤਾਂ ਆਪਣੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਦੀ ਗੱਲ ਨਹੀਂ ਸੁਣਦੇ।



ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਾਮ ਪਾਲ ਸਿੰਗਲਾ,,,, ਸੀਨੀਅਰ ਕਾਂਗਰਸੀ ਆਗੂ ਮਨੀਸ਼ ਬਾਂਸਲ,, ,ਮੱਖਣ ਸ਼ਰਮਾ ਆਦਿ ਕਾਂਗਰਸੀ ਆਗੂ ਮੌਜੂਦ ਸਨ।

# ਸੱਪ ਦੇ ਡੱਸਣ ਕਾਰਨ ਨੌਜਵਾਨ ਦੀ ਮੌਤ

**ਜੀਂਦ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਸੰਡੀਲ ਵਿੱਚ ਇੱਕ ਨੌਜਵਾਨ ਦੀ ਸੱਪ ਦੇ ਡੱਸਣ ਕਾਰਨ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਮ੍ਰਿਤਕ ਦੀ ਪਛਾਣ ਰਾਜੇਸ਼ (32) ਵਾਸੀ ਪਿੰਡ ਰੋਹੇੜਾ ਜ਼ਿਲ੍ਹਾ ਕੈਥਲ ਵਜੋਂ ਹੋਈ ਹੈ। ਇਹ ਨੌਜਵਾਨ ਇੱਥੇ ਆਪਣੇ ਕਿਸੇ ਕੰਮ ਲਈ ਆਇਆ ਹੋਇਆ ਸੀ।

ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਅਲੇਵਾ ਤਹਿਤ ਨਗਰਾਂ ਪੁਲੀਸ ਚੌਕੀ ਦੇ ਅਧਿਕਾਰੀਆਂ ਨੇ ਮ੍ਰਿਤਕ ਦੇ ਵਾਰਸਾਂ ਦੇ ਬਿਆਨ ਉੱਤੇ ਮਾਮਲੇ ਦੀ ਜਾਂਚ ਕਰਦੇ ਹੋਏ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਹੈ।

## ਜੀਂਦ ਦੀ ਅਨਾਜ ਮੰਡੀ ਵਿੱਚ ਕਣਕ ਦੀ ਆਮਦ ਜ਼ੋਰਾਂ ’ਤੇ



**ਜੀਂਦ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਂਦ ਦੀ ਨਵੀਂ ਅਨਾਜ ਮੰਡੀ ਵਿੱਚ ਕਣਕ ਦੀ ਆਮਦ ਜ਼ੋਰਾਂ ’ਤੇ ਹੋ ਰਹੀ ਹੈ। ਮਾਰਕੀਟ ਕਮੇਟੀ ਦਾ ਸੂਤਰਾਂ ਅਨਸਾਰ ਇਸ ਅਨਾਜ ਮੰਡੀ ਵਿੱਚ ਹੁਣ ਤੱਕ ਲਗਭਗ 3,95,945 ਕੁਇੰਟਲ ਕਣਕ ਦੀ ਆਮਦ ’ਚੋਂ ਲਗਭਗ 3,01,100 ਕੁਇੰਟਲ ਕਣਕ ਦੀ ਖਰੀਦ ਹੋ ਚੁੱਕੀ ਹੈ। ਲਗਭਗ 56,000 ਕੁਇੰਟਲ ਕਣਕ ਦੀ ਚੁਕਾਈ ਹੋ ਚੁੱਕੀ ਹੈ, ਜਦੋਂਕਿ 94,845 ਕੁਇੰਟਲ ਕਿਸਾਨਾਂ ਦੀ ਕਣਕ ਦੀ ਫਸਲ ਮੰਡੀ ਵਿੱਚ ਵਿਕਣ ਦੀ ਉਡੀਕ ਕਰ ਰਹੀ ਹੈ।

ਇਸ ਸਾਲ ਇੱਥੇ ਕਣਕ ਦਾ ਝਾੜ ਕਾਫੀ ਹੈ ਅਤੇ ਮੰਡੀ ਵਿੱਚ ਕਿਸਾਨ ਭਾਰੀ ਮਾਤਰਾ ’ਚ ਫਸਲ ਵੇਚਣ ਲਈ ਲਿਆ ਰਹੇ ਹਨ। ਇਸ ਸਮੇਂ ਹਾਲਾਤ ਇਹ ਹਨ ਕਿ ਕਣਕ ਦੀ ਫਸਲ ਆਉਣ ਨਾਲ ਪੂਰੀ ਅਨਾਜ ਮੰਡੀ ਵਿੱਚ ਪੈਰ ਰੱਖਣ ਦੀ ਥਾਂ ਨਹੀਂ ਹੈ। ਮੰਡੀ ’ਚ ਕਣਕ ਨਾਲ ਭਰੀਆਂ ਬੋਰੀਆਂ ਦੇ ਅੰਬਾਰ ਲੱਗ ਚੁੱਕੇ ਹਨ। ਕਣਕ ਦੀ ਢਿੱਲੀ ਲਿਫਟਿੰਗ ਹੋਣ ਕਾਰਨ ਕਿਸਾਨਾਂ ਅਤੇ ਆੜ੍ਹਤੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿਉਂਕਿ ਚੁਕਾਈ ਦਾ ਕੰਮ ਹਾਥੀ ਦੀ ਚਾਲ ਚੱਲ ਰਿਹਾ ਹੈ। ਉੱਧਰ ਕਿਸਾਨਾਂ ਦੀ ਅਦਾਇਗੀ ਵਿੱਚ ਵੀ ਦੇਰੀ ਹੋ ਰਹੀ ਹੈ। ਕੱਲ੍ਹ ਦੇਰ ਸ਼ਾਮ ਪਏ ਹਲਕੇ ਮੀਂਹ ਨੇ ਕਿਸਾਨਾਂ ਅਤੇ ਆੜ੍ਹਤੀਆਂ ਦੇ ਸਾਹ ਸੂਤ ਦਿੱਤੇ ਸਨ। ਉਨ੍ਹਾਂ ਨੇ ਸਕੱਤਰ ਮਾਰਕੀਟ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਖਰੀਦ ਏਜੰਸੀਆਂ ਨੂੰ ਕਹਿ ਕੇ ਚੁਕਾਈ ਦੇ ਕੰਮ ਵਿੱਚ ਤੇਜ਼ੀ ਲਿਆਉਣ। ਮਾਰਕੀਟ ਕਮੇਟੀ ਦੇ ਸਕੱਤਰ ਸੰਜੀਵ ਕੁਮਾਰ ਦਾ ਕਹਿਣਾ ਹੈ ਕਿ ਸੀਜ਼ਨ ਵਿੱਚ ਆੜ੍ਹਤੀਆਂ ਨੂੰ ਕੁਝ ਸਮੱਸਿਆਵਾਂ ਦਾ ਆਉਣਾ ਸੁਭਾਵਿਕ ਹੀ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਊਣ ਲਈ ਸਬੰਧਤ ਖਰੀਦ ਏਜੰਸੀਆਂ ਨੂੰ ਪੱਤਰ ਲਿਖ ਦਿੱਤਾ ਹੈ।

ਸਰਕਾਰ ਦੇ ਆਦੇਸ਼ਾਂ ਉਪਰੰਤ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਰੂਪ ਗਰਗ ਨੇ ਇਥੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਗਰੋਹਾ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ, ਜਿਨ੍ਹਾਂ ਨੇ ਕਿਸਾਨਾਂ ਨੂੰ ਸਰਕਾਰ ਦੇ ਮਾਪਦੰਡ ਤਹਿਤ ਕਣਕ ਦਾ ਇੱਕ-ਇੱਕ ਦਾਣਾ ਸਰਕਾਰੀ ਰੇਟ ’ਤੇ ਖਰੀਦਣ ਦਾ ਭਰੋਸਾ ਦਿੱਤਾ। ਹਾਲਾਂਕਿ ਸਰਕਾਰ ਨੇ ਸੂਬੇ ਵਿਚ 1 ਅਪਰੈਲ ਤੋਂ ਹੀ ਕਣਕ ਦੀ ਸਰਕਾਰੀ ਖਰੀਦ ਕਰਨ ਦਾ ਐਲਾਨ ਕੀਤਾ ਸੀ ਪਰ ਪਿਛਲੇ ਕਈ ਦਿਨਾਂ ਤੋਂ ਮੰਡੀ ਵਿਚ ਕਣਕ ਦੀ ਆਮਦ ਸ਼ੁਰੂ ਹੋਣ ਦੇ ਬਾਵਜੂਦ ਜ਼ਿਆਦਾ ਨਮੀ ਹੋਣ ਕਾਰਨ ਖਰੀਦ ਸ਼ੁਰੂ ਨਹੀਂ ਹੋ ਸਕੀ। ਅੱਜ ਦੁਕਾਨ ਨੰ. 152 ਦੀ ਫਰਮ ਜਨਕ ਰਾਜ, ਅਸ਼ੋਕ ਕੁਮਾਰ ਦੀ ਦੁਕਾਨ ਤੋਂ ਕਣਕ ਦੀ ਖਰੀਦ ਸ਼ੁਰੂ ਕਰਵਾਈ ਗਈ। ਵਪਾਰ ਮੰਡਲ ਦੇ ਪ੍ਰਧਾਨ ਨੇ ਮੰਡੀ ਦੇ ਸਾਰੇ ਵਪਾਰੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਣਕ ਦੀ ਆਮਦ ਦੌਰਾਨ ਉਹ ਆਪਣੇ ਕਿਸਾਨਾਂ ਨੂੰ ਸਰਕਾਰੀ ਮਾਪਦੰਡ ਤਹਿਤ ਕਣਕ ਦੀ ਫਸਲ ਮੰਡੀ ਵਿਚ ਲਿਆਉਣ ਲਈ ਪ੍ਰੇਰਿਤ ਕਰਨ ਤਾਂ ਕਿ ਭਵਿੱਖ ਵਿਚ ਖਰੀਦ ਦੇ ਸਮੇਂ ਕਿਸੇ ਵੀ ਏਜੰਸੀ ਨੂੰ ਪ੍ਰੇਸ਼ਾਨੀ ਨਾ ਹੋਵੇ। ਉਨ੍ਹਾਂ ਭਰੋਸਾ ਦਿੰਦੇ ਹੋਏ ਕਿਹਾ ਕਿ ਵਪਾਰ ਮੰਡਲ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਤਾਲਮੇਲ ਦੇ ਨਾਲ ਹੀ ਕੰਮ ਕਰੇਗਾ ਅਤੇ ਪੂਰੀ ਮੰਡੀ ਵਿਚ ਕ੍ਰਮਵਾਰ ਹੀ ਕਣਕ ਦੀ ਖਰੀਦ ਕੀਤੀ ਜਾਵੇਗੀ। ਹਾਲਾਂਕਿ ਅੱਜ ਦੀ ਖਰੀਦ ਸ਼ੁਰੂ ਕਰਵਾਉਣ ਲਈ ਵਿਧਾਇਕ ਲਛਮਣ ਨਾਪਾ ਨੂੰ ਵੀ ਬੁਲਾਇਆ ਗਿਆ ਸੀ ਪਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਅਤੇ ਵਪਾਰ ਮੰਡਲ ਨੂੰ ਹੀ ਆਪਣੇ ਪੱਧਰ ’ਤੇ ਕਣਕ ਦੀ ਖਰੀਦ ਸ਼ੁਰੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਸੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਖਰੀਦ ਦੌਰਾਨ ਕਿਸੇ ਵੀ ਕਿਸਾਨ ਜਾਂ ਵਪਾਰੀ ਨੂੰ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ ਅਤੇ ਸਾਰੀਆਂ ਖਰੀਦ ਏਜੰਸੀਆਂ ਨਿਯਮਤ ਰੂਪ ਵਿਚ ਹੀ ਸਰਕਾਰ ਦੇ ਮਾਪਦੰਡ ਤਹਿਤ ਕਣਕ ਦੀ ਖਰੀਦ ਕਰਨ। ਇਸ ਮੌਕੇ ਫੂਡ ਸਪਲਾਈ ਦੇ ਇੰਸਪੈਕਟਰ ਹਰਪਾਲ ਸਿੰਘ ਅਤੇ ਮਾਰਕੀਟ ਕਮੇਟੀ ਦੇ ਅਧਿਕਾਰੀ ਅਮਿਤ ਕੁਮਾਰ ਤੋਂ ਇਲਾਵਾ ਵਪਾਰ ਮੰਡਲ ਦੇ ਸਾਬਕਾ ਪ੍ਰਧਾਨ ਰਾਜੂ ਲਾਲੀ, ਸੋਨੂੰ ਜਿੰਦਲ, ਸੁਖਦੀਪ ਗਰੇਵਾਲ, ਸ਼ਿਵ ਸੋਨੀ, ਪ੍ਰਮੋਦ ਬਾਂਸਲ, ਖੇਮ ਚੰਦ, ਨਵਨੀਤ ਮਹਿਤਾ, ਕ੍ਰਿਸ਼ਨ ਤਨੇਜਾ ਅਤੇ ਹੋਰ ਵਪਾਰੀ ਹਾਜ਼ਰ ਸਨ।

# ਜੀਤ ਮਹਿੰਦਰ ਸਿੱਧੂ ਨੇ ਧਾਰਮਿਕ ਸਥਾਨਾਂ ’ਤੇ ਮੱਥਾ ਟੇਕਿਆ



**ਬਠਿੰਡਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਅੱਜ ਇਥੇ ਗੁਰਦੁਆਰਾ ਕਿਲਾ ਮੁਬਾਰਕ, ਗੁਰਦੁਆਰਾ ਹਾਜੀ ਰਤਨ, ਮੰਦਰ ਅਤੇ ਮਸਜਿਦ ਵਿੱਚ ਨਤਮਸਤਕ ਹੋਏ।

ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਬਠਿੰਡਾ (ਸ਼ਹਿਰੀ) ਦੇ ਪ੍ਰਧਾਨ ਰਾਜਨ ਗਰਗ, ਬਠਿੰਡਾ ਬਲਾਕ ਦੇ ਪ੍ਰਧਾਨ ਬਲਰਾਜ ਸਿੰਘ ਪੱਕਾ, ਮੀਤ ਪ੍ਰਧਾਨ ਰੁਪਿੰਦਰ ਬਿੰਦਰਾ, ਨਗਰ ਨਿਗਮ ਦੇ ਡਿਪਟੀ ਮੇਅਰ ਮਾਸਟਰ ਹਰਿਮੰਦਰ ਸਿੰਘ, ਨਗਰ ਸੁਧਾਰ ਟਰਸਟ ਦੇ ਸਾਬਕਾ ਚੇਅਰਮੈਨ ਕੇਕੇ ਅਗਰਵਾਲ, ਪੀਪੀਸੀਸੀ ਡੈਲੀਗੇਟ ਟਹਿਲ ਸਿੰਘ ਸੰਧੂ ਤੇ ਪਵਨ ਮਾਨੀ, ਅਰੁਣ ਵਧਾਵਨ, ਦਰਸ਼ਨ ਜੀਦਾ, ਹਰੀ ਓਮ ਠਾਕੁਰ ਸਮੇਤ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰ, ਕੌਂਸਲਰ, ਸਰਪੰਚ, ਪੰਚ ਅਤੇ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ। ਜੀਤ ਮਹਿੰਦਰ ਸਿੰਘ ਸਿੱਧੂ ਨੇ ਵੱਡੀ ਜ਼ਿੰਮੇਵਾਰੀ ਦੇਣ ਲਈ ਕਾਂਗਰਸ ਹਾਈ ਕਮਾਨ ਦਾ ਧੰਨਵਾਦ ਕਰਦਿਆਂ, ਆਪਣੀ ਜਿੱਤ ਦਾ ਦਾਅਵਾ ਕੀਤਾ।

# ਅਕਾਲੀ ਦਲ ਦੇ ਸੰਪਰਕ ’ਚ ਆਏ ਬੈਂਸ ਭਰਾ



**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਰਾਜਨੀਤੀ ਵਿੱਚ ਵੱਖਰੀ ਪਛਾਣ ਰੱਖਣ ਵਾਲੇ ਬੈਂਸ ਭਰਾ ਹੁਣ ਸ਼ੋਮਣੀ ਅਕਾਲੀ ਦਲ ਦੇ ਸੰਪਰਕ ਵਿੱਚ ਹਨ। ਪਹਿਲਾਂ ਭਾਜਪਾ, ਫਿਰ ਕਾਂਗਰਸ ਤੇ ਹੁਣ ਸਿਆਸੀ ਚਰਚਾ ਹੈ ਕਿ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਅਕਾਲੀ ਦਲ ਨਾਲ ਜਾ ਸਕਦੇ ਹਨ। ਇਹ ਵੀ ਚਰਚਾ ਹੈ ਕਿ ਸਿਮਰਜੀਤ ਬੈਂਸ ਲੁਧਿਆਣਾ ਤੋਂ ਲੋਕ ਸਭਾ ਦੇ ਉਮੀਦਵਾਰ ਹੋਣ। ਸ਼ਹਿਰ ਦੀਆਂ 2 ਸੀਟਾਂ ’ਤੇ ਆਜ਼ਾਦ ਚੋਣ ਲੜ ਕੇ ਜਿੱਤਣ ਵਾਲੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਹੁਣ ਸ਼ਹਿਰ ਦੀ ਸਿਆਸਤ ’ਚ ਨਵੀਂ ਚਰਚਾ ਛੇੜ ਦਿੱਤੀ ਹੈ। ਸੋਸ਼ਲ ਮੀਡੀਆ ’ਤੇ ਸਵੇਰ ਤੋਂ ਇਹ ਚਰਚਾ ਚੱਲ ਰਹੀ ਹੈ ਕਿ ਬੈਂਸ ਅਕਾਲੀ ਦਲ ’ਚ ਜਾ ਸਕਦੇ ਹਨ ਤੇ ਉਨ੍ਹਾਂ ਦੀ ਘਰ ਵਾਪਸੀ ਹੋ ਸਕਦੀ ਹੈ। ਆਉਣ ਵਾਲੇ 1-2 ਦਿਨਾਂ ’ਚ ਪੂਰੀ ਤਸਵੀਰ ਸਾਫ਼ ਹੋ ਜਾਵੇਗੀ। ਸਿਮਰਜੀਤ ਸਿੰਘ ਬੈਂਸ ਆਪਣੀ ਲੋਕ ਇਨਸਾਫ਼ ਪਾਰਟੀ ਦੇ ਚੋਣ ਨਿਸ਼ਾਨ ’ਤੇ ਚੋਣ ਲੜਨਾ ਚਾਹੁੰਦੇ ਹਨ ਤੇ ਉਹ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਨਾਲ ਗੱਠਜੋੜ ਕੀਤਾ ਜਾਵੇ।

# ਤੂੰ ਮੇਰੀ ਖ਼ੁਸ਼ਬੋ ਮਾਹੀਆ

ਸੁਖਦੇਵ ਮਾਦਪੁਰੀ

'ਮਾਹੀਆ' ਲੋਕ ਪ੍ਰਤਿਭਾ ਦੇ ਮੁੱਢ ਕਦੀਮੀਂ ਸਰੋਦੀ ਸੋਮਿਆਂ ਵਿੱਚੋਂ ਵਿਕਸਤ ਹੋਇਆ ਛੋਟੀ ਸਿਨਫ਼ ਦਾ ਲੋਕ ਕਾਵਿ-ਰੂਪ ਹੈ ਜਿਸ ਨੇ ਮਨੁੱਖੀ ਪਿਆਰ, ਰਿਸ਼ਤਿਆਂ ਦੀ ਸਦੀਵੀ ਮੁਹੱਬਤ ਅਤੇ ਅਣਪੱਤ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਅਸਲ ਵਿਚ 'ਮਾਹੀਆ' ਪਿਆਰ ਦਾ ਗੀਤ ਹੈ ਜਿਸ ਨੂੰ ਬਹੁਤ ਹੀ ਸਰਲ ਅਤੇ ਸਾਦਾ ਭਾਸ਼ਾ ਵਿਚ ਸ਼ਿੰਗਾਰ ਰਸ ਅਤੇ ਕਰੁਣਾ ਰਸ ਦੀ ਚਾਸ਼ਨੀ ਵਿਚ ਗਲੇਫ਼ ਕੇ ਲੋਕ ਪ੍ਰਤਿਭਾ ਨੇ ਸਿਰਜਿਆ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ ਬੋਲੀਆਂ ਵਿਚ ਰਚਿਆ ਹੋਇਆ ਮਿਲਦਾ ਹੈ। ਮੁਲਤਾਨ, ਸਿਆਲਕੋਟ, ਪੋਠੋਹਾਰ ਅਤੇ ਜੰਮੂ ਦੇ ਪਹਾੜੀ ਖੇਤਰਾਂ ਵਿਚ ਇਹ ਪੁਰਾਤਨ ਕਾਲ ਤੋਂ ਹੀ ਲੋਕਪ੍ਰਿਆ ਰਿਹਾ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਇਸ ਦਾ ਰੂਪ ਵਿਧਾਨ ਤੇ ਗਾਉਣ ਦੀ ਪ੍ਰਥਾ ਇਕਸਾਰ ਹੈ।

### ਬਾਲੋ ਮਾਹੀਏ

ਪੰਜਾਬ ਵਿਚ ਵਿਸ਼ੇਸ਼ ਕਰਕੇ ਪੋਠੋਹਾਰ ਵਿਚ ਮਾਹੀਏ ਦਾ ਇਕ ਹੋਰ ਰੂਪ ਵੀ ਪ੍ਰਚੱਲਤ ਹੈ, ਜਿਸ ਨੂੰ 'ਬਾਲੋ ਮਾਹੀਏ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਰੂਪ ਕਿਸੇ ਸਮੇਂ ਬੜਾ ਪ੍ਰਚੱਲਤ ਹੋਇਆ ਸੀ। ਬਾਲੋ ਗੁੱਜਰਾਂਵਾਲੇ ਦੀ ਰਹਿਣ ਵਾਲੀ ਇਕ ਸੁੰਦਰ ਮੁਟਿਆਰ ਸੀ ਜਿਸ ਦਾ ਪਿਆਰ ਮੁਹੰਮਦ ਅਲੀ ਨਾਂ ਦੇ ਗੱਭਰੂ ਨਾਲ ਸੀ, ਜਿਸ ਨੂੰ ਉਹ ਪਿਆਰ ਨਾਲ 'ਮਾਹੀਆ' ਸੱਦਿਆ ਕਰਦੀ ਸੀ। ਦੋਹਾਂ ਦਾ ਆਪੋ ਵਿਚ ਅਮੁੱਕ ਪਿਆਰ ਸੀ ਤੇ ਰੱਬ ਨੇ ਇਨ੍ਹਾਂ ਦੋਹਾਂ ਨੂੰ ਹੁਸਨ ਦੇ ਨਾਲ ਆਵਾਜ਼ ਵੀ ਸੁਰੀਲੀ ਬਖ਼ਸ਼ੀ ਸੀ। ਇਨ੍ਹਾਂ ਦੋਹਾਂ ਨੇ ਮਾਹੀਏ ਦੀਆਂ ਨਵੀਆਂ ਧੁਨਾਂ ਪ੍ਰਚੱਲਤ ਕੀਤੀਆਂ, ਜੋ ਸਵਾਲਾਂ-ਜਵਾਬਾਂ ਵਿਚ ਹਨ। ਇਕ ਟੱਪੇ ਵਿਚ ਬਾਲੋ ਦਾ ਨਾਂ ਆਉਂਦਾ ਹੈ ਤੇ ਦੂਜੇ ਵਿਚ ਮਾਹੀਆ ਸ਼ਬਦ ਆਉਂਦਾ ਹੈ। ਇਸ ਵਿਚ ਹੁਸਨ ਇਸ਼ਕ ਦੀ ਚਰਚਾ ਹੁੰਦੀ ਹੈ ਜਿਵੇਂ :

ਹੱਟੀਆਂ 'ਤੇ ਫੀਤਾ ਈ
ਸੱਚ ਦੱਸ ਨੀ ਬਾਲੋ
ਕਦੇ ਯਾਦ ਵੀ ਕੀਤਾ ਈ...
ਮੈਂ ਖੜ੍ਹੀ ਆਂ ਵਿਚ ਬੇਲੇ
ਕਸਮ ਖ਼ੁਦਾ ਦੀ ਮਾਹੀਆ
ਯਾਦ ਕਰਨੀ ਆਂ ਹਰ ਵੇਲੇ...

ਇਹ ਸਵਾਲਾਂ-ਜਵਾਬਾਂ ਵਾਲਾ ਮਾਹੀਆਂ ਅੱਜ ਵੀ 'ਬਾਲੋ-ਮਾਹੀਆ' ਦੇ ਨਾਂ ਨਾਲ ਪ੍ਰਸਿੱਧ ਹੈ। ਅਸਲ ਵਿਚ 'ਮਾਹੀਆ' ਜਜ਼ਬਿਆਂ ਭਰਪੂਰ ਕਾਵਿ-ਰੂਪ ਹੈ ਜਿਸ ਵਿਚ ਮੁੱਖ ਤੌਰ 'ਤੇ ਰੁਮਾਂਚਿਕ ਵਿਸ਼ਿਆਂ ਨੂੰ ਹੀ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਮੁਹੱਬਤ ਦੀਆਂ ਕੂਲ੍ਹਾਂ ਵਹਿ ਰਹੀਆਂ ਹਨ। ਇਨ੍ਹਾਂ ਗੀਤਾਂ ਵਿਚ ਪੰਜਾਬ ਦੀ ਮੁਟਿਆਰ ਆਪਣੇ ਮਾਹੀਏ ਦੇ ਹੁਸਨ ਦੇ ਵਾਰੇ ਜਾਂਦੀ ਹੋਈ ਉਸ ਲਈ ਆਪਣੀ ਬੇਪਨਾਹ ਮੁਹੱਬਤ ਦਾ ਇਜ਼ਹਾਰ ਹੀ ਨਹੀਂ ਕਰਦੀ ਬਲਕਿ ਸ਼ਿਕਵਿਆਂ, ਨਿਹੋਰਿਆਂ ਦੇ ਬਾਣਾਂ ਅਤੇ ਵਿਛੋੜੇ ਦੇ ਸੱਲ੍ਹਾਂ ਦਾ ਵਰਣਨ ਵੀ ਬੜੇ ਅਨੂਠੇ ਅਤੇ ਦਰਦੀਲੇ ਬੋਲਾਂ ਵਿਚ ਕਰਦੀ ਹੈ :

ਕੋਠੇ 'ਤੇ ਖਲੋ ਮਾਹੀਆ
ਤੂੰ ਫੁੱਲ ਤੋਰੀਏ ਦਾ
ਮੈਂ ਤੇਰੀ ਖ਼ੁਸ਼ਬੋ ਮਾਹੀਆ...

ਪਿਆਰ ਤਾਂ ਇਕ ਰੱਬੀ ਦਾਤ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ :

ਪੱਤੇ ਪਿੱਪਲਾਂ ਦੇ ਹਿਲਦੇ ਨੇ
ਰੱਬ ਜਦੋਂ ਮਿਹਰ ਕਰੇ
ਓਦੋਂ ਦੋ ਦਿਲ ਮਿਲਦੇ ਨੇ...

ਮਾਹੀ ਵੀ ਹੁਣ ਉਸ ਲਈ ਸਭੋ ਕੁਝ ਏ। ਉਸ ਦੇ ਤੁਲ ਦੁਨੀਆਂ 'ਚ ਕੋਈ ਹੋਰ ਸ਼ੈਅ ਨਹੀਂ :

ਰਿਹਾ ਚਮਕ ਸਤਾਰਾ ਈ
ਓਡਾ ਮੈਨੂੰ ਹੋਰ ਕੋਈ ਨਾ
ਜਿੱਡਾ ਮਾਹੀ ਪਿਆਰਾ ਈ...
-ਫੁੱਲ ਵੇ ਗੁਲਾਬ ਦਿਆ
ਤੈਨੂੰ ਸੀਨੇ ਨਾਲ ਲਾਵਾਂ
ਮੇਰੇ ਮਾਹੀਏ ਦੇ ਬਾਗ਼ ਦਿਆ...
-ਛਤਰੀ ਦੀ ਛਾਂ ਕਰ ਲੈ
ਇੱਥੇ ਮਾਹੀ ਆਪ ਵਸੇਂ
ਉੱਥੇ ਸਾਡੀ ਵੀ ਥਾਂ ਕਰ ਲੈ...

ਉਹ ਤਾਂ ਆਪਣੇ ਮਾਹੀ ਲਈ ਸੈਆਂ ਜਫਰ ਝੱਲਣ ਲਈ ਤਤਪਰ ਹੈ :

ਫੁੱਲਾਂ ਦੀ ਫਲਾਈ ਮਾਹੀਆ
ਇਕ ਤੇਰੀ ਜਿੰਦ ਬਦਲੇ
ਜਿੰਦ ਕੰਢਿਆਂ 'ਤੇ ਪਾਈ ਮਾਹੀਆ...

ਉਹ ਤਾਂ ਆਪਣੇ ਮਹਿਬੂਬ ਲਈ ਆਪਣੀ ਜਿੰਦੜੀ ਦਾ ਹਰ ਕਿਣਕਾ ਕੁਰਬਾਨ ਕਰਨ ਲਈ ਤਿਆਰ ਹੈ। ਉਸ ਨੂੰ ਤਾਂ ਮਾਹੀਏ ਵਿੱਚੋਂ ਰੱਬ ਦੇ ਦੀਦਾਰ ਹੁੰਦੇ ਹਨ। ਕਿੰਨੀ ਇੰਤਹਾ ਹੈ ਮੁਹੱਬਤ ਦੀ :

ਨਾ ਲਿਖਿਆ ਮਿਟਦਾ ਏ
ਮੈਨੂੰ ਤਾਂ ਰੱਬ ਮਾਹੀਆ
ਬਸ ਤੇਰੇ 'ਚੋਂ ਦਿਸਦਾ ਏ

ਮਾਹੀ ਦੇ ਮਿਲਾਪ ਨਾਲ ਉਹ ਸ਼ਰਸ਼ਾਰ ਹੋ ਜਾਂਦੀ ਹੈ :

ਪਾਣੀ ਨਹਿਰਾਂ ਦਾ ਵਗਦਾ ਏ
ਅੱਜ ਮੇਰਾ ਮਾਹੀ ਮਿਲਿਆ
ਭੁੰਜੇ ਪੈਰ ਨਾ ਲੱਗਦਾ ਏ

ਮੋਹ-ਮੁਹੱਬਤਾਂ ਭਰੀ ਮੁਟਿਆਰ ਨਾਲ ਦੋ ਬੋਲ ਸਾਂਝੇ ਕਰਨ ਲਈ ਮਾਹੀਆ ਵੀ ਆਪਣੀ ਤੜਪ ਦਾ ਪ੍ਰਗਟਾਵਾ ਕਿਉਂ ਨਾ ਕਰੇ :

ਲਾਡਾਂ ਨਾਲ ਪਲੀਏ ਨੀ
ਮਿੱਠੀ-ਮਿੱਠੀ ਗੱਲ ਕਰ ਜਾਅ
ਮਿਸ਼ਰੀ ਦੀਏ ਡਲੀਏ ਨੀ...

ਉਹ ਉਸ ਦੀ ਮੁਹੱਬਤ ਅਤੇ ਹੁਸਨ 'ਤੇ ਵਾਰੇ-ਵਾਰੇ ਜਾਂਦਾ ਹੈ :

ਚੰਦ ਚੜ੍ਹਿਆ ਲੋਈ ਵਾਲਾ
ਤੂੰ ਮੇਰੀ ਬੁਲਬੁਲ ਨੀ
ਮੈਂ ਫੁੱਲ ਖ਼ੁਸ਼ਬੋਈ ਵਾਲਾ...

ਬੇਮੁਹੱਬਤੇ ਸਮਾਜ ਵਿਚ ਇਸ਼ਕ ਪਾਲਣਾ ਕਿਹੜਾ ਸੌਖਾ ਏ :

ਪਾਣੀ ਖਾਰੇ ਨੇ ਸਮੁੰਦਰਾਂ ਦੇ
ਨੀ ਯਾਰੀ ਤੇਰੀ ਦੋ ਦਿਨ ਦੀ
ਮਿਹਣੇ ਖੱਟ ਲਏ ਉਮਰਾਂ ਦੇ...

ਕਦੀ-ਕਦੀ ਜਦੋਂ ਮਾਹੀ ਨੂੰ ਆਪਣੇ ਪਿਆਰ ਦਾ ਵਸਲ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵੀ ਮਿਹਣਾ ਮਾਰਦਾ ਹੈ :

ਕੰਨੀਂ ਬੁੰਦੇ ਪਾਏ ਹੋਏ ਨੇ
ਸਾਡੇ ਨਾਲੋਂ ਬਟਨ ਚੰਗੇ
ਜਿਹੜੇ ਹਿੱਕ ਨਾਲ ਲਾਏ ਹੋਏ ਨੇ...

ਪੁਰਾਣੇ ਸਮਿਆਂ ਵਿਚ ਗੱਭਰੂਆਂ ਨੂੰ ਰੁਜ਼ਗਾਰ ਲਈ ਦੂਰ-ਦੁਰਾਡੇ ਜਾਣਾ ਪੈਂਦਾ ਹੈ। ਕਈ-ਕਈ ਵਰ੍ਹੇ ਉਹ ਆਪਣੇ ਘਰਾਂ ਨੂੰ ਨਹੀਂ ਸੀ ਪਰਤਰਦੇ, ਜਿਸ ਕਾਰਨ ਆਪਣੇ ਪਿਆਰਿਆਂ ਦੇ ਪਿਛੋੜੇ ਦੇ ਪਲਾਂ ਨੂੰ ਸਹਿਣਾ ਅਸਹਿ ਹੋ ਜਾਂਦਾ ਸੀ। ਵਿਯੋਗ ਦੇ ਇਨ੍ਹਾਂ ਪਲਾਂ ਨੂੰ ਪੰਜਾਬ ਦੀ ਮੁਟਿਆਰ ਨੇ ਬੜੇ ਦਰਦੀਲੇ ਬੋਲਾਂ ਨਾਲ ਬਿਆਨ ਕੀਤਾ ਹੈ :

ਦੋ ਪੱਤਰ ਅਨਾਰਾਂ ਦੇ
ਮਾਹੀਏ ਦੇ ਹਿਜਰ ਸੜਾਂ
ਹੋ ਗਏ ਢੇਰ ਅੰਗਿਆਰਾਂ ਦੇ...
-ਚੁੰਨੀ ਹੋ ਗਈ ਲੀਰਾਂ ਵੇ
ਆ ਕੇ ਅੱਖੀਂ ਵੇਖ ਚੰਨਾ
ਹੋਇਆ ਹਾਲ ਫ਼ਕੀਰਾਂ ਵੇ...

ਸੈਂਕੜਿਆਂ ਦੀ ਗਿਣਤੀ ਵਿਚ ਇਹ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ ਗੀਤਾਂ ਵਿਚ ਵਰਤੀਆਂ ਤਸ਼ਬੀਹਾਂ ਅਲੇ-ਦੁਆਲੇ ਵਿੱਚੋਂ ਹੀ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ। ਮਧੁਰ ਸੁਰ ਵਿਚ ਗਾਏ ਜਾਣ ਵਾਲੇ ਇਨ੍ਹਾਂ ਗੀਤਾਂ ਦੇ ਬੋਲ ਸਰੋਤੇ ਦੇ ਧੁਰ ਅੰਦਰ ਲਹਿ ਜਾਂਦੇ ਹਨ ਤੇ ਉਹ ਇਕ ਅਨੂਠਾ ਤੇ ਅਗੰਮੀ ਸੁਆਦ ਮਾਣਦਾ ਹੋਇਆ ਆਪਣੇ ਆਪ ਵਿਚ ਲੀਨ ਹੋ ਜਾਂਦਾ ਹੈ। •

94630-34472



**ਮਾਹੀ ਦੇ ਸ਼ਾਬਦਿਕ ਅਰਥ**

*ਮਾਹੀ ਦੇ ਸ਼ਾਬਦਕ ਅਰਥ ਮੱਝਾਂ ਚਰਾਉਣ ਵਾਲਾ ਹਨ। ਰਾਂਝਾ ਬਾਰਾਂ ਵਰ੍ਹੇ ਹੀਰ ਲਈ ਮੱਝਾਂ ਚਰਾਉਂਦਾ ਰਿਹਾ ਜਿਸ ਕਰਕੇ ਹੀਰ ਉਸ ਨੂੰ ਮਾਹੀ ਆਖ ਕੇ ਬੁਲਾਉਂਦੀ ਸੀ। ਹੀਰ ਰਾਂਝੇ ਦੀ ਪ੍ਰੀਤ ਕਥਾ ਦਾ ਪੰਜਾਬ ਦੇ ਜਨ ਜੀਵਨ 'ਤੇ ਅਮਿੱਟ ਪ੍ਰਭਾਵ ਪਿਆ ਹੈ, ਜਿਸ ਕਰਕੇ ਮਾਹੀ ਸ਼ਬਦ ਦਾ ਪਦਮਾਨ ਮਹਿਬੂਬ ਅਤੇ ਪਤੀ ਲਈ ਪ੍ਰਚੱਲਤ ਹੋ ਗਿਆ। ਪੰਜਾਬ ਦੀ ਮੁਟਿਆਰ ਆਪਣੇ ਮਹਿਬੂਬ ਨੂੰ ਬੜੇ ਚਾਅ ਨਾਲ 'ਮਾਹੀਆ' ਆਖ ਕੇ ਸੱਦਦੀ ਹੈ।*

**ਸੈਂਕੜੇ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ 'ਚ ਵਰਤੀਆਂ ਤਸ਼ਬੀਹਾਂ ਆਲੇ-ਦੁਆਲੇ ਵਿੱਚੋਂ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ...**

## ਦੋ ਸਤਰਾਂ ਦਾ ਗੀਤ...



ਮਾਹੀਆ ਗੀਤ-ਰੂਪ ਦਾ ਆਪਣਾ ਰੂਪ ਵਿਧਾਨ ਹੈ। ਕਰਤਾਰ ਸਿੰਘ ਸ਼ਮਸ਼ੇਰ ਅਨੁਸਾਰ ਇਸ ਦੀਆਂ ਤਿੰਨ ਤੁਕਾਂ ਹੁੰਦੀਆਂ ਹਨ ਪਰ ਡਾਕਟਰ ਵਣਜਾਰਾ ਬੇਦੀ ਅਨੁਸਾਰ ਇਹ ਛੋਟੇ ਆਕਾਰ ਦਾ ਦੋ ਸਤਰਾਂ ਦਾ ਗੀਤ ਹੈ। ਪਹਿਲੀ ਸਤਰ ਆਕਾਰ ਵਿਚ ਦੂਜੀ ਸਤਰ ਨਾਲੋਂ ਅੱਧੀ ਹੁੰਦੀ ਹੈ। ਦੂਜੀ ਸਤਰ ਦੇ ਦੋ ਤੁਕਾਂਤ ਹੁੰਦੇ ਹਨ। ਇਨ੍ਹਾਂ ਦੋ ਤੁਕਾਂਤਾਂ ਨੂੰ ਕਈ ਦੋ ਸਤਰਾਂ ਮੰਨ ਕੇ ਮਾਹੀਏ ਦੀਆਂ ਤਿੰਨ ਤੁਕਾਂ ਗਿਣਦੇ ਹਨ। ਕਰਤਾਰ ਸਿੰਘ ਸ਼ਮਸ਼ੇਰ ਦੇ ਸ਼ਬਦਾਂ ਵਿਚ : ਸਾਧਾਰਨ ਤੱਤ ਇਸ ਦੀਆਂ ਤਿੰਨ ਤੁਕਾਂ ਹਨ। ਪਹਿਲੀ ਤੁਕ ਵਿਚ ਕੋਈ ਦ੍ਰਿਸ਼ਟਾਂਤ ਹੁੰਦਾ ਹੈ। ਕਲਾ ਦੇ ਪੱਖ ਤੋਂ ਉੱਤਮ ਪ੍ਰਕਾਰ ਦੇ ਮਾਹੀਆ ਲੋਕ ਗੀਤਾਂ ਵਿਚ ਪਹਿਲੀ ਤੁਕ ਵੀ ਓਨੀ ਹੀ ਅਰਥਪੂਰਨ ਤੇ ਭਾਵਪੂਰਨ ਹੁੰਦੀ ਹੈ ਜਿੰਨੀਆਂ ਕੁ ਬਾਕੀ ਦੀਆਂ ਤੁਕਾਂ। ਕਈਆਂ ਵਿਚ ਇਹ ਤੁਕ ਨਿਰਾਥਕ ਹੀ ਹੁੰਦੀ ਹੈ ਅਤੇ ਅਨੁਪਰਾਸ ਮੇਲਣ ਲਈ ਹੀ ਵਰਤੀ ਜਾਂਦੀ ਹੈ। ਜਜ਼ਬੇ ਦੀ ਤਸਵੀਰ ਹੇਠਲੀਆਂ ਦੋ ਤੁਕਾਂ ਵਿਚ ਖਿੱਚੀ ਹੁੰਦੀ ਹੈ। ਪਹਿਲੀ ਅਤੇ ਤੀਜੀ ਤੁਕ ਦਾ ਅਨੁਪਰਾਸ ਮਿਲਦਾ ਹੈ। ਵਿਚਲੀ ਤੁਕ ਕੁਝ ਛੋਟੀ ਹੁੰਦੀ ਹੈ। ਇਨ੍ਹਾਂ ਦੋ ਤੁਕਾਂ ਵਿਚ ਜਜ਼ਬਿਆਂ ਨੂੰ ਠੋਸ ਚਿੱਤਰਾਂ ਵਿਚ ਸਾਕਾਰ ਕਰਨਾ ਹੁੰਦਾ ਹੈ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਕੁੱਜੇ ਵਿਚ ਦਰਿਆ ਨੂੰ ਬੰਦ ਕਰਨਾ ਇਨ੍ਹਾਂ ਲੋਕ ਕਲਾਕਾਰਾਂ ਦੀ ਪ੍ਰਤਿਭਾ ਹੈ। ਜਜ਼ਬਿਆਂ ਨੂੰ ਸਾਕਾਰ ਕਰਨ ਲਈ ਜਿਹੜੇ ਚਿੱਤਰ ਖਿੱਚੇ ਜਾਂਦੇ ਹਨ, ਉਨ੍ਹਾਂ ਵਿਚਲੀ ਘਟਨਾ ਦੀ ਚੋਣ ਪ੍ਰਤਿਭਾ ਦੀ ਅਸਲ ਕਸੌਟੀ ਹੈ।

**ਮਗ਼ਰੂਰਿਆ ਵਿਅਕਤੀ ਇਸ ਸਚਾਈ ਤੋਂ ਮੂੰਹ ਮੋੜ ਲੈਂਦਾ ਹੈ ਕਿ ਦੁਨੀਆ ਦੇ ਰੰਗਮੰਚ ਦੇ ਸੂਤਰਧਾਰ ਨੇ ਉਸ ਨੂੰ ਆਪਣਾ ਕਿਰਦਾਰ ਨਿਭਾਉਣ ਲਈ ਕੇਵਲ ਗਿਣਤੀ ਦੇ ਚਾਰ ਦਿਹਾੜੇ ਦਿੱਤੇ ਹਨ ...**

# ਆਕੜ ਸੱਤ ਅਸਮਾਨਾਂ ਜਿੱਡੀ...

ਬਜ਼ੁਰਗਾਂ ਨੇ ਫ਼ਰਮਾਇਆ ਕਿ ਖ਼ੁਦ ਨੂੰ ਅਸ਼ਰੂਫੁਲ ਮਖ਼ਲੂਕਾਤ ਕਹਾਉਣ ਵਾਲਾ ਇਨਸਾਨ ਗਰੂਰ ਨੂੰ ਵਿਸਾਰ ਕੇ ਜੇਕਰ ਉਸ ਪਰਵਦਗਾਰ ਦੇ ਭੈਅ ਵਿਚ ਜਿਊਣਾ ਸਿੱਖ ਲਵੇ ਤਾਂ ਨਿਸ਼ਚਿਤ ਤੌਰ 'ਤੇ ਉਸ ਦਾ ਜਿਊਣਾ ਵੀ ਸਫ਼ਲ ਹੈ ਅਤੇ ਮਰਨਾ ਵੀ ਸਫਲ ਹੈ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਕਮਜ਼ਰਫ ਲੋਕ ਆਪਣੀ ਹੈਂਕੜ ਦੀ ਉੱਚੀ ਟੀਸੀ ਉੱਪਰ ਬੈਠ ਕੇ ਇਰਦ-ਗਿਰਦ ਦੇ ਲੋਕਾਂ ਨੂੰ ਆਪਣੇ ਨਾਲੋਂ ਤੁੱਛ, ਕਮਜ਼ੋਰ, ਨੀਵਾਂ ਅਤੇ ਕਮ ਹੈਸੀਅਤ ਵਾਲਾ ਮੰਨਦੇ ਹੋਏ ਖ਼ੁਦ ਨੂੰ ਤਾਕਤਵਰ ਅਤੇ ਸਰੇਸ਼ਟ ਮੰਨਣ ਦੇ ਨਸ਼ੇ ਵਿਚ ਇੰਨੇ ਮਦ ਮਸਤ ਹੋ ਜਾਂਦੇ ਹਾਂ ਕਿ ਨਾ ਕਿਸੇ ਦਾ ਭੈਅ, ਲਿਹਾਜ਼, ਨਾ ਹਮਦਰਦੀ, ਤੇ ਨਾ ਹੀ ਵਕਤ ਦੇ ਬਦਲਣ ਦਾ ਖ਼ਿਆਲ ਸਾਨੂੰ ਰਹਿੰਦਾ ਹੈ। ਆਪਣੀ ਹੀ ਮਗ਼ਰੂਰੀ ਤੇ ਧੁੰਨ ਵਿਚ ਅੱਜ ਦਾ ਮਨੁੱਖ ਵਿਚਾਰਾਤਮਕ ਵੱਖਰਤਾ, ਧਾਰਮਿਕ-ਸੱਭਿਆਚਾਰਕ ਭਿੰਨਤਾਵਾਂ ਅਤੇ ਵਿਰੋਧ ਦਾ ਸਤਿਕਾਰ ਕਰਨ ਅਤੇ ਸ਼ਾਂਤਮਈ ਸਹਿਹੋਂਦ ਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਭੁਲਾ ਕੇ ਸਿਰਫ਼ ਆਪਣੇ ਨੁਕਤੇ ਨਿਗਾਹ ਨੂੰ ਸਹੀ ਠਹਿਰਾਉਣ ਦੀ ਜ਼ਿੱਦ ਪੁਗਾਉਂਦਾ ਹੋਇਆ ਖ਼ੁਦ ਕਹਿਣਾ ਤਾਂ ਬਹੁਤ ਚਾਹੁੰਦਾ ਹੈ ਪਰ ਕਿਸੇ ਦੂਸਰੇ ਨੂੰ ਨਾਂ ਤਾਂ ਬਰਦਾਸ਼ਤ ਕਰਦਾ ਹੈ ਅਤੇ ਨਾ ਕਿਸੇ ਦੂਸਰੇ ਦੀ ਕੁਝ ਸੁਣਨਾ ਚਾਹੁੰਦਾ ਹੈ। ਉਹ ਸਭ ਕੁਝ ਜਾਣਦਿਆਂ ਬੁੱਝਦਿਆਂ ਅਣਜਾਣ ਹੋਣ ਦਾ ਢੌਂਗ ਰਚਾਉਂਦਾ ਹੋਇਆ ਇਕ ਫਰੇਬੀ ਦੀ ਜ਼ਿੰਦਗੀ ਨੂੰ ਜਿਊਣ ਨੂੰ ਜ਼ਿੰਦਗੀ ਸਮਝ ਕੇ ਤਮਾਮ ਉਮਰ ਖ਼ੁਦ ਨੂੰ ਧੋਖਾ ਦਿੰਦਾ ਹੈ। ਯਾਦ ਰੱਖੋ ਕਿ ਅਸੀਂ ਲੋਕ ਸਮੁੱਚੇ ਨਿਜ਼ਾਮ ਦਾ ਇਕ ਅਦਨਾ ਜਿਹਾ ਹਿੱਸਾ ਹੁੰਦੇ ਹਾਂ ਅਤੇ ਜਦੋਂ ਅਸੀਂ ਸਮੁੱਚੇ ਨਿਜ਼ਾਮ ਨੂੰ ਆਪਣੀ ਇੱਛਾ ਅਨੁਸਾਰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੇ ਜੀਵਨ ਵਿਚ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਨ । ਸਾਡਾ ਗ਼ਰੂਰ ਹੀ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਸਾਡਾ ਲਾਲਚ ਅਤੇ ਹਉਮੈ ਸਾਨੂੰ ਆਮ ਤੋਂ ਖ਼ਾਸ ਬਣਨ ਦੇ ਲਈ ਅੰਨ੍ਹਿਆਂ ਕਰ ਦਿੰਦਾ ਹੈ ਅਤੇ ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ ਹੋਏ ਆਪਣੀਆਂ ਅੱਖਾਂ ਉੱਪਰ ਗ਼ਰੂਰ ਦੀ ਪੱਟੀ ਬਣ ਕੇ ਕੁਰਾਹੇ ਪੈ ਜਾਂਦੇ ਹਾਂ। ਕਾਸ਼ ! ਪਰਮਾਤਮਾ ਸਾਨੂੰ ਸਰਲ ਤਰੀਕੇ ਨਾਲ ਜ਼ਿੰਦਗੀ ਨੂੰ ਗੁਜ਼ਾਰਨ ਦਾ ਬਲ, ਬੁੱਧੀ ਤੇ ਪ੍ਰੇਰਣਾ ਦੇਵੇ ਕਿ ਅਸੀਂ ਉਸ ਨਿਰੰਕਾਰ ਦੇ ਭੈਅ ਵਿਚ ਇਕ ਅਜਿਹਾ ਜੀਵਨ ਗੁਜ਼ਾਰ ਪਾਈਏ ਕਿ ਅਸੀਂ ਖ਼ੁਦ ਵੀ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋਈਏ ਅਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਵੀ ਇਨ੍ਹਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰੀਏ। ਹਉਮੈ ਦੇ ਤਿਆਗ ਦੇ ਸੁਝਾ ਵਾਲੇ ਬਾਬਾ ਨਜਮੀ ਦੇ ਇਸ ਸ਼ਿਅਰ ਨਾਲ ਸਮਾਮਤੀ ਕਰਦਾ ਹੈ :

ਆਕੜ ਸੱਤ ਅਸਮਾਨਾਂ ਜਿੱਡੀ
ਪਲੇ ਚਾਰ ਦਿਹਾੜੇ,
ਕਦ ਤਕ ਜੀਣਗੇ ਬਾਬਾ ਨਜਮੀ
ਭੁੱਬਲ ਦੇ ਚੰਗਿਆੜੇ।

• **ਡਾ. ਅਰਵਿੰਦਰ ਸਿੰਘ**
94630-62603

**ਕਈ ਵਾਰ ਗ਼ਰੂਰ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਹਉਮੈ ਸਾਨੂੰ ਅੰਨ੍ਹਿਆਂ ਕਰ ਦਿੰਦੀ ਹੈ। ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਣ ਲੱਗਦੇ ਹਾਂ...**



**ਤੁਸੀਂ ਹੁਸ਼ਿਆਰ ਹੋ ਚੰਗੀ ਗੱਲ ਹੈ ਪਰ ਹੋਰਾਂ ਨੂੰ ਮੂਰਖ ਨਾ ਸਮਝੋ। ਕਿਸੇ ਦਾ ਸਰਲ ਸੁਭਾਅ ਉਸ ਦੀ ਕਮਜ਼ੋਰੀ ਨਹੀਂ ਹੁੰਦਾ ਬਲਕਿ ਉਸ ਦੇ ਮਾਤਾ-ਪਿਤਾ ਵੱਲੋਂ ਮਿਲੇ ਸੰਸਕਾਰ ਹੁੰਦੇ ਹਨ...**



# ਅੰਨ੍ਹੀ ਦੌੜ 'ਚ ਗੁਆਚਾ ਮਨੁੱਖ

ਇਨਸਾਨ ਪਰਮਾਤਮਾ ਦੀ ਅਨੋਖੀ ਰਚਨਾ ਹੈ ਜਿਸ ਨੂੰ ਪਰਮਾਤਮਾ ਨੇ ਅਨੇਕਾਂ ਗੁਣਾਂ ਦੇ ਨਾਲ-ਨਾਲ ਇਕ ਖ਼ੂਬਸੂਰਤ ਦਿਮਾਗ਼ ਵੀ ਪ੍ਰਦਾਨ ਕੀਤਾ ਹੈ ਤਾਂ ਕਿ ਇਸ ਦੀ ਬਾਖ਼ੂਬੀ ਵਰਤੋਂ ਕਰ ਕੇ ਆਪਣੇ ਗੁਣਾਂ ਨੂੰ ਲੋਕਾਂ ਦੀ ਭਲਾਈ ਲਈ ਵਰਤ ਕੇ ਖ਼ੁਸ਼ਗਵਾਰ ਜੀਵਨ ਬਤੀਤ ਕਰ ਸਕੇ ਕਿਉਂਕਿ ਜੀਵਨ ਦੀ ਸਾਰਥਿਕਤਾ ਲੋਕ ਭਲਾਈ ਨਾਲ ਹੀ ਸਿੱਧ ਹੁੰਦੀ ਹੈ। ਇਨਸਾਨ ਦੇ ਕਰਮ ਹੀ ਉਸ ਦੀ ਪਛਾਣ ਹੁੰਦੇ ਹਨ ਅਤੇ ਵਿਅਕਤੀ ਦਾ ਆਦਰ ਉਸ ਦੀ ਸੰਪਤੀ ਦੇ ਕਾਰਨ ਨਹੀਂ ਬਲਕਿ ਉਸ ਦੀ ਉਦਾਰਤਾ ਦੇ ਕਾਰਨ ਹੀ ਹੁੰਦਾ ਹੈ। ਵਿਅਕਤੀ ਕਾਰਨ ਨਹੀਂ ਬਲਕਿ ਉਸ ਦੀ ਇਨਸਾਨੀਅਤ ਕਾਰਨ ਹੀ ਇਨਸਾਨ ਦੀ ਕੀਮਤ ਹੁੰਦੀ ਹੈ। ਆਪਣੇ ਲਈ ਜਿਊਣਾ ਸਰਲ ਹੈ, ਦੂਜਿਆਂ ਲਈ ਜਿਊਣਾ ਕਠਿਨ ਹੈ ਪਰ ਦੂਜਿਆਂ ਦਾ ਦੁੱਖ ਦੂਰ ਕਰਨ ਵਿਚ ਹੀ ਅਲੌਕਿਕ ਅਨੰਦ ਆਉਂਦਾ ਹੈ।ਸਿਆਣੇ ਕਹਿੰਦੇ ਹਨ ਕਿ ਸਾਨੂੰ ਇਨਸਾਨੀਅਤ ਨੂੰ ਅਪਣਾਉਣ ਅਤੇ ਗ਼ੈਰ ਮਰਿਆਦਾ ਕੰਮਾਂ ਨੂੰ ਛੱਡਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਇਸ ਨਾਲ ਅਗਿਆਨ, ਗਿਆਨ ਵਿੱਚ ਬਦਲ ਜਾਵੇਗਾ, ਨਿੱਤ ਦਿਨ ਖ਼ੁਸ਼ੀ ਅਤੇ ਉਤਸ਼ਾਹ ਦਾ ਰਲੇਵਾਂ ਹੋਵੇਗਾ ਤੇ ਜੀਵਨ ਯਾਤਰਾ ਅਦਭੁੱਤ ਹੋ ਜਾਵੇਗੀ। ਅਜੋਕਾ ਮਨੁੱਖ ਪਦਾਰਥ ਦੀ ਦੌੜ ਵਿਚ ਆਪਣੇ ਪਿਛੋਕੜ ਨੂੰ ਤਿਆਗ ਰਿਹਾ ਹੈ। ਉਹ ਆਪਣੇ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਨੂੰ ਤਿਆਗ ਕੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਗਿਆ ਹੈ। ਸਰਮਾਏਦਾਰੀ ਦੇ ਸੱਭਿਆਚਾਰ ਨੇ ਇਨਸਾਨ ਵਿੱਚੋਂ ਇਨਸਾਨੀਅਤ ਦਾ ਜਜ਼ਬਾ ਲਗਪਗ ਖ਼ਤਮ ਕਰ ਦਿੱਤਾ ਹੈ। ਉਸ ਨੇ ਆਪਣੇ-ਆਪ ਨੂੰ ਸਮਾਜ, ਪਰਿਵਾਰ ਅਤੇ ਖ਼ੁਦ ਤੋਂ ਤੋੜ ਲਿਆ ਹੈ। ਇਨਸਾਨੀਅਤ ਦੇ ਕਰਮਾਂ ਨੂੰ ਅਣਡਿੱਠ ਕਰ ਕੇ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਆਪਣੀਆਂ ਅੰਦਰਲੀਆਂ ਤੇ ਬਾਹਰਲੀਆਂ ਅੱਖਾਂ ਗੁਆਉਣ ਲੱਗਿਆ ਹੈ ਜਿਸ ਕਾਰਨ ਅਜੋਕੇ ਮਨੁੱਖ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਸਾਨੀਅਤ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਨਾਲ ਸਨੇਹ ਉਪਜਦਾ ਹੈ ਜਿਸ ਕਾਰਨ ਸਹਿਜਤਾ, ਸਹਿਣਸ਼ੀਲਤਾ ਅਤੇ ਤਾਲਮੇਲ ਵਰਗੇ ਗੁਣ ਵਿਕਸਤ ਹੁੰਦੇ ਹਨ ਜਿਸ ਨਾਲ ਜੀਵਨ ਦੀ ਗਤੀ ਉਚਾਈ ਵੱਲ ਜਾਂਦੀ ਹੈ। ਜਿਸ ਇਨਸਾਨ ਦੇ ਹਿਰਦੇ ਵਿਚ ਸੱਚੀ ਇਨਸਾਨੀਅਤ ਹੋਵੇਗੀ ਉਸ ਦੀ ਸੋਚ ਸਦਾ ਇਹੀ ਹੋਵੇਗੀ ਕਿ ਮੈਨੂੰ ਮਿਲਿਆ ਦੁੱਖ ਹੋਰ ਕਿਸੇ ਨੂੰ ਨਾ ਮਿਲੇ ਅਤੇ ਮੈਨੂੰ ਮਿਲਿਆ ਸੁੱਖ ਹਰ ਕਿਸੇ ਨੂੰ ਨਸੀਬ ਹੋਵੇ ਪਰ ਅੱਜ ਦਾ ਇਨਸਾਨ, ਇਨਸਾਨ ਨਹੀਂ ਰਹਿ ਗਿਆ। ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਅਨੁਸਾਰ ਅਸੀਂ ਪੰਛੀ ਵਾਂਗ ਉੱਡਣਾ ਅਤੇ ਮੱਛੀ ਵਾਂਗ ਤੈਰਨਾ ਤਾਂ ਸਿਖ ਲਿਆ ਹੈ ਪਰ ਇਨਸਾਨੀਅਤ ਦੇ ਗੁਣਾਂ ਨਾਲ ਲਿਬਰੇਜ਼ ਹੁੰਦੇ ਹੋਏ ਵੀ ਧਰਤੀ 'ਤੇ ਚੱਲਣਾ ਅਤੇ ਜਿਊਣਾ ਨਹੀਂ ਸਿੱਖਿਆ। ਅੱਜ ਦਾ ਇਨਸਾਨ, ਇਨਸਾਨੀਅਤ ਨੂੰ ਛੱਡ ਕੇ ਸ਼ੈਤਾਨ ਬਣਦਾ ਜਾ ਰਿਹਾ ਹੈ। ਉਹ ਦਿਸਣ ਵਿਚ ਤਾਂ ਭਗਤ ਲੱਗਦਾ ਹੈ ਪਰ ਪਾਪ, ਨਿੰਦਿਆ ਵਰਗੀ ਹਰ ਬੁਰਿਆਈ ਵਿਚ ਗੜੁੱਚ ਹੁੰਦਾ ਜਾ ਰਿਹਾ ਹੈ। ਉਹ ਦੋਗਲਾ ਜੀਵਨ ਬਤੀਤ ਕਰਦਾ ਹੈ, ਘਰ ਵਿਚ ਹੋਰ ਤਰ੍ਹਾਂ ਅਤੇ ਬਾਹਰ ਹੋਰ ਤਰ੍ਹਾਂ। ਇਸ ਲਈ ਉਸ ਦੀ ਅਸਲੀਅਤ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਉਹ ਦੂਸਰਿਆਂ ਦਾ ਸਭ ਕੁਝ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਕਾਰਨ ਇਨਸਾਫ਼ ਵੀ ਅਜੋਕੇ ਜੀਵਨ ਵਿਚ ਲੁਕ-ਲੁਕ ਕੇ ਜੀਅ ਰਿਹਾ ਹੈ। ਅਜਿਹੇ ਦੋਗਲੇ ਵਿਅਕਤੀਆਂ ਦੀ ਇਨਸਾਨੀਅਤ ਦੇ ਸ਼ਿਕੰਜੇ ਵਿਚ ਆਏ ਇਕ ਵਿਅਕਤੀ ਨੇ ਆਪਣੀ ਵੇਦਨਾ ਨੂੰ ਕੁਝ ਅਜਿਹੇ ਸ਼ਬਦਾਂ ਨਾਲ ਬਿਆਨ ਕੀਤਾ ਹੈ :

ਸ਼ਤਰੰਜ ਕਾ ਸ਼ੁਕੀਨ ਨਹੀਂ ਥਾ
ਇਸੀ ਲੀਏ ਧੋਖਾ ਖਾ ਗਿਆ।
ਵੋ ਮੋਹਰੇ ਚੱਲ ਰਹੇ ਥੇ
ਮੈਂ ਇਨਸਾਨੀਅਤ ਨਿਭਾ ਰਿਹਾ ਥਾ।

• **ਕੈਲਾਸ਼ ਚੰਦਰ ਸ਼ਰਮਾ**
80540-16816

# ਖ਼ੁਸ਼ੀਆਂ ਦੀ ਨੀਂਹ ਪਿਆਰ ਤੇ ਭਰੋਸਾ

ਡਾ. ਰਣਜੀਤ ਸਿੰਘ



ਪਰਿਵਾਰ ਵਿਚ ਰਹਿੰਦਿਆਂ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰਕ ਜੀਵਨ ਵਿਚ ਕੇਵਲ ਸੁਖ ਹੀ ਨਹੀਂ ਸਗੋਂ ਦੁੱਖ ਵੀ ਇਸ ਦਾ ਅਨਖਿੜਵਾਂ ਅੰਗ ਹਨ। ਘਰ ਵਿਚ ਬਿਮਾਰੀ, ਮਾਇਕ ਔਕੜਾਂ, ਆਪਸੀ ਝਗੜਾ, ਬੱਚਿਆਂ ਦੀ ਸਾਂਭ ਸੰਭਾਲ ਆਦਿ ਬਹੁਤ ਸਾਰੇ ਮਸਲੇ ਹਨ। ਜਿਹੜੇ ਹਮੇਸ਼ਾਂ ਫ਼ਿਕਰ ਦਾ ਕਾਰਨ ਬਣਦੇ ਹਨ। ਜਦੋਂ ਤਕ ਕੋਈ ਮਸਲਾ ਸੁਲਝ ਨਾ ਜਾਵੇ ਫ਼ਿਕਰ ਅਤੇ ਤਣਾਅ ਬਣਿਆ ਹੀ ਰਹਿੰਦਾ ਹੈ। ਅਸੀਂ ਹਮੇਸ਼ਾਂ ਸੁੱਖ ਦੀ ਪ੍ਰਾਪਤੀ ਲਈ ਯਤਨ ਕਰਦੇ ਹਾਂ ਪਰ ਜੇ ਆਪਣੇ ਆਪ ਨੂੰ ਸੰਭਾਵੀ ਦੁਖਾਂ ਲਈ ਵੀ ਤਿਆਰ ਰੱਖਿਆ ਜਾਵੇ ਤਾਂ ਪਰੇਸ਼ਾਨੀ ਘੱਟ ਹੁੰਦੀ ਹੈ। ਜੇਕਰ ਪਰਿਵਾਰ ਦਾ ਮੁੱਖੀ ਸੂਝਵਾਨ ਹੈ ਤਾਂ ਉਹ ਆਪਣੇ ਆਪ ਨੂੰ ਆਉਣ ਵਾਲੀਆਂ ਸਮੱਸਿਆਵਾਂ ਲਈ ਤਿਅਰ ਕਰਕੇ ਰੱਖਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਬਿਮਾਰ ਹੋ ਸਕਦਾ ਹੈ, ਜੇਕਰ ਪਰਿਵਾਰ ਦੇ ਮੁਖੀ ਨੇ ਇਸ ਸਬੰਧੀ ਕੋਈ ਯੋਜਨਾ ਬਣਾ ਕੇ ਰੱਖੀ ਹੈ ਜਿਵੇਂ ਸਿਹਤ ਬੀਮਾ ਜਾਂ ਬਿਮਾਰੀ ਲਈ ਕੁਝ ਰਾਖਵੀਂ ਰਕਮ ਜਾਂ ਕਿਸੇ ਡਾਕਟਰ ਨਾਲ ਜਾਣ ਪਛਾਣ ਤਾਂ ਘੱਟ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਬਾਕੀ ਔਕੜਾਂ ਬਾਰੇ ਵੀ ਸੋਚਿਆ ਜਾ ਸਕਦਾ ਹੈ।

### ਮੁਸ਼ਕਲਾਂ ਦਾ ਸਾਹਮਣਾ

ਕੋਈ ਪਰਿਵਾਰ ਅਜਿਹਾ ਨਹੀਂ ਹੈ ਜਿਸ ਨੂੰ ਦੁੱਖਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਹੋਵੇ ਪਰ ਜੇਕਰ ਆਪਣੇ ਆਪ ਉੱਤੇ ਭਰੋਸਾ ਤੇ ਵਿਸ਼ਵਾਸ ਹੋਵੇ ਕਿ ਔਖੀ ਘੜੀ ਹਮੇਸ਼ਾਂ ਨਹੀਂ ਰਹਿੰਦੀ ਤੇ ਯਤਨ ਕੀਤਿਆਂ ਇਸ ਉੱਤੇ ਛੇਤੀ ਹੀ ਕਾਬੂ ਪਾਇਆ ਜਾ ਸਕਦਾ ਹੈ ਤਾਂ ਔਖੀ ਘੜੀ 'ਤੇ ਕਾਬੂ ਹੋ ਜਾਂਦਾ ਹੈ।

ਜੇਕਰ ਘਬਰਾ ਕੇ ਯਤਨ ਨਾ ਕੀਤੇ ਜਾਣ ਜਾਂ ਦੂਜਿਆਂ ਉੱਤੇ ਦੋਸ਼ ਮੜ੍ਹੇ ਜਾਣ ਫਿਰ ਤਾਂ ਦੁੱਖਾਂ ਦੀ ਘੁੰਮਣਘੇਰੀ ਹੋਰ ਗੰਭੀਰ ਹੋ ਜਾਵੇਗੀ ਤੇ ਉਸ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ। ਪਰਿਵਾਰ ਦੇ ਮੈਂਬਰਾਂ ਦਾ ਆਪਸੀ ਪਿਆਰ, ਇਕ ਦੂਜੇ ਉੱਤੇ ਭਰੋਸਾ ਸਾਰੀਆਂ ਮੁਸ਼ਕਿਲਾਂ ਨੂੰ ਸੁਲਝਾਉਣਾ ਸਹਿਜ ਕਰ ਦਿੰਦੇ ਹਨ। ਦੁੱਖ ਕੇਵਲ ਕਿਸੇ ਇਕ ਪਰਿਵਾਰ ਉੱਤੇ ਹੀ ਨਹੀਂ ਆਉਂਦੇ ਜਾਂ ਔਖੀ ਘੜੀ ਕਿਸੇ ਇਕ ਉੱਤੇ ਨਹੀਂ ਆਉਂਦੀ, ਇਹ ਤਾਂ ਸਾਰਿਆਂ ਉੱਤੇ ਹੀ ਆਉਂਦੀ ਹੈ।

**ਸਲਾਹ ਮਸ਼ਵਰਾ**

*ਮਨੁੱਖੀ ਜੀਵਨ ਨੂੰ ਸਰਵ ਸ੍ਰੇਸ਼ਟ ਮੰਨਿਆ ਗਿਆ ਹੈ। ਸਿਰਜਣਹਾਰ ਨੇ ਮਨੁੱਖ ਨੂੰ ਇਤਨੀ ਸ਼ਕਤੀ ਪ੍ਰਦਾਨ ਕੀਤੀ ਹੈ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਸਕਦਾ ਹੈ। ਇਸ ਸ਼ਕਤੀ ਨੂੰ ਉਜਾਗਰ ਕਰ ਕੇ ਉਸ ਦੀ ਸਹੀ ਵਰਤੋਂ ਕਰਨ ਦੀ ਲੋੜ ਹੈ। ਜਿਹੜਾ ਪਰਿਵਾਰ ਸਲਾਹ ਮਸ਼ਵਰਾ ਕਰ ਕੇ ਯਤਨ ਕਰਦਾ ਹੈ ਉਸ ਨੂੰ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਸੋਚ ਵਿਚਾਰ ਕੇ ਯਤਨ ਨਹੀਂ ਕੀਤੇ ਜਾਂਦੇ ਤਾਂ ਫਿਰ ਔਕੜਾਂ ਦੂਰ ਨਹੀਂ ਹੋਣਗੀਆਂ। ਇਹ ਮੰਨਿਆ ਗਿਆ ਹੈ ਕਿ ਉਦਾਸ ਤੇ ਨਿਰਾਸ਼ ਬੰਦਿਆਂ ਦੇ ਪੱਲੇ ਹਾਰ ਹੀ ਪੈਂਦੀ ਹੈ।*

**ਅਗਾਂਹਵਧੂ ਸੋਚ**

*ਮੁਸ਼ਕਿਲਾਂ ਦੇ ਹੱਲ ਸਬੰਧੀ ਕੁਝ ਪਰਿਵਾਰਾਂ ਨਾਲ ਸੰਪਰਕ ਕੀਤਾ ਗਿਆ। ਇਸ ਪੜਤਾਲ ਤੋਂ ਗਿਆਤ ਹੋਇਆ ਕਿ ਮੁਸ਼ਕਿਲਾਂ ਤਾਂ ਹਰੇਕ ਪਰਿਵਾਰ ਉੱਤੇ ਆਉਂਦੀਆਂ ਹਨ ਪਰ ਜਿਸ ਪਰਿਵਾਰ ਦੇ ਮੈਂਬਰ ਹਿੰਮਤ, ਅਗਾਂਹਵਧੂ ਸੋਚ ਅਤੇ ਆਤਮ ਵਿਸ਼ਵਾਸ ਨਾਲ ਇਨ੍ਹਾਂ ਦਾ ਮੁਕਾਬਲਾ ਕਰਦੇ ਹਨ ਉਹ ਕੋਈ ਨਾ ਕੋਈ ਹਲ ਜ਼ਰੂਰ ਲੱਭ ਲੈਂਦੇ ਹਨ।*

### ਚੜ੍ਹਦੀ ਕਲਾ ਦਾ ਮੰਤਰ

ਚੜ੍ਹਦੀ ਕਲਾ ਦਾ ਮੰਤਰ ਮਨੁੱਖ ਨੂੰ ਹਿੰਮਤ ਅਤੇ ਹੌਸਲੇ ਦੀ ਬਖ਼ਸ਼ਿਸ਼ ਕਰਦਾ ਹੈ ਇਸ ਨਾਲ ਮਨੁੱਖ ਮੁਸ਼ਕਿਲ ਨੂੰ ਵੇਖ ਘਬਰਾਉਂਦਾ ਨਹੀਂ ਸਗੋਂ ਹਿੰਮਤ ਨਾਲ ਉਸ ਦਾ ਮੁਕਾਬਲਾ ਕਰਦਾ ਹੈ ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਇਸ ਉੱਤੇ ਜ਼ਰੂਰ ਕਾਬੂ ਪਾ ਲਵੇਗਾ।

ਆਤਮ ਵਿਸ਼ਵਾਸ ਹੀ ਸਫਲਤਾ ਦਾ ਆਧਾਰ ਬਣਦਾ ਹੈ। ਜਿਸ ਨੂੰ ਆਪਣੇ ਆਪ ਉੱਤੇ ਭਰੋਸਾ ਨਹੀਂ ਹੈ ਉਸ ਦੇ ਇਰਾਦੇ ਕਦੇ ਪੱਕੇ ਨਹੀਂ ਹੋ ਸਕਦੇ, ਉਹ ਫ਼ੈਸਲੇ ਲੈਣ ਤੋਂ ਝਿਜਕਦਾ ਰਹਿੰਦਾ ਹੈ ਅਤੇ ਕਦੇ ਵੀ ਪੂਰੇ ਹੌਸਲੇ ਅਤੇ ਹਿੰਮਤ ਨਾਲ ਕਿਸੇ ਕੰਮ ਨੂੰ ਹੱਥ ਨਹੀਂ ਪਾ ਸਕਦਾ। ਹਨ।

### ਵਚਨਬੱਧਤਾ

ਨਵੀਂ ਬਣਾਈ ਯੋਜਨਾ ਉੱਤੇ ਜੇਕਰ ਬਚਨ ਬੱਧਤਾ ਨਾਲ ਮਿਹਨਤ ਕੀਤੀ ਜਾਵੇ ਤਾਂ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਅਧੂਰੇ ਯਤਨ ਸਫਲਤਾ ਯਕੀਨੀ ਨਹੀਂ ਬਣਾਉਂਦੇ ਸਗੋਂ ਮਿੱਥੀ ਯੋਜਨਾ ਅਨੁਸਾਰ ਪੂਰੀ ਸ਼ਕਤੀ ਦੀ ਵਰਤੋਂ ਕੀਤਿਆਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਸ ਕਰ ਕੇ ਮੁਸ਼ਕਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਇਹ ਤਾਂ ਸਗੋਂ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਚੜ੍ਹਦੀ ਕਲਾ ਅਤੇ ਆਤਮ- ਵਿਸ਼ਵਾਸ ਹੀ ਮਨੁੱਖ ਨੂੰ ਜਿੱਤ ਬਾਰੇ ਸੋਚਣ ਲਈ ਹਿੰਮਤ ਬਖ਼ਸ਼ਦੇ ਹਨ। ਜਦੋਂ ਜਿੱਤ ਸੋਚੀ ਜਾਵੇ ਤਾਂ ਜਿੱਤ ਹੀ ਪ੍ਰਾਪਤ ਹੁੰਦੀ ਹੈ। ਚੜ੍ਹਦੀ ਕਲਾ ਅਤੇ ਆਤਮ ਵਿਸ਼ਵਾਸ ਦੇ ਨਾਲ ਗਿਆਨ, ਬਚਨਬੱਧਤਾ ਅਤੇ ਮਿਹਨਤ ਵੀ ਜ਼ਰੂਰੀ ਹੈ। ਇਨ੍ਹਾਂ ਦੇ ਸਹਾਰੇ ਜਦੋਂ ਅੱਗੇ ਵਧਿਆ ਜਾਵੇ ਤਾਂ ਮੰਜ਼ਿਲ ਜ਼ਰੂਰ ਮਿਲ ਜਾਂਦੀ ਹੈ। ਇਹ ਗੁਣ ਇਨਸਾਨ ਅੰਦਰ ਊਰਜਾ ਪੈਦਾ ਕਰਦੇ ਹਨ।

### ਸੰਗੀ ਸਾਥੀਆਂ ਦਾ ਸਹਾਰਾ

ਸਮੱਸਿਆ ਦੇ ਕਾਰਨਾਂ ਦਾ ਪਤਾ ਲੱਗ ਜਾਵੇ ਤਾਂ ਇਨ੍ਹਾਂ ਨੂੰ ਦੂਰ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਸਾਰਿਆਂ ਨੂੰ ਰਲ ਕੇ ਸੋਚਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਆਪਣੇ ਗਿਆਨ, ਮਾਹਰਾਂ ਅਤੇ ਸੰਗੀ ਸਾਥੀਆਂ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਸਾਰੀਆਂ ਸੰਭਾਵਨਾਵਾਂ ਦੀ ਸੂਚੀ ਤਿਆਰ ਕੀਤੀ ਜਾਵੇ। ਜਦੋਂ ਸੂਚੀ ਤਿਆਰ ਹੋ ਜਾਵੇ ਤਾਂ ਇਨ੍ਹਾਂ ਯਤਨਾਂ ਲਈ ਲੋੜੀਂਦੇ ਸਾਧਨਾਂ ਦੀ ਸੂਚੀ ਤਿਆਰ ਕੀਤੀ ਜਾਵੇ। ਤਿਆਰ ਕੀਤੀ ਸੂਚੀ ਵਿਚਲੇ ਸਾਰੇ ਯਤਨਾਂ ਦੀ ਘੋਖ ਕਰੋ। ਇਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਵਿਚਾਰਾਂ ਦੀ ਚੋਣ ਕਰੋ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਨ੍ਹਾਂ ਵਿੱਚੋਂ ਵੀ ਉਨ੍ਹਾਂ ਵਿਚਾਰਾਂ ਜਾਂ ਯਤਨਾਂ ਦੀ ਚੋਣ ਕਰੋ ਜਿਨ੍ਹਾਂ ਨੂੰ ਨੇਪਰੇ ਚੜ੍ਹਾਉਣ ਲਈ ਵਸੀਲੇ ਜੁਟਾਏ ਜਾ ਸਕਦੇ ਹਨ। ਚੁਣੇ ਗਏ ਯਤਨਾਂ ਉਤੇ ਪੂਰੀ ਇਮਾਨਦਾਰੀ, ਹਿੰਮਤ ਅਤੇ ਸਮਾਂ ਸਾਰਣੀ ਬਣਾ ਕੇ ਮਿਹਨਤ ਨਾਲ ਕੰਮ ਸ਼ੁਰੂ ਕੀਤਾ ਜਾਵੇ। ਯਤਨ ਸਾਥੀ ਜਾਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰਲ ਕੇ ਕਰਨੇ ਚਾਹੀਦੇ ਹਨ। ਜੇਕਰ ਕਿਸੇ ਦੀ ਸਹਾਇਤਾ ਲੋੜੀਂਦੀ ਹੋਵੇ ਤਾਂ ਝਿਜਕਣਾ ਨਹੀਂ ਚਾਹੀਦਾ। ਸਮਾਜਿਕ ਜੀਵਨ ਵਿਚ ਸਾਥੀ ਹੀ ਕੰਮ ਆਉਂਦੇ ਹਨ। ਅਸਲ ਵਿਚ ਇਕ ਦੂਜੇ ਦੇ ਕੰਮ ਆਉਣਾ ਹੀ ਇਨਸਾਨੀਅਤ ਹੈ। ਉਤਸ਼ਾਹ ਥਕਣ ਨਹੀਂ ਦਿੰਦਾ ਤੇ ਭਰੋਸਾ ਕਮਜ਼ੋਰ ਨਹੀਂ ਹੋਣ ਦਿੰਦਾ। ਸਾਰਾ ਪਰਿਵਾਰ ਜਦੋਂ ਰਲ ਮਿਲ ਕੇ ਮੁਸ਼ਕਲ ਦਾ ਸਾਹਮਣਾ ਕਰਦਾ ਹੈ ਤਾਂ ਮੁਸ਼ਕਲਾਂ ਆਪਣੇ ਆਪ ਹੱਲ ਹੋ ਜਾਂਦੀਆਂ ਹਨ। ਆਪਸੀ ਪਿਆਰ ਤੇ ਭਰੋਸਾ ਹੀ ਖ਼ੁਸ਼ੀਆਂ ਦੀ ਨੀਂਹ ਰੱਖਦੇ ਹਨ। •

## ਸੰਪਾਦਕੀ

### ਖੁਰਾਕ ਉਤਪਾਦਾਂ ਦੀ ਪੌਸ਼ਟਿਕਤਾ

ਬਾਜ਼ਾਰ ਵਿਚ ਵਿਕਦੀਆਂ ਖ਼ੁਰਾਕੀ ਉਤਪਾਦਾਂ ਵਿਚ ਖੰਡ, ਲੂਣ ਅਤੇ ਵਸਾ (ਫੈਟ) ਦੀ ਜ਼ਿਆਦਾ ਮਾਤਰਾ ਪਾਏ ਜਾਣ ਦੀਆਂ ਰਿਪੋਰਟਾਂ ਉਜਾਗਰ ਹੋਣ ਨਾਲ ਜਨਤਕ ਸਿਹਤ ਅਤੇ ਪਾਰਦਰਸ਼ਤਾ ਮੁਤੱਲਕ ਨਵੇਂ ਸਿਰੇ ਤੋਂ ਵਿਚਾਰ ਚਰਚਾ ਸ਼ੁਰੂ ਹੋ ਗਈ ਹੈ। ਬੌਰਨਵੀਟਾ ਅਤੇ ਨੈਸਲੇ ਵਰਗੀਆਂ ਵੱਡੀਆਂ ਕੰਪਨੀਆਂ ਦੇ ਉਤਪਾਦਾਂ ਨੂੰ ਛਾਣਬੀਣ ਅਤੇ ਜਵਾਬਦੇਹੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੈਸਲੇ ਨੇ ਇਸ ਮਾਮਲੇ ਵਿੱਚ ਜ਼ਿੰਮੇਵਾਰੀ ਤੋਂ ਕੰਮ ਲੈਂਦਿਆਂ ਜਵਾਬ ਦਿੱਤਾ ਹੈ ਕਿ ਉਸ ਵੱਲੋਂ ਆਪਣੇ ਉਤਪਾਦਾਂ ਵਿੱਚ ਖੰਡ, ਲੂਣ ਤੇ ਵਸਾ ਦੀ ਮਾਤਰਾ ਘਟਾਈ ਗਈ ਹੈ ਅਤੇ ਇਸ ਸਬੰਧ ਵਿੱਚ ਆਲਮੀ ਖ਼ੁਰਾਕੀ ਸੇਧਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਜਿਸ ਤੋਂ ਇਹ ਗੱਲ ਝਲਕਦੀ ਹੈ ਕਿ ਕੋਈ ਵੀ ਕੰਪਨੀ ਨੂੰ ਸਿਹਤ ਨਾਲ ਜੁੜੇ ਮਿਆਰਾਂ ਦੀ ਪਾਲਣਾ ਕਰਨ ਵਿੱਚ ਢਿੱਲ-ਮੱਠ ਹੋਣ ਦੀ ਸੂਰਤ ਵਿੱਚ ਮਾਰਕਿਟ ਦੇ ਜੋਖ਼ਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖ਼ੁਰਾਕੀ ਵਸਤਾਂ ਦੀ ਇਸ ਵੱਡੀ ਫਰਮ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਮੈਗੀ ਮਸਾਲਾ ਨੂਡਲਜ਼ ਵਿੱਚ ਲੂਣ ਦੀ ਮਾਤਰਾ ਅਤੇ ਨਵਜੰਮੇ ਬੱਚਿਆਂ ਦੇ ਖਾਧ ਪਦਾਰਥਾਂ ਵਿੱਚ ਮਿੱਠੇ ਦੀ ਮਾਤਰਾ ਘੱਟ ਕਰਨ ਤੋਂ ਲੈ ਕੇ ਸਿਹਤਮੰਦ ਜੀਵਨ ਸ਼ੈਲੀ ਦੇ ਅਨੁਕੂਲ ਬਿਹਤਰ ਬਦਲ ਮੁਹੱਈਆ ਕਰਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਆਪਣੀ ਕਾਰੋਬਾਰੀ ਹੁਲਾਰੇ ਨੂੰ ਬਰਕਰਾਰ ਰੱਖਿਆ ਜਾ ਸਕੇ।

ਉਂਝ, ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਵਿੱਚ ਬੱਚਿਆਂ ਦੇ ਉਤਪਾਦਾਂ ਵਿੱਚ ਖੰਡ ਦੀ ਮਾਤਰਾ ਜ਼ਿਆਦਾ ਹੋਣ ਦੇ ਹਾਲੀਆ ਦੋਸ਼ ਚਿੰਤਾਜਨਕ ਹਨ ਅਤੇ ਇਨ੍ਹਾਂ ਦੀ ਘੋਖ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿੱਚ ਨੇਮਾਂ ਦੀ ਪਾਲਣਾ ਖ਼ਪਤਕਾਰਾਂ ਦਾ ਭਰੋਸਾ ਅਤੇ ਉਤਪਾਦਾਂ ਦੇ ਪੋਸ਼ਕ ਤੱਤਾਂ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਕਾਫ਼ੀ ਅਹਿਮੀਅਤ ਰੱਖਦੀ ਹੈ। ਇਸ ਤੋਂ ਇਲਾਵਾ ਇੰਡੀਗੋ ਕੰਪਨੀ ਦੀਆਂ ਉਡਾਣਾਂ ਦੌਰਾਨ ਮੁਸਾਫ਼ਿਰਾਂ ਨੂੰ ਪਰੋਸੇ ਜਾਂਦੇ ਪਕਵਾਨਾਂ ਵਿੱਚ ਲੂਣ ਦੀ ਮਾਤਰਾ ਨੂੰ ਲੈ ਕੇ ਸਰੋਕਾਰ ਪ੍ਰਗਟਾਏ ਗਏ ਹਨ ਜਿਸ ਮੁਤੱਲਕ ਪਾਰਦਰਸ਼ਤਾ ਹੋਣੀ ਜ਼ਰੂਰੀ ਹੈ। ਖਾਧ ਪਦਾਰਥਾਂ ਦੀ ਚੋਣ ਦਾ ਮੂੰਹ ਮੁਹਾਂਦਰਾ ਘੜਨ ਅਤੇ ਇਸ ਹਿਸਾਬ ਨਾਲ ਸਨਅਤੀ ਕਾਰਵਿਹਾਰ ਨੂੰ ਉਸ ਰਸਤੇ ਤੋਰਨ ਲਈ ਖ਼ਪਤਕਾਰ ਜਾਗਰੂਕਤਾ ਅਹਿਮ ਭੂਮਿਕਾ ਨਿਭਾਉਂਦੀ ਹੈ। ਜਿਵੇਂ-ਜਿਵੇਂ ਲੋਕ ਖਾਧ ਖ਼ੁਰਾਕ ਦੇ ਸਿਹਤ 'ਤੇ ਅਸਰਾਂ ਬਾਰੇ ਜਾਗਰੂਕ ਹੋ ਰਹੇ ਹਨ, ਉਸੇ ਹਿਸਾਬ ਨਾਲ ਕੰਪਨੀਆਂ ਨੂੰ ਵੀ ਖਪਤਕਾਰਾਂ ਲਈ ਪੋਸ਼ਕ ਤੱਤਾਂ ਵਾਲੇ ਖਾਧ ਪਦਾਰਥ ਮੁਹੱਈਆ ਕਰਵਾਉਣ ਦੀ ਮਜਬੂਰੀ ਬਣੇਗੀ ਅਤੇ ਉਨ੍ਹਾਂ ਨੂੰ ਇਨ੍ਹਾਂ ਬਦਲਾਂ ਨੂੰ ਤਰਜੀਹ ਦੇਣੀ ਪਵੇਗੀ; ਨਾਲ ਹੀ ਆਪਣੇ ਪਦਾਰਥਾਂ ਵਿੱਚ ਵਰਤੀ ਜਾਂਦੀ ਸਮੱਗਰੀ ਬਾਰੇ ਸਹੀ ਅਤੇ ਹੋਰ ਜ਼ਿਆਦਾ ਜਾਣਕਾਰੀ ਮੁਹੱਈਆ ਕਰਵਾਉਣੀ ਪਵੇਗੀ।

ਖ਼ੁਰਾਕ ਸਨਅਤ ਨੂੰ ਲਾਜ਼ਮੀ ਤੌਰ 'ਤੇ ਆਪਣੀ ਕਾਰਜ ਪ੍ਰਣਾਲੀ ਦਾ ਮੁਲੰਕਣ ਕਰਨਾ ਚਾਹੀਦਾ ਹੈ ਤੇ ਖ਼ੁਰਾਕ ਰੈਗੂਲੇਟਰਾਂ ਨੂੰ ਵੀ ਨਿਯਮ ਸਖ਼ਤ ਕਰਨੇ ਚਾਹੀਦੇ ਹਨ। ਖ਼ਾਸ ਤੌਰ 'ਤੇ ਭਾਰਤ ਵਿੱਚ ਇਹ ਮਹੱਤਵਪੂਰਨ ਹੈ ਜਿੱਥੇ ਖਾਣ-ਪੀਣ ਨਾਲ ਸਬੰਧਿਤ ਗ਼ੈਰ-ਲਾਗ ਬਿਮਾਰੀਆਂ ਜਿਵੇਂ ਸ਼ੂਗਰ, ਮੋਟਾਪਾ, ਦਿਲ ਤੇ ਰੋਗ ਵਧ ਰਹੇ ਹਨ। ਇਨ੍ਹਾਂ ਚੁਣੌਤੀਆਂ ਤੋਂ ਪਾਰ ਪਾਉਣ ਲਈ ਖਪਤਕਾਰਾਂ ਤੇ ਖ਼ੁਰਾਕ ਉਦਯੋਗ ਦੇ ਹਿੱਤ ਧਾਰਕਾਂ ਨੂੰ ਸਾਂਝੇ ਯਤਨ ਕਰਨ ਦੀ ਲੋੜ ਹੈ ਜਿਸ 'ਚ ਖਾਣ-ਪੀਣ ਦੀਆਂ ਸਿਹਤਮੰਦ ਆਦਤਾਂ ਨੂੰ ਹੁਲਾਰਾ ਦੇਣਾ ਵੀ ਸ਼ਾਮਲ ਹੈ। ਇਸ ਮਾਮਲੇ 'ਚ ਖੰਡ, ਲੂਣ ਅਤੇ ਵਸਾ ਦੀ ਜ਼ਿਆਦਾ ਮਾਤਰਾ ਵਾਲੇ ਖ਼ੁਰਾਕੀ ਪਦਾਰਥਾਂ 'ਤੇ ਟੈਕਸ ਲਾਉਣ ਜਿਹੇ ਕਦਮ ਆਸ ਦੀ ਕਿਰਨ ਬਣ ਸਕਦੇ ਹਨ।

### ਮਨੁੱਖਤਾ 'ਤੇ ਇਤਬਾਰ

ਲੁਧਿਆਣਾ 'ਚ ਕਰੀਬ ਢਾਈ ਸਾਲ ਪਹਿਲਾਂ ਮਾਸੂਮ ਬੱਚੀ ਦਾ ਕਤਲ ਕਰਨ ਵਾਲੀ ਔਰਤ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾ ਕੇ ਇਨਸਾਫ਼ ਦਾ ਤਕਾਜ਼ਾ ਪੂਰਾ ਕਰਦਿਆਂ ਉਹ ਇਤਬਾਰ ਬਹਾਲ ਕਰਨ ਦਾ ਯਤਨ ਵੀ ਕੀਤਾ ਹੈ ਜੋ ਇਸ ਘਟਨਾ ਤੋਂ ਬਾਅਦ ਮਨੁੱਖਤਾ ਤੋਂ ਉੱਠਦਾ ਨਜ਼ਰ ਆਉਂਦਾ ਸੀ। ਇਸ ਤੋਂ ਸਾਲ 9 ਮਹੀਨਿਆਂ ਦੀ ਇਸ ਬੱਚੀ ਨੂੰ ਉਸ ਦੀ ਗੁਆਂਢਣ ਨੇ ਹੀ ਜਿਉਂਦਿਆਂ ਦਫ਼ਨ ਕਰ ਦਿੱਤਾ ਸੀ। ਉਸ ਮਾਸੂਮ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਉਸ ਨੂੰ ਕਿਸ ਕਸੂਰ ਦੀ ਸਜ਼ਾ ਦਿੱਤੀ ਗਈ। ਉਹ ਤਾਂ ਅਜੇ ਜ਼ਿੰਦਗੀ ਦੇ ਅਰਥ ਵੀ ਸਮਝਣ ਜੋਗੀ ਨਹੀਂ ਸੀ ਕਿ ਉਸ ਨੂੰ ਅੰਤਹੀਣ ਹਨੇਰੇ ਵਿੱਚ ਧੱਕ ਦਿੱਤਾ ਗਿਆ। ਅਦਾਲਤ ਨੇ ਆਪਣੇ ਫ਼ੈਸਲੇ 'ਚ ਕਿਹਾ ਹੈ ਕਿ ਮੁਜਰਮਾ ਨੇ ਵਹਿਸ਼ੀਪਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਅਤੇ ਮਾਸੂਮ ਨੂੰ ਬੇਹੱਦ ਜ਼ਾਲਮਾਨਾ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਕਿਸੇ ਮਾਸੂਮ ਬਾਲੜੀ ਨੂੰ ਜਿਉਂਦੇ ਜੀਅ ਦਫ਼ਨ ਕਰ ਦੇਣ ਤੋਂ ਵੱਡਾ ਗੁਨਾਹ ਕੋਈ ਹੋਰ ਨਹੀਂ ਹੋ ਸਕਦਾ; ਉਸ ਮਾਸੂਮ ਨੂੰ ਤਾਂ ਇਹ ਸਮਝ ਵੀ ਨਹੀਂ ਸੀ ਕਿ ਉਸ ਨਾਲ ਕੀ ਭਾਣਾ ਵਾਪਰ ਰਿਹਾ ਹੈ। ਇਹ ਘਟਨਾ ਮਨੁੱਖਤਾ ਦੇ ਮੱਥੇ 'ਤੇ ਕਲੰਕ ਹੈ ਅਤੇ ਇਸ ਨੇ ਮਨੁੱਖਤਾ 'ਤੇ ਭਰੋਸੇ ਨੂੰ ਠੇਸ ਲਗਾਈ ਹੈ।

ਲੁਧਿਆਣਾ ਦੇ ਸ਼ਿਮਲਾਪੁਰੀ 'ਚ ਵਾਪਰੀ ਇਸ ਘਟਨਾ ਦਾ ਪਿਛੋਕੜ ਇਹ ਹੈ ਕਿ ਮਾਸੂਮ ਬਾਲੜੀ ਦਾ ਪਿਤਾ ਪੁਲੀਸ ਮੁਲਾਜ਼ਮ ਹੈ ਤੇ ਮੁਜਰਮਾ ਉਸ 'ਤੇ ਇਸ ਗੱਲੋਂ ਖ਼ਫ਼ਾ ਸੀ ਕਿ ਉਹ ਉਸ ਦੇ ਬੱਚਿਆਂ ਨੂੰ ਗਲੀ 'ਚ ਖੇਡਣ ਤੋਂ ਰੋਕਦਾ ਹੈ। ਇਹ ਨਾਰਾਜ਼ਗੀ ਉਸ 'ਤੇ ਐਨੀ ਹਾਵੀ ਹੋ ਗਈ ਕਿ ਉਸ ਨੇ ਇਸ ਦਾ ਬਦਲਾ ਲੈਣ ਲਈ ਪੁਲੀਸ ਮੁਲਾਜ਼ਮ ਦੀ ਮਾਸੂਮ ਧੀ ਦੀ ਜਾਨ ਲੈ ਲਈ। ਮੁਜਰਮਾ ਆਪ ਵੀ ਦੋ ਬੱਚਿਆਂ ਦੀ ਮਾਂ ਹੈ, ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਖ਼ੁਦ ਮਾਂ ਹੋਣ ਦੇ ਬਾਵਜੂਦ ਉਹ ਈਰਖਾ, ਗੁੱਸੇ ਤੇ ਸਾੜੇ ਵਿੱਚ ਇਸ ਤਰ੍ਹਾਂ ਅੰਨ੍ਹੀ ਹੋ ਗਈ ਕਿ ਉਸ ਨੇ ਕਿਸੇ ਹੋਰ ਮਾਂ ਦੀ ਗੋਦ ਉਜਾੜਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਉਸ ਦੇ ਦਿਲ 'ਚ ਇੱਕ ਵਾਰ ਵੀ ਇਹ ਖਿਆਲ ਨਹੀਂ ਆਇਆ ਕਿ ਮਾਸੂਮ ਜਾਨ ਨੂੰ ਉਹ ਕਿਸ ਗੁਨਾਹ ਦੀ ਸਜ਼ਾ ਦੇਣ ਜਾ ਰਹੀ ਹੈ। ਉਸ ਨੂੰ ਜਦੋਂ ਉਹ ਜਿਉਂਦੇ ਜੀਅ ਕਬਰ ਦੇ ਹਨੇਰੇ 'ਚ ਦਫ਼ਨਾ ਦੇਵੇਗੀ ਤਾਂ ਉਸ ਦੀ ਮੌਤ ਕਿੰਨੀ ਦਰਦਨਾਕ ਹੋਵੇਗੀ। ਕਬਰ ਦੀ ਮਿੱਟੀ ਉਸ ਦੇ ਮਾਸੂਮ ਸਾਹਾਂ ਨੂੰ ਬੇਵਸ ਕਰ ਦੇਵੇਗੀ ਅਤੇ ਅੰਤ ਉਸ ਦੇ ਸਾਹਾਂ ਦੀ ਡੋਰ ਟੁੱਟ ਜਾਵੇਗੀ। ਅਜਿਹੀਆਂ ਵਹਿਸ਼ੀਆਨਾ ਕਾਰਵਾਈਆਂ ਕਰਨ ਵਾਲੇ ਸਚਮੁੱਚ ਸਾਡੇ ਸਮਾਜ ਦਾ ਹਿੱਸਾ ਨਹੀਂ ਹੋ ਸਕਦੇ।

ਮਨੋਵਿਗਿਆਨੀ ਮੰਨਦੇ ਹਨ ਕਿ ਨਿਆਸਰਾ, ਬੇਵਸ ਤੇ ਨਿਰਾਸ਼ ਹੋਇਆ ਮਨੁੱਖ ਕਿਸੇ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਉਹ ਖ਼ੁਦ ਲਈ ਅਤੇ ਦੂਸਰਿਆਂ ਵਾਸਤੇ ਵੀ ਘਾਤਕ ਹੋ ਸਕਦਾ ਹੈ। ਇਹ ਸਥਿਤੀ ਕਿਸੇ ਵਿਅਕਤੀ ਵਿਸ਼ੇਸ਼ ਲਈ ਵੱਖਰੀ ਹੋ ਸਕਦੀ ਹੈ ਪਰ ਆਮ ਤੌਰ 'ਤੇ ਭਾਈਚਾਰਕ ਸਾਂਝ ਤੇ ਰਿਸ਼ਤਿਆਂ-ਨਾਤਿਆਂ ਦੇ ਮੋਹ ਦੀਆਂ ਤੰਦਾਂ ਟੁੱਟਣ ਕਾਰਨ ਅਜਿਹਾ ਸੰਭਵ ਹੈ। ਸਮੇਂ ਨਾਲ ਸਮਾਜ 'ਚ ਆਈਆਂ ਤਬਦੀਲੀਆਂ ਨੇ ਮਨੁੱਖ ਨੂੰ ਆਪਣੇ ਆਪ ਤਕ ਹੀ ਸੀਮਤ ਕਰ ਦਿੱਤਾ ਹੈ। ਸਵਾਰਥ ਦੀ ਇਹੋ ਸੋਚ ਉਸ ਨੂੰ ਹੋਰਾਂ ਨਾਲ ਘੁਲਣ-ਮਿਲਣ ਨਹੀਂ ਦਿੰਦੀ ਅਤੇ ਕਿਸੇ ਨਿੱਜ ਦੇ ਵੱਸ ਪੈ ਕੇ ਉਹ ਹੋਰਾਂ ਲਈ ਕਬਰ ਪੁੱਟਣ ਦੇ ਰਾਹ ਤੁਰ ਪੈਂਦਾ ਹੈ ਪਰ ਇਹ ਨਹੀਂ ਸੋਚਦਾ ਕਿ ਕਿਸੇ ਹੋਰ ਦੀ ਕਬਰ ਪੁੱਟਣ ਲਈ ਉਹ ਆਪਣਾ ਪੈਰ ਵੀ ਮੌਤ ਦੇ ਰਾਹ 'ਤੇ ਧਰਦਾ ਹੈ। ਅਜਿਹੀਆਂ ਘਟਨਾਵਾਂ ਮਨੁੱਖਤਾ ਤੋਂ ਇਤਬਾਰ ਤੋੜਨ ਵਾਲੀਆਂ ਹੁੰਦੀਆਂ ਹਨ ਪਰ ਅਜਿਹੀ ਮਿਸਾਲੀ ਸਜ਼ਾ ਇਤਬਾਰ ਬਹਾਲੀ ਦਾ ਯਤਨ ਜਾਪਦੀ ਹੈ।

# ਮੁਕੰਮਲ ਖ਼ੁਸ਼ੀ ਹਾਸਲ ਕਰਨ ਦਾ ਭਰਮ

**ਅਵਿਜੀਤ ਪਾਠਕ**



ਅਸੀਂ ਭਾਵੇਂ ਬੇਸ਼ੁਮਾਰ ਜੰਗਾਂ, ਫ਼ੌਜੀ ਸ਼ਾਸਨ, ਤਾਨਾਸ਼ਾਹੀ ਦੇ ਨਵੇਂ ਰੂਪਾਂ, ਵਧਦੀ ਆਰਥਿਕ ਨਾ-ਬਰਾਬਰੀ, ਜਲਵਾਯੂ ਤਬਦੀਲੀ ਤੇ ਸਮਾਜੀ ਮਾਨਸਿਕ ਵਿਕਾਰਾਂ ਵਾਲੀ ਅੰਨ੍ਹੀ ਹਿੰਸਾ ਦੀ ਸ਼ਿਕਾਰ ਦੁਨੀਆ ਵਿੱਚ ਰਹਿ ਰਹੇ ਹਾਂ, ਫਿਰ ਵੀ ਖ਼ੁਸ਼ੀ ਲਈ ਸਾਡੀ ਤਲਾਸ਼ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਅਜੋਕੇ ਸਮਿਆਂ 'ਚ ਕਿਉਂਕਿ ਸਾਨੂੰ ਚੰਗਾ ਲੱਗਦਾ ਹੈ ਕਿ ਜੀਵਨ ਦਾ ਸਾਰਾ ਹਿਸਾਬ ਸਹੀ ਬੈਠੇ, ਖ਼ੁਸ਼ੀ ਵਰਗੇ ਬੇਹੱਦ ਗੁਣਾਤਮਕ ਤੇ ਅੰਤਰੀਵ ਭਾਵ ਦਾ ਵੀ ਅਸੀਂ ਮਾਪ-ਤੋਲ ਕਰਨ ਲੱਗ ਪਏ ਹਾਂ। ਹਰ ਸਾਲ ਸੰਯੁਕਤ ਰਾਸ਼ਟਰ ਦਾ ਟਿਕਾਊ ਵਿਕਾਸ ਬਾਰੇ ਨੈੱਟਵਰਕ ਵੱਖ-ਵੱਖ ਮੁਲਕਾਂ ਦੀ ਦਰਜਾਬੰਦੀ ਕਰਦਾ ਹੈ, ਇਨ੍ਹਾਂ ਨੂੰ 'ਖ਼ੁਸ਼ੀ ਸੂਚਕ ਅੰਕ' ਵਿੱਚ ਮਾਪਿਆ ਜਾਂਦਾ ਹੈ ਜਿਸ ਦਾ ਆਧਾਰ ਕੁੱਲ ਘਰੇਲੂ ਉਤਪਾਦ, ਜਿਊਣ ਦੀ ਸੰਭਾਵਨਾ, ਸਰਕਾਰ ਜਾਂ ਮੁਲਕ ਦੀ ਸਮਰੱਥਾ, ਸਮਾਜਿਕ ਸਹਾਇਤਾ ਜਾਂ ਕਹਿ ਲਈਏ, ਪਰਉਪਕਾਰੀ ਰਵੱਈਆ ਹੁੰਦਾ ਹੈ। ਫਿਨਲੈਂਡ ਜਿੱਥੇ ਇਸ ਸੂਚੀ ਵਿੱਚ ਚੋਟੀ 'ਤੇ 'ਸਭ ਤੋਂ ਵੱਧ ਖ਼ੁਸ਼ ਮੁਲਕ' ਬਣਿਆ ਹੋਇਆ ਹੈ, ਉੱਥੇ 'ਵਰਲਡ ਹੈਪੀਨੈੱਸ ਰਿਪੋਰਟ-2024' ਵਿਚ ਭਾਰਤ ਦਾ ਨੰਬਰ 143 ਮੁਲਕਾਂ ਵਿਚੋਂ 126ਵਾਂ ਹੈ।

ਮੈਂ ਸ਼ਾਇਦ ਇਸ ਰਿਪੋਰਟ ਦੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਤਾਂ ਨਹੀਂ ਕਰਾਂਗਾ; ਇਸ ਵਿੱਚ ਕੋਈ ਸ਼ੱਕ ਵੀ ਨਹੀਂ ਹੈ ਕਿ ਆਰਥਿਕ ਸਥਿਰਤਾ ਦਾ ਮੁਨਾਸਿਬ ਪੱਧਰ, ਸਮਾਜਿਕ ਭਲਾਈ ਦੀਆਂ ਸਰਕਾਰੀ ਸਕੀਮਾਂ, ਬਿਹਤਰ ਸਿਹਤ ਸਹੂਲਤਾਂ, ਕੰਮਕਾਜੀ ਸੰਤੁਸ਼ਟੀ, ਆਪਸੀ ਤਾਲਮੇਲ ਵਾਲੇ ਸਮਾਜ ਦੀ ਮੌਜੂਦਗੀ ਅਤੇ ਸਿਆਸੀ ਆਜ਼ਾਦੀ ਰੋਜ਼ਮੱਰਾ ਜ਼ਿੰਦਗੀ ਵਿੱਚ ਕੁਝ ਹੱਦ ਤੱਕ ਤਸੱਲੀ ਪੈਦਾ ਕਰਦੇ ਹਨ; ਹਾਲਾਂਕਿ ਇਹ ਸਵੀਕਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਕਿ ਖ਼ਾਲਸ ਖ਼ੁਸ਼ੀ ਵਰਗਾ ਕੁਝ ਨਹੀਂ ਹੈ ਕਿਉਂਕਿ ਆਨੰਦ ਤੇ ਤਸੱਲੀ ਵਾਲੇ ਸਾਡੇ ਸਭ ਤੋਂ ਬਿਹਤਰੀਨ ਪਲ ਕਿਸੇ ਨਾ ਕਿਸੇ ਕਿਸਮ ਦੀ ਬੇਚੈਨੀ ਵੀ ਨਾਲ ਲੈ ਕੇ ਆਉਂਦੇ ਹਨ। ਜਿਵੇਂ ਸਾਡੇ ਕੋਲ ਜੋ ਕੁਝ ਹੈ, ਉਸ ਨੂੰ ਗੁਆਉਣ ਦਾ ਡਰ ਰਹਿੰਦਾ ਹੈ, ਭਾਵੇਂ ਉਹ ਭੌਤਿਕ ਸੰਪਤੀ ਹੋਵੇ, ਸਰੀਰਕ ਜੀਵਨ ਸ਼ਕਤੀ ਜਾਂ ਸਨੇਹੀਆਂ ਦਾ ਸਾਥ। ਅਸੀਂ ਹਮੇਸ਼ਾ ਸੰਪੂਰਨ ਖ਼ੁਸ਼ੀ ਲੱਭਦੇ ਰਹਿੰਦੇ ਹਾਂ, ਫਿਰ ਵੀ ਇਹ ਸਾਡੇ ਹੱਥ ਨਹੀਂ ਆਉਂਦੀ। ਸਾਡੇ ਸਮਿਆਂ ਵਿੱਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ 'ਖ਼ੁਸ਼ੀ ਅਤੇ ਸਫ਼ਲਤਾ' ਲਈ ਵਾਰ-ਵਾਰ ਸਾਨੂੰ ਕੁਝ 'ਢੰਗ-ਤਰੀਕੇ' ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ। ਉਂਝ, ਇਹ ਜਾਣਨਾ ਜ਼ਰੂਰੀ ਹੈ ਕਿ ਖ਼ੁਸ਼ੀ 'ਸੈਲਫ ਹੈਲਪ' ਪੁਸਤਕਾਂ ਜਾਂ ਆਸ਼ਰਮ ਤੇ ਮੱਠਾਂ ਤੋਂ ਫੌਰੀ ਪ੍ਰਾਪਤ ਹੋਣ ਵਾਲਾ ਕੋਈ ਰੋਗ ਨਿਵਾਰਕ ਕੈਪਸੂਲ ਨਹੀਂ ਹੈ। ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿੱਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ 'ਸਚੇਤ ਮਨ' (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ 'ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ 'ਸੈਲਫ ਹੈਲਪ' ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ। ਝੁੱਗੀ ਵਿੱਚ ਰਹਿਣ ਵਾਲੇ ਜਾਂ ਕਿਸੇ ਬੇਘਰੇ ਨੂੰ 'ਘੱਟੋ-ਘੱਟ ਨਾਲ ਗੁਜ਼ਾਰੇ' ਦਾ ਪਾਠ ਪੜ੍ਹਾਉਣਾ ਵੀ ਓਨਾ ਹੀ ਬੇਹੂਦਾ ਹੈ। ਇਸ ਅੰਤਾਂ ਦੇ ਉੱਚੇ-ਨੀਵੇਂ ਤੇ ਬੇਰਹਿਮ ਸੰਸਾਰ ਦੀਆਂ ਰਾਜਸੀ ਤੇ ਆਰਥਿਕ ਨੀਹਾਂ ਨੂੰ ਬਦਲੇ ਬਿਨਾਂ ਅਸੀਂ ਤਸੱਲੀ ਦੇ ਲੋੜੀਂਦੇ ਪੱਧਰ ਵੱਲ ਨਹੀਂ ਵੱਧ ਸਕਦੇ। ਨਸਲਕੁਸ਼ੀ ਨੂੰ ਆਮ ਹੀ ਸਿੱਧ ਕਰ ਦੇਣ ਦੇ ਮਾਹੌਲ ਵਿਚਾਲੇ ਫ਼ਲਸਤੀਨੀ ਭਲਾ ਕਿਵੇਂ ਖ਼ੁਸ਼ ਰਹਿ ਸਕਦੇ ਹਨ।

ਇਸੇ ਤਰ੍ਹਾਂ ਜੇ ਰੁਜ਼ਗਾਰ ਰਿਪੋਰਟ-2024 ਦੱਸਦੀ ਹੈ ਕਿ ਭਾਰਤ ਦੇ 83 ਪ੍ਰਤੀਸ਼ਤ ਬੇਰੁਜ਼ਗਾਰ, ਨੌਜਵਾਨ ਵਰਗ ਨਾਲ ਸਬੰਧਿਤ ਹਨ ਜਾਂ ਜਿਵੇਂ ਖੋਜ ਪੱਤਰ 'ਦਿ ਰਾਈਜ਼ ਆਫ ਬਿਲੀਅਨੇਅਰ ਰਾਜ' ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਦੇ ਉਪਰਲੇ ਇੱਕ ਪ੍ਰਤੀਸ਼ਤ ਲੋਕਾਂ ਕੋਲ 40 ਪ੍ਰਤੀਸ਼ਤ ਸੰਪਤੀ ਹੈ ਤਾਂ ਇਕ ਔਸਤ ਭਾਰਤੀ ਦੇ ਦਰਦ, ਡਰ, ਤਣਾਅ ਤੇ ਦੁੱਖ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਾਡੇ ਕੋਲ ਭਾਵੇਂ ਮੁਕਤੀ ਦੇ ਵੱਖੋ-ਵੱਖਰੇ ਰਾਹ ਦਿਖਾਉਣ ਵਾਲੇ ਹਜ਼ਾਰਾਂ ਬਾਬੇ ਤੇ ਗੁਰੂ ਹਨ, ਫਿਰ ਵੀ ਕੌੜੀ ਸਚਾਈ ਇਹੀ ਹੈ ਕਿ ਸਾਡਾ ਮੁਲਕ ਨਾਖ਼ੁਸ਼ ਅਤੇ ਉਦਾਸ ਮੁਲਕ ਹੈ। ਸ਼ਾਇਦ ਸਾਡੇ ਸਮਾਜ ਦੀ ਸਿਆਸੀ/ਆਰਥਿਕ ਮੁੜ ਉਸਾਰੀ ਤੋਂ ਬਿਨਾਂ ਅਸੀਂ ਅਜਿਹਾ ਸਮਾਜਿਕ ਵਾਤਾਵਰਨ ਨਹੀਂ ਸਿਰਜ ਸਕਦੇ ਜੋ ਸੰਤੁਸ਼ਟ ਲੋਕਾਈ ਦੇ ਵਿਕਾਸ ਲਈ ਨਿਆਂ ਸੰਗਤ ਤਰੀਕੇ ਨਾਲ ਸਾਜ਼ਗਾਰ ਹੋਵੇ। ਇੱਥੇ ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਮੈਂ ਆਤਮ-ਵਿਸ਼ਲੇਸ਼ਣ ਦੀ ਅਹਿਮੀਅਤ ਜਾਂ ਅਰਥਪੂਰਨ, ਟਿਕਾਊ ਤੇ ਦਯਾ ਭਾਵ ਨਾਲ ਭਰਪੂਰ ਜੀਵਨ ਜਿਊਣ ਲਈ ਅੰਦਰੂਨੀ ਠਹਿਰਾਅ ਦੀ ਲੋੜ ਨੂੰ ਨਕਾਰਦਾ ਹਾਂ। ਆਰਥਿਕ ਸੁਰੱਖਿਆ ਤੇ ਰਾਜਨੀਤਕ ਆਜ਼ਾਦੀ ਦਾ ਢੁੱਕਵਾਂ ਪੱਧਰ ਸਾਡੀ ਰੋਜ਼ਮੱਰ੍ਹਾ ਜ਼ਿੰਦਗੀ ਨੂੰ ਕੁਝ ਹੱਦ ਤੱਕ ਸੁਖੀ ਬਣਾਉਂਦਾ ਹੈ। ਜੀਵਨ ਨੂੰ 'ਪਵਿੱਤਰ' ਕੀਤੇ ਬਿਨਾਂ ਵਧੇਰੇ ਅਰਥਪੂਰਨ ਤੇ ਸ਼ਾਂਤੀਪੂਰਨ ਅਹਿਸਾਸ (ਜ਼ਰੂਰੀ ਨਹੀਂ ਕਿ ਸੰਪੂਰਨ 'ਖ਼ੁਸ਼ੀ' ਦੀ ਸਥਿਤੀ) ਵੱਲ ਨਹੀਂ ਵਧਿਆ ਜਾ ਸਕਦਾ। ਮਸਲਨ, ਇਹ ਧਾਰਮਿਕਤਾ ਜਾਂ ਪਵਿੱਤਰਤਾ ਜਿਊਣ ਦੀ ਅਜਿਹੀ ਕਲਾ ਵਿਕਸਿਤ ਕਰਨ ਬਾਰੇ ਹੈ ਜੋ ਖਪਤਵਾਦ ਤੋਂ ਦੂਰ ਹੋਵੇ। ਇਸ ਸਭ ਲਈ ਭੋਜਨ, ਵਸੇਬੇ, ਸਿੱਖਿਆ, ਰਾਜਨੀਤਕ ਆਜ਼ਾਦੀ ਤੇ ਕੰਮਕਾਰ ਜਿਹੀਆਂ ਬੁਨਿਆਦੀ ਲੋੜਾਂ ਨੂੰ ਬੇਕਾਬੂ ਲਾਲਚ ਦੇ ਵਾਇਰਸ ਤੋਂ ਵੱਖਰਾ ਕਰਨਾ ਪਏਗਾ- ਉਹ ਲਾਲਚ ਜਿਸ ਨੂੰ ਮੰਡੀ ਆਧਾਰਿਤ ਸਮਾਜ ਨੇ ਆਮ ਵਰਤਾਰਾ ਬਣਾ ਦਿੱਤਾ ਹੈ।

ਹਾਂ, ਅਜਿਹੇ ਸਮਾਜ ਵਿਚ ਖ਼ੁਸ਼ੀ ਲਈ ਕੋਈ ਥਾਂ ਨਹੀਂ ਹੈ ਜਿਹੜਾ ਬੇਲੋੜੀ ਖ਼ਪਤ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਾ ਹੈ ਜਾਂ ਨਿੱਤ ਨਵੇਂ ਆ ਰਹੇ ਉਤਪਾਦਾਂ ਲਈ ਲਲਚਾਉਂਦਾ ਹੈ ਅਤੇ ਨਵ-ਉਦਾਰਵਾਦੀ ਮੰਡੀ ਦੀਆਂ ਨਵੀਆਂ ਕਾਢਾਂ ਨੂੰ ਲਗਾਤਾਰ ਅਪਨਾਉਂਦਾ ਹੈ। ਇਹ ਤਾਂਘ, ਸਕੂਨ ਤੇ ਚੈਨ ਨੂੰ ਭੰਗ ਕਰਦੀ ਹੈ; ਤੇ ਉਲਟਾ ਈਰਖਾ, ਬੇਚੈਨੀ ਤੇ ਪੱਛੜਨ ਦਾ ਸਦੀਵੀ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਖ਼ੁਦ 'ਚ ਨਾਤੇਦਾਰੀ ਦੀ ਕਲਾ ਵਿਕਸਿਤ ਕਰਨਾ ਵੀ ਓਨਾ ਹੀ ਜ਼ਰੂਰੀ ਹੈ; ਅਜਿਹਾ ਅਪਣਾਪਨ ਜੋ ਬਿਲਕੁਲ ਆਮ ਜਿਹੀਆਂ ਚੀਜ਼ਾਂ 'ਚ ਭਰਪੂਰ ਖ਼ੁਸ਼ੀ ਲੱਭ ਸਕੇ, ਜਿਵੇਂ ਕਿਸੇ ਗੁੱਝੇ ਮਕਸਦ ਬਿਨਾਂ ਕਿਸੇ ਦੋਸਤ ਨੂੰ ਮਿਲਣਾ ਜਾਂ ਕਿਸੇ ਪਹਾੜੀ ਇਲਾਕੇ ਦੀ ਸੈਰ ਕਰਨੀ ਤੇ ਅਨੰਤ ਦੀ ਝਲਕ ਦਾ ਆਨੰਦ ਮਾਨਣਾ। 'ਸਾਧਾਰਨ' ਹੋਣ ਦੀ ਇਹ ਕਲਾ ਜੋ ਕਲਾਤਮਕ ਵਾਧੇ ਨਾਲ ਵੀ ਭਰੀ ਹੋਈ ਹੈ, ਮਿਥਿਹਾਸਕ 'ਸਫਲਤਾ' ਹਾਸਲ ਕਰਨ ਦੀ ਮਾਨਸਿਕ ਬੇਚੈਨੀ ਜਾਂ 'ਸੰਪੂਰਨ ਤੇ ਖ਼ੁਸ਼ਹਾਲ ਜ਼ਿੰਦਗੀ' ਜਿਊਣ ਦੇ ਫਰੇਬ ਤੋਂ ਮੁਕਤੀ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ; ਇਸੇ ਫਰੇਬ ਰਾਹੀਂ ਭਰਮਾਊ 'ਕਲਚਰ ਇੰਡਸਟਰੀ' ਲਗਾਤਾਰ ਸਾਨੂੰ ਧੋਖੇ ਵਿਚ ਰੱਖ ਰਹੀ ਹੈ।

ਜੀਵਨ ਦੀ ਸ਼ੁੱਧਤਾ ਲਈ ਹੋਂਦ ਦੇ ਵਿਰਾਸਤੀ ਅਵਸਾਦ ਨੂੰ ਸਵੀਕਾਰਨ ਦੀ ਲੋੜ ਹੈ। ਇਹ ਇਵੇਂ ਮੰਨਣ ਵਾਂਗ ਹੈ ਕਿ ਸਾਰਾ ਕੁਝ ਸਾਡੇ ਕੰਟਰੋਲ ਵਿਚ ਨਹੀਂ ਹੈ। ਜਿਸ ਚੀਜ਼ ਨੂੰ ਵੀ ਅਸੀਂ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਕੱਚੀ ਤੇ ਅਸਥਾਈ ਹੈ। ਗੂੜ੍ਹ ਘਟਨਾਵਾਂ ਅਤੇ ਤ੍ਰਾਸਦੀਆਂ ਅਚਾਨਕ ਸਾਡੀ ਹੋਂਦ ਨੂੰ ਤੋੜ ਸਕਦੀਆਂ ਹਨ; ਤੇ ਕੋਈ ਵੀ ਮੌਤ ਦੇ ਸੱਚ ਤੋਂ ਬਚ ਨਹੀਂ ਸਕਦਾ, ਜੋ ਆਖ਼ਰ ਵਿੱਚ ਸਾਡੀ ਫੁੱਲੀ ਹੋਈ ਹਉਮੈ ਨੂੰ ਮਨਫ਼ੀ ਕਰੇਗੀ। ਸ਼ਾਇਦ ਇਹ ਅਹਿਸਾਸ, ਕੁੜੱਤਣ ਭਰਨ ਦੀ ਬਜਾਇ ਇਸ ਦੁਨਿਆਵੀ ਹੋਂਦ ਤੋਂ ਪਾਕ ਹੰਝੂਆਂ ਨਾਲ ਸਾਨੂੰ ਪਾਰ ਲੰਘਾਏਗਾ।

## ਦਿਲਚਸਪੀ ਨਾਲ ਸਿੱਖੀ ਜਾ ਸਕਦੀ ਹੈ ਹਰ ਕਲਾ: ਪ੍ਰੋ. ਅਰਵਿੰਦ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਦਰਸ਼ਨੀ ਦੇਖਦੇ ਹੋਏ ਵਾਈਸ ਚਾਂਸਲਰ ਪ੍ਰੋ. ਅਰਵਿੰਦ ਅਤੇ ਹੋਰ।

'ਦਿਲਚਸਪੀ ਨਾਲ਼ ਹਰ ਕਲਾ ਸਿੱਖੀ ਜਾ ਸਕਦੀ ਹੈ। ਅੱਜ ਦੇ ਸਮੇਂ ਵਿੱਚ ਹਰ ਕੋਈ ਮਨੁੱਖ ਜੇ ਦਿਲਚਸਪੀ ਲਵੇ ਤਾਂ ਫ਼ੋਟੋਗਰਾਫ਼ੀ ਦੀ ਕਲਾ ਸਿੱਖ ਸਕਦਾ ਹੈ। ਤਕਨਾਲੌਜੀ ਦੇ ਲਗਾਤਾਰ ਵਿਕਾਸ ਨੇ ਕਲਾ ਖੇਤਰ ਲਈ ਵੀ ਬਹੁਤ ਸਾਰੇ ਨਵੇਂ ਰਾਹ ਖੋਲ੍ਹ ਦਿੱਤੇ ਹਨ।' ਇਹ ਗੱਲ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਸੋਭਾ ਸਿੰਘ ਫ਼ਾਈਨ ਆਰਟਸ ਅਤੇ ਮਿਊਜ਼ੀਅਮ ਤੇ ਆਰਟ ਗੈਲਰੀ ਵੱਲੋਂ ਲਗਾਈ ਜਾ ਰਹੀ ਫ਼ੋਟੋ ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਕਹੀ। ਉਨ੍ਹਾਂ ਕਿਹਾ ਕਿ ਫ਼ੋਟੋਗ੍ਰਾਫ਼ੀ ਦੇ ਖੇਤਰ ਵਿੱਚ ਜਿੱਥੇ ਪਹਿਲਾਂ ਫ਼ੋਟੋ ਨੂੰ ਪ੍ਰਿੰਟ ਰੂਪ ਵਿੱਚ ਵਿਕਸਿਤ ਹੋਣ ਲਈ ਲੈਬਾਰਟਰੀ ਵਿੱਚ ਜਾਣਾ ਪੈਂਦਾ ਸੀ, ਉਸ ਦੀ ਬਜਾਏ ਹੁਣ ਨਵੀਂ ਕਿਸਮ ਦੇ ਕੈਮਰੇ ਆਉਣ ਨਾਲ ਇਸ ਖੇਤਰ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਜਸਕਰਨ ਸਿੰਘ ਅਤੇ ਰਣਜੋਧ ਸਿੰਘ ਵੱਲੋਂ ਖਿੱਚੀਆਂ ਫ਼ੋਟੋਆਂ ਦੀ ਇਸ ਪ੍ਰਦਰਸ਼ਨੀ ਬਾਰੇ ਗੱਲ ਕਰਦਿਆਂ, ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰਦਰਸ਼ਨੀਆਂ ਤੋਂ ਜਿੱਥੇ ਇੱਕ ਪਾਸੇ ਪ੍ਰੇਰਨਾ ਮਿਲਦੀ ਹੈ ਅਤੇ ਦੂਜੇ ਪਾਸੇ ਵਿਦਿਆਰਥੀ ਮਾਹਿਰਾਂ ਦੇ ਕੰਮ ਨੂੰ ਵੇਖ ਕੇ ਆਪਣੇ ਹੁਨਰ ਨੂੰ ਨਿਖਾਰਨ ਲਈ ਬਹੁਤ ਸਾਰੇ ਨੁਕਤੇ ਵੀ ਸਿਖਦੇ ਹਨ।

ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਕਿਹਾ ਕਿ ਅੱਜ-ਕੱਲ੍ਹ ਬੁੱਧੀ ਸੰਬੰਧੀ ਮਾਪ ਦੇ ਪੈਮਾਨੇ ਬਦਲ ਗਏ ਹਨ। ਕਲਾ ਜਾਂ ਹੁਨਰ ਦਾ ਸਤਿਕਾਰ ਵਧ ਗਿਆ ਹੈ। ਰਣਜੋਧ ਸਿੰਘ ਵੱਲੋਂ ਆਪਣੇ ਹੁਨਰ, ਸ਼ੌਕ, ਪ੍ਰੇਰਨਾ ਅਤੇ ਪ੍ਰਦਰਸ਼ਨੀ ਵਿੱਚ ਲੱਗੀਆਂ ਤਸਵੀਰਾਂ ਆਦਿ ਬਾਰੇ ਅਨੁਭਵ ਸਾਂਝਾ ਕਰਦਿਆਂ ਇੱਕ ਅਹਿਮ ਟਿੱਪਣੀ ਕੀਤੀ ਕਿ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੋਂ ਰਾਹਤ ਲੈਣ ਲਈ ਮਨੁੱਖ ਕਲਾ ਵੱਲ ਜਾਂਦਾ ਹੈ। ਵਿਭਾਗ ਮੁਖੀ ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ 30 ਅਪਰੈਲ ਤੱਕ ਜਾਰੀ ਰਹਿਣੀ ਹੈ। ਬਾਅਦ ਵਿੱਚ ਵੱਖਰੇ ਸੈਸ਼ਨ ਦੌਰਾਨ ਰਣਜੋਧ ਸਿੰਘ ਅਤੇ ਜਸਕਰਨ ਸਿੰਘ ਨੇ ਵਿਦਿਆਰਥੀਆਂ ਨਾਲ਼ ਫ਼ੋਟੋਗ੍ਰਾਫੀ ਦੇ ਤਕਨੀਕੀ ਨੁਕਤੇ ਵੀ ਸਾਂਝੇ ਕੀਤੇ।

## ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵੱਲੋਂ ਰੈਲੀ



**ਜਲੰਧਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ 58 ਸਾਲ ਤੋਂ ਵੱਧ ਉਮਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਵਿਭਾਗ ਤੋਂ ਫ਼ਾਰਗ ਕਰਨ ਦੇ ਵਿਰੋਧ ਵਿੱਚ ਡੈਮੋਕਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਜ਼ਿਲ੍ਹਾ ਜਲੰਧਰ ਵੱਲੋਂ ਕੰਪਨੀ ਬਾਗ਼ ਵਿੱਚ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਕੀਤੀ ਗਈ ਅਤੇ ਵਿਧਾਇਕ ਰਮਨ ਅਰੋੜਾ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ।

ਰੈਲੀ ਦੌਰਾਨ ਸੂਬਾ ਆਗੂ ਮਨਦੀਪ ਕੌਰ ਬਿਲਗਾ ਅਤੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਕੌਰ ਸ਼ਾਹਕੋਟ ਤੋਂ ਇਲਾਵਾ ਡੀ.ਐਮ.ਐਫ. ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਦੁਸਾਂਝ ਤੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਜੋਸ਼ਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਕੀਤੀ ਗਈ

17 ਸਾਲ ਦੀ ਲੰਬੀ ਸੇਵਾ ਨੂੰ ਅਣਗੌਲਿਆਂ ਕਰ ਕੇ ਦੀ ਸੇਵਾਮੁਕਤੀ ਦੀ ਉਮਰ 58 ਸਾਲ ਤੈਅ ਕਰ ਕੇ 31 ਮਾਰਚ ਤੋਂ ਬਾਅਦ ਖਾਲੀ ਹੱਥ ਘਰੀਂ ਤੋਰਨ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ ਹੈ।

ਆਗੂ ਅੰਮ੍ਰਿਤਪਾਲ ਕੌਰ ਨੁਸੀ, ਕਲਵਿੰਦਰ ਕੌਰ ਕਪੂਰਥਲਾ, ਰਜਿੰਦਰਪਾਲ ਕੌਰ ਫਗਵਾੜਾ, ਕੁਲਜੀਤ ਕੌਰ ਖਾਲਸਾ, ਸੀਤਾ ਬੁਲੰਦਪੁਰ, ਆਸ਼ਾ ਗੁਪਤਾ, ਸੁਖਨਿੰਦਰ ਕੌਰ, ਕਵਿਤਾ ਰਾਣੀ ਕਾਲਾ ਬੱਕਰਾ, ਆਂਚਲ ਹਰੀਪੁਰ ਤੇ ਕੁਲਦੀਪ ਕੌਰ ਕਾਲਾ ਬੱਕਰਾ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਹ ਪੱਤਰ ਵਾਪਸ ਨਾ ਲਿਆ ਗਿਆ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ।

ਉਨ੍ਹਾਂ ਮੰਗ ਕੀਤੀ ਕਿ ਵਰਕਰਾਂ ਦੀ ਸੇਵਾਮੁਕਤੀ ਉਮਰ 65 ਸਾਲ ਕੀਤੀ ਜਾਵੇ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ।

## ਜਾਵਾ ਯੇਜ਼ਦੀ ਮੋਟਰਸਾਈਕਲਜ਼ ਵੱਲੋਂ ਜਲੰਧਰ ਵਿੱਚ ਆਪਣੇ ਮੈਗਾ ਸਰਵਿਸ ਕੈਂਪ ਦਾ ਆਯੋਜਨ

**ਜਲੰਧਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜਾਵਾ ਯੇਜ਼ਦੀ ਮੋਟਰਸਾਈਕਲਜ਼ ਜਲੰਧਰ, ਪੰਜਾਬ ਵਿੱਚ ਆਪਣਾ ਬਹੁਤ ਹੀ ਸਫਲ ਮੈਗਾ ਸਰਵਿਸ ਕੈਂਪ ਸ਼ੁਰੂ ਕਰਨ ਲਈ ਤਿਆਰ ਹੈ। ਵੱਖ-ਵੱਖ ਰਾਜਾਂ ਵਿੱਚ ਸੇਵਾ ਕੈਂਪਾਂ ਦੇ ਪਹਿਲੇ ਪੜਾਅ ਦੀ ਸਫ਼ਲਤਾ ਤੋਂ ਬਾਅਦ ਸੇਵਾ ਕੈਂਪਾਂ ਦੇ ਦੂਜੇ ਪੜਾਅ ਦਾ ਹੋਰ ਸ਼ਹਿਰਾਂ ਵਿੱਚ ਵਿਸਥਾਰ ਕੀਤਾ ਜਾਵੇਗਾ। ਇਹ ਕੈਂਪ 19 ਅਪ੍ਰੈਲ ਤੋਂ 20 ਅਪ੍ਰੈਲ ਤੱਕ ਜਲੰਧਰ ਵਿਖੇ ਲਗਾਇਆ ਜਾਵੇਗਾ, ਖਾਸ ਤੌਰ 'ਤੇ ਖੇਤਰ ਦੇ 2019 ਅਤੇ 2020 ਮਾਡਲ ਜਾਵਾ ਮੋਟਰਸਾਈਕਲ ਮਾਲਕਾਂ ਲਈ। ਕੈਂਪ ਵਿੱਚ, 2019-2020 ਜਾਵਾ ਮੋਟਰਸਾਈਕਲਾਂ ਦੇ ਮਾਲਕ ਵਾਹਨਾਂ ਦੀ ਵਿਆਪਕ ਜਾਂਚ ਅਤੇ ਚੋਣਵੇਂ ਪੁਰਜ਼ਿਆਂ ਦੀ ਮੁਫਤ ਤਬਦੀਲੀ ਦਾ ਆਨੰਦ ਲੈਣਗੇ। ਮੋਟੂਲ, ਐਮਰੋਨ ਅਤੇ ਸੀਏਟੀ ਟਾਇਰਸ ਸਮੇਤ ਪ੍ਰਮੁੱਖ ਅਸਲੀ ਉਪਕਰਣ ਸਪਲਾਇਰ ਗਾਹਕਾਂ ਦੀ ਸਹਾਇਤਾ ਲਈ ਸਰਗਰਮੀ ਨਾਲ ਹਿੱਸਾ ਲੈਣਗੇ। ਲੰਬੇ ਸਮੇਂ ਦੀ ਗਾਹਕ ਸੰਤੁਸ਼ਟੀ ਪ੍ਰਤੀ ਆਪਣੀ ਵਚਨਬੱਧਤਾ ਦੇ ਅਨੁਸਾਰ, ਜਾਵਾ ਯੇਜ਼ਦੀ ਮੋਟਰਸਾਈਕਲ ਮੋਟਰਸਾਈਕਲਾਂ ਦੇ ਟੈਸਟ ਮੁਲਾਂਕਣ ਦੇ ਅਧਾਰ 'ਤੇ ਇੱਕ ਮੁਫਤ ਐਕਸਟੈਂਡਡ ਵਾਰੰਟੀ ਦੀ ਪੇਸ਼ਕਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ, ਐਕਸਚੇਂਜ ਮੁੱਲ ਦਾ ਮੁਲਾਂਕਣ ਕਰਨ ਲਈ ਆਪਣੇ ਮੋਟਰਸਾਈਕਲਾਂ ਨੂੰ ਅਪਗ੍ਰੇਡ ਕਰਨ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਇੱਕ ਮਨੋਨੀਤ ਖੇਤਰ ਹੋਵੇਗਾ। ਸੇਵਾ ਕੈਂਪਾਂ ਦੇ ਪਹਿਲੇ ਪੜਾਅ ਦੀ ਸਫਲਤਾ ਨੂੰ ਦੇਖਦੇ ਹੋਏ, ਜਾਵਾ ਨੂੰ ਜੂਨ ਦੇ ਅੰਤ ਤੱਕ ਲਗਭਗ 10,000 ਬਾਈਕਾਂ ਦੀ ਸੇਵਾ ਕਰਨ ਦੀ ਉਮੀਦ ਹੈ। ਇਸ ਤੋਂ ਪਹਿਲਾਂ ਇਨ੍ਹਾਂ ਕੈਂਪਾਂ ਵਿੱਚ 6250 ਤੋਂ ਵੱਧ ਜਾਵਾ ਮੋਟਰਸਾਈਕਲਾਂ ਦੀ ਸੇਵਾ ਕੀਤੀ ਜਾ ਚੁੱਕੀ ਹੈ। ਜਾਵਾ ਆਉਣ ਵਾਲੇ ਮਹੀਨਿਆਂ ਵਿੱਚ ਦੇਸ਼ ਭਰ ਦੇ ਕਈ ਸ਼ਹਿਰਾਂ ਵਿੱਚ ਮੈਗਾ ਸੇਵਾ ਕੈਂਪ (ਫੇਜ਼ 99) ਦਾ ਆਯੋਜਨ ਕਰੇਗਾ। ਅਗਲਾ ਕੈਂਪ ਨਾਗਪੁਰ, ਦੇਹਰਾਦੂਨ, ਫਰੀਦਾਬਾਦ ਅਤੇ ਇੰਦੌਰ ਵਿੱਚ ਲਗਾਇਆ ਜਾਵੇਗਾ। ਇਹ ਪਹਿਲਕਦਮੀ ਗਾਹਕਾਂ ਦੀ ਸੰਤੁਸ਼ਟੀ ਨੂੰ ਤਰਜੀਹ ਦੇਣ ਅਤੇ ਇੱਕ ਬੇਮਿਸਾਲ ਮਾਲਕੀ ਅਨੁਭਵ ਪ੍ਰਦਾਨ ਕਰਨ ਲਈ ਬ੍ਰਾਂਡ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ। ਜਾਵਾ ਮੋਟਰਸਾਈਕਲਾਂ ਦੇ ਮਾਲਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਨਜ਼ਦੀਕੀ ਬ੍ਰਾਂਡ ਡੀਲਰਸ਼ਿਪ ਨਾਲ ਸੰਪਰਕ ਕਰਨ ਅਤੇ ਆਪਣੇ ਸਲਾਟ ਰਿਜ਼ਰਵ ਕਰਨ। ਆਪਣੇ ਮੋਟਰਸਾਈਕਲ ਲਈ ਸ਼ਾਨਦਾਰ ਸੇਵਾ ਅਤੇ ਗਾਹਕਾਂ ਦੀ ਸੰਤੁਸ਼ਟੀ ਲਈ ਬ੍ਰਾਂਡ ਦੀ ਵਚਨਬੱਧਤਾ ਦਾ ਅਨੁਭਵ ਕਰਨ ਦੇ ਇਸ ਵਧੀਆ ਮੌਕੇ ਨੂੰ ਨਾ ਗੁਆਓ। ਸੇਵਾ ਕੈਂਪ ਇੱਥੇ ਲਗਾਇਆ ਜਾਵੇਗਾ

## ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਫੇਸਬੁੱਕ ਲਾਈਵ ਜ਼ਰੀਏ ਪੰਜਾਬ ਦੇ ਵੋਟਰਾਂ ਨਾਲ ਰਾਬਤਾ

➢ ਮੁੱਖ ਚੋਣ ਅਧਿਕਾਰੀ ਵੱਲੋਂ ਲੋਕਾਂ ਨੂੰ ਸੀ-ਵਿਜਲ ਐਪ, ਟੋਲ-ਫ੍ਰੀ ਨੰਬਰ 1950 ਅਤੇ ਭਾਰਤੀ ਚੋਣ ਕਮਿਸ਼ਨ ਦੇ ਐਨ.ਜੀ.ਐਸ. ਪੋਰਟਲ ਰਾਹੀਂ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਰਿਪੋਰਟ ਕਰਨ ਦੀ ਅਪੀਲ ➢ ਗਰਮੀ ਦੇ ਚੱਲਦਿਆਂ ਪੰਜਾਬ ਦੇ ਪੋਲਿੰਗ ਸਟੇਸ਼ਨਾਂ 'ਤੇ ਛਬੀਲ, ਸ਼ੈੱਡ, ਪੀਣ ਵਾਲੇ ਪਾਣੀ ਅਤੇ ਕੁਰਸੀਆਂ ਦਾ ਕੀਤਾ ਜਾਵੇਗਾ ਖ਼ਾਸ ਪ੍ਰਬੰਧ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਚੋਣਾਂ 2024 ਦੌਰਾਨ ਚੋਣ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਬਣਾਉਣ ਅਤੇ ਵੋਟਰਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਦੇ ਕੀਮਤੀ ਸੁਝਾਅ ਲੈਣ ਲਈ ਆਪਣੀ ਕਿਸਮ ਦੀ ਪਹਿਲਕਦਮੀ ਤਹਿਤ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ 'ਟਾਕ ਟੂ ਯੂਅਰ ਸੀ.ਈ.ਓ. ਪੰਜਾਬ' ਵਿਸ਼ੇ ਤਹਿਤ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਪੰਜਾਬ ਦੇ ਲੋਕਾਂ ਨਾਲ ਰਾਬਤਾ ਬਣਾਇਆ।

ਇਸ ਸੈਸ਼ਨ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਵੋਟਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਅਤੇ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਵੋਟਿੰਗ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਸਬੰਧੀ ਕਮਿਸ਼ਨ ਨੂੰ ਰਿਪੋਰਟ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀ ਵੋਟ ਪ੍ਰਤੀਸ਼ਤਤਾ 65.96 ਫੀਸਦ ਰਹੀ ਸੀ ਅਤੇ ਹੁਣ ਲੋਕ ਸਭਾ ਚੋਣਾਂ 2024 ਦੌਰਾਨ ਇਹ ਟੀਚਾ 70 ਫੀਸਦ ਮਿੱਥਿਆ ਗਿਆ ਹੈ। ਸਿਬਿਨ ਸੀ ਨੇ ਇਹ ਵੀ ਦੱਸਿਆ ਕਿ ਨੌਜਵਾਨ ਵੋਟਰ ਆਪਣੀ ਵੋਟ 4 ਮਈ, 2024 ਤੱਕ ਬਣਾ ਸਕਦੇ ਹਨ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਨੂੰ ਹੁਣ ਤੱਕ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ 1600 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਮਿਸ਼ਨ ਨੂੰ ਸੀ-ਵਿਜਲ ਐਪ 'ਤੇ 1059 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 733 ਸਹੀ ਪਾਈਆਂ ਗਈਆਂ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 100 ਮਿੰਟਾਂ ਦੇ ਅੰਦਰ-ਅੰਦਰ 689 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਸੀ-ਵਿਜਲ ਐਪ, ਟੋਲ-ਫ੍ਰੀ ਨੰਬਰ 1950 ਅਤੇ ਭਾਰਤੀ ਚੋਣ ਕਮਿਸ਼ਨ ਦੇ ਕੌਮੀ ਸ਼ਿਕਾਇਤ ਸੇਵਾ ਪੋਰਟਲ (ਐਨ.ਜੀ.ਐਸ.ਪੀ.) ਰਾਹੀਂ ਉਲੰਘਣਾਵਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਪੰਜਾਬ ਵਿੱਚ ਪੋਲਿੰਗ ਦੌਰਾਨ ਗਰਮੀ ਤੋਂ ਰਾਹਤ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਵੋਟਰਾਂ ਨੂੰ ਅੱਤ ਦੀ ਗਰਮੀ ਤੋਂ ਰਾਹਤ ਦੇਣ ਲਈ ਪੋਲਿੰਗ ਸਟੇਸ਼ਨਾਂ ਵਿਖੇ ਮਿੱਠੇ ਜਲ (ਛਬੀਲ) ਦਾ ਪ੍ਰਬੰਧ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਵੋਟਰਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਹਰੇਕ ਪੋਲਿੰਗ ਸਟੇਸ਼ਨ 'ਤੇ ਵਾਟਰ ਕੂਲਰ, ਪੱਖੇ, ਬੈਠਣ ਦਾ ਪ੍ਰਬੰਧ ਅਤੇ ਸ਼ੈੱਡ ਹੋਣਗੇ। ਜੇਕਰ ਵੋਟ ਪਾਉਣ ਲਈ ਕਤਾਰ ਵਿੱਚ 10 ਤੋਂ ਵੱਧ ਲੋਕ ਲੱਗੇ ਹੋਣਗੇ ਤਾਂ ਬੈਠਣ ਲਈ ਕੁਰਸੀ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਬੱਚਿਆਂ ਲਈ ਵਿਸ਼ੇਸ਼ ਕਰੈੱਚ ਰੂਮ, ਬਿਰਧਾਂ ਅਤੇ ਗਰਭਵਤੀ ਔਰਤਾਂ ਲਈ ਵੱਖਰੀਆਂ ਕਤਾਰਾਂ ਅਤੇ ਹਰੇਕ ਪੋਲਿੰਗ ਸਟੇਸ਼ਨ 'ਤੇ ਘੱਟੋ-ਘੱਟ ਇੱਕ ਵੀਲਚੇਅਰ ਦੀ ਉਪਲੱਬਧਤਾ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਪੋਲਿੰਗ ਸਟਾਫ਼ ਨੂੰ ਮੈਡੀਕਲ ਕਿੱਟਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

ਹਥਿਆਰ ਜਮ੍ਹਾਂ ਕਰਵਾਉਣ ਬਾਰੇ ਪੁੱਛੇ ਸਵਾਲ ਦੇ ਸਬੰਧ ਵਿਚ ਸਿਬਿਨ ਸੀ ਨੇ ਕਿਹਾ ਕਿ ਇਹ ਹਰ ਕਿਸੇ ਲਈ ਲਾਜ਼ਮੀ ਨਹੀਂ ਹੈ ਅਤੇ ਲੋਕ ਆਪਣੇ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਅਸਲਾ ਰੱਖਣ ਦਾ ਕਾਰਨ ਦੱਸ ਕੇ ਇਸਦੀ ਛੋਟ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਦੀ ਸਮੀਖਿਆ ਲਈ ਹਰੇਕ ਜ਼ਿਲ੍ਹੇ ਵਿਚ ਪਹਿਲਾਂ ਹੀ ਇਕ-ਇੱਕ ਕਮੇਟੀ ਦਾ ਗਠਨ ਕੀਤਾ ਜਾ ਚੁੱਕਾ ਹੈ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਮਹਿਲਾ ਸਟਾਫ਼ ਨੂੰ ਉਨ੍ਹਾਂ ਦੇ ਘਰਾਂ ਨੇੜੇ ਚੋਣ ਡਿਊਟੀ 'ਤੇ ਤਾਇਨਾਤ ਕਰਨ ਦਾ ਵਿਸ਼ੇਸ਼ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਚੋਣ ਅਧਿਕਾਰੀ ਦੀ ਵੈੱਬਸਾਈਟ 'ਤੇ ਬੀ.ਐਲ.ਓਜ਼ ਦੀ ਸੂਚੀ ਉਪਲੱਬਧ ਕਰਵਾਈ ਗਈ ਹੈ।

ਆਨਲਾਈਨ ਵੋਟਿੰਗ ਦੀ ਸਹੂਲਤ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸਿਬਿਨ ਸੀ ਨੇ ਵੋਟਰਾਂ ਨੂੰ ਦੱਸਿਆ ਕਿ ਅਜੇ ਤੱਕ ਭਾਰਤੀ ਚੋਣ ਕਮਿਸ਼ਨ ਵੱਲੋਂ ਅਜਿਹੀ ਕੋਈ ਸਹੂਲਤ ਨਹੀਂ ਦਿੱਤੀ ਗਈ ਹੈ ਅਤੇ ਇੱਥੋਂ ਤੱਕ ਕਿ 1600 ਦੇ ਕਰੀਬ ਰਜਿਸਟਰਡ ਐਨ.ਆਰ.ਆਈ. ਵੋਟਰਾਂ ਨੂੰ ਆਪਣੀ ਵੋਟ ਪਾਉਣ ਲਈ ਸਬੰਧਤ ਪੋਲਿੰਗ ਸਟੇਸ਼ਨਾਂ 'ਤੇ ਹੀ ਜਾਣਾ ਪਵੇਗਾ।

ਉਨ੍ਹਾਂ ਦੱਸਿਆ ਕਿ ਵੋਟਰ ਆਪਣੀ ਵੋਟ ਪਾਉਣ ਲਈ ਵੋਟਰ ਕਾਰਡ ਤੋਂ ਇਲਾਵਾ ਆਧਾਰ ਕਾਰਡ, ਪੈਨ ਕਾਰਡ, ਡਰਾਈਵਿੰਗ ਲਾਇਸੰਸ, ਮਨਰੇਗਾ ਜੌਬ ਕਾਰਡ ਸਮੇਤ 12 ਚੋਣਵੇਂ ਦਸਤਾਵੇਜ਼ਾਂ ਦੀ ਵਰਤੋਂ ਕਰ ਸਕਦੇ ਹਨ।

ਸੁਰੱਖਿਆ ਪ੍ਰਬੰਧਾਂ ਬਾਰੇ ਗੱਲ ਕਰਦਿਆਂ ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਸਰਹੱਦੀ ਇਲਾਕਿਆਂ ਅਤੇ ਪਛਾਣ ਕੀਤੇ ਗਏ ਸੰਵੇਦਨਸ਼ੀਲ ਪੋਲਿੰਗ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਪੁਲਿਸ ਤੋਂ ਇਲਾਵਾ ਅਰਧ ਸੈਨਿਕ ਬਲਾਂ ਦੀਆਂ 25 ਕੰਪਨੀਆਂ ਸੂਬੇ ਵਿੱਚ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਵੋਟਿੰਗ ਵਾਲੇ ਦਿਨ ਅਰਥਾਤ 1 ਜੂਨ ਨੂੰ ਸੂਬੇ ਭਰ ਦੇ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਵੈਬਕਾਸਟਿੰਗ ਯਕੀਨੀ ਬਣਾਈ ਜਾਵੇਗੀ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ 'ਤੇ ਤਿੱਖੀ ਨਜ਼ਰ ਰੱਖਣ ਲਈ ਫਲਾਇੰਗ ਸਕੁਐਡ ਵਹੀਕਲ ਅਤੇ ਸਟੈਟਿਕ ਸਰਵੇਲੈਂਸ ਟੀਮਾਂ ਪੂਰੀ ਤਰ੍ਹਾਂ ਸਰਗਰਮ ਹਨ।

# ਯਰਤੁ ਸੁਹਾਵੀ ਤਾਲ ਸੁਹਾਵਾ

**ਫ਼ਸਲ ਉਤਪਾਦਨ ਦੇ ਤਰੀਕਿਆਂ, ਵਾਢੀ ਦੇ ਸਮੇਂ, ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ, ਨਦੀਨਾਂ ਦੇ ਖ਼ਾਤਮੇ ਅਤੇ ਅਜਿਹੇ ਹੋਕਰ ਰਵਾਇਤੀ ਤਰੀਕਿਆਂ ਨੂੰ ਅਪਨਾ ਕੇ ਫ਼ਸਲਾਂ ਦਾ ਨੁਕਸਾਨ ਕਰਨ ਵਾਲੇ ਕੀੜਿਆਂ ਉੱਪਰ ਬਿਨਾਂ ਜ਼ਹਿਰਾਂ ਦੇ ਕਾਬੂ ਪਾਇਆ ਜਾ ਸਕਦਾ ਹੈ...**

# ਰਵਾਇਤੀ ਢੰਗਾਂ ਨਾਲ ਕੀੜਿਆਂ ਦੀ ਰੋਕਥਾਮ

• **ਗੁਰਮੀਤ ਸਿੰਘ, ਮਨੋਜ ਸ਼ਰਮਾ**
98148-25584



ਕਲਚਰਲ ਰੋਕਥਾਮ ਜਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਦੁਆਰਾ ਕੀੜਿਆਂ ਦੀ ਰੋਕਥਾਮ ਤੋਂ ਮਤਲਬ ਹੈ ਕਿ ਉਨ੍ਹਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਤੋਂ ਹੈ ਜਿਸ ਨਾਲ ਕੀੜੇ ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਖ਼ਤਮ ਕੀਤਾ ਜਾ ਸਕੇ ਜਾਂ ਘਟਾਇਆ ਜਾ ਸਕੇ। ਇਨ੍ਹਾਂ ਤਰੀਕਿਆਂ ਵਿਚ ਫਸਲ ਦੇ ਬਿਜਾਈ ਸਮੇਂ ਵਿਚ ਤਬਦੀਲੀ (ਅਗੇਤੀ ਜਾਂ ਪਛੇਤੀ), ਵਾਢੀ ਦੇ ਸਮੇਂ ਵਿਚ ਤਬਦੀਲੀ, ਫ਼ਸਲੀ ਚੱਕਰ, ਨਦੀਨਾਂ ਦੀ ਰੋਕਥਾਮ ਜਾਂ ਫ਼ਸਲ ਕੱਟਣ ਉਪਰਾਂਤ ਰਹਿੰਦ-ਖੂੰਹਦ ਦਾ ਉਪਾਅ ਆਦਿ ਸ਼ਾਮਲ ਹਨ। ਵਧੀਆ ਬੀਜ ਅਤੇ ਬਿਮਾਰੀਆਂ/ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ ਕਰਨੀ ਬਹੁਤ ਮਹੱਤਵਪੂਰਨ ਹੈ।

## ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ

ਜਿੱਥੇ ਤਕ ਹੋ ਸਕੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾ ਦੀ ਹੀ ਬਿਜਾਈ ਕਰਨੀ ਚਾਹੀਦੀ ਹੈ। ਕੁਝ ਕਿਸਮਾਂ ਕੁਦਰਤੀ ਤੌਰ 'ਤੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਦੇ ਸਮਰੱਥ ਹੁੰਦੀਆਂ ਹਨ ਜਾਂ ਉਨ੍ਹਾਂ ਵਿਚ ਦੂਸਰੀਆਂ ਕਿਸਮਾਂ ਦੇ ਮੁਕਾਬਲੇ ਕੀੜਿਆਂ ਜਾਂ ਬਿਮਾਰੀਆਂ ਦੁਆਰਾ ਨੁਕਸਾਨ ਘੱਟ ਹੁੰਦਾ ਹੈ। ਉਦਾਹਰਣ ਵਜੋਂ ਸੇਬ ਦੀਆਂ ਜੰਗਲੀ ਕਿਸਮਾਂ ਕਾਸ਼ਤਕਾਰੀ ਕਿਸਮਾਂ ਦੇ ਮੁਕਬਾਲੇ ਚੇਪੇ ਦੇ ਹਮਲੇ ਪ੍ਰਤੀ ਜ਼ਿਆਦਾ ਪ੍ਰਤੀਰੋਧਕ ਹਨ।ਇਸ ਲਈ ਜੰਗਲੀ ਤੇ ਕਾਸ਼ਤਕਾਰੀ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਵਿਕਸਿਤ ਕੀਤੀ ਜਾ ਸਕਦੀ ਹੈ ਜੋ ਚੰਗਾ ਝਾੜ ਦੇਣ ਦੇ ਨਾਲ-ਨਾਲ ਕੀੜਿਆਂ ਤੇ ਬਿਮਾਰੀਆਂ ਪ੍ਰਤੀ ਪ੍ਰਤੀਰੋਧਕ ਹੋਵੇ। ਇਸੇ ਤਰ੍ਹਾਂ ਦੇਸੀ ਨਰਮਾ, ਅਮਰੀਕਨ ਨਰਮੇਂ ਦੇ ਮੁਕਾਬਲੇ ਜੈਸਿਡ, ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਪ੍ਰਤੀ ਪ੍ਰਤੀਰੋਧਕ ਹੈ। ਭਾਰਤੀ ਤੇ ਅਮਰੀਕਨ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਪੈਦਾ ਕੀਤੀ ਜਾ ਸਕਦੀ ਹੈ ਜੋ ਇਨ੍ਹਾਂ ਕੀੜਿਆਂ ਪ੍ਰਤੀ ਸੰਵੇਦਨਸ਼ੀਲ ਨਾ ਹੋਵੇ। ਕੁਝ ਕਿਸਮਾਂ ਕੀੜਿਆਂ ਦੁਆਰਾ ਕੀਤੇ ਨੁਕਸਾਨ ਦੀ ਭਰਪਾਈ ਨੁਕਸਾਨੇ ਗਏ ਹਿੱਸੇ ਨੂੰ ਦੁਬਾਰਾ ਪੈਦਾ ਕਰ ਕੇ ਕਰ ਲੈਂਦੀਆਂ ਹਨ।

## ਖੇਤ ਨੂੰ ਵਾਹੁਣਾ

ਖੇਤ ਨੂੰ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ (ਆਂਡੇ, ਲਾਰਵਾ ਤੇ ਪਿਊਪਾ) ਮਰ ਜਾਂਦੀਆਂ ਹਨ। ਇਸ ਨਾਲ ਨਦੀਨ ਵੀ ਮਰ ਜਾਂਦੇ ਹਨ, ਜਿਨ੍ਹਾਂ ਉੱਪਰ ਕੀੜੇ ਪਲਦੇ ਹਨ। ਖੇਤ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ ਜਾਂ ਤਾਂ ਜ਼ਮੀਨ ਦੇ ਉੱਪਰ ਆ ਜਾਂਦੀਆਂ ਹਨ, ਜਿੱਥੇ ਮਿੱਤਰ ਕੀੜੇ ਜਾਂ ਪੰਛੀ ਉਨ੍ਹਾਂ ਨੂੰ ਆਪਣਾ ਭੋਜਨ ਬਣਾ ਲੈਂਦੇ ਹਨ (ਗਰਾਸ ਹੋਪਰ ਤੇ ਖੇਤ ਦੀ ਟਿੱਡੀ ਜ਼ਮੀਨ ਦੀ 7-10 ਸੈਂਟੀਮੀਟਰ ਉੱਪਰਲੀ ਤਹਿ 'ਚ ਆਂਡੇ ਦਿੰਦੇ ਹਨ) ਅਤੇ ਜਾਂ ਇਹ ਇੰਨਾ ਡੂੰਘਾ ਚਲੇ ਜਾਂਦੇ ਹਨ ਕਿ ਬਾਲਗ ਜ਼ਮੀਨ ਵਿੱਚੋਂ ਬਾਹਰ ਆਉਣ ਦੇ ਅਸਮਰੱਥ ਹੋ ਜਾਂਦਾ ਹੈ। ਖੇਤ ਵਾਹੁਣ ਨਾਲ ਜ਼ਮੀਨ ਦੇ ਉੱਪਰ ਆਈਆਂ ਅਵਸਥਾਵਾਂ ਜੂਨ-ਜੁਲਾਈ ਦੇ ਮਹੀਨੇ ਗਰਮੀ ਕਾਰਨ ਖ਼ਤਮ ਹੋ ਜਾਂਦੀਆਂ ਹਨ। ਖੇਤ ਨੂੰ ਵਾਉਂਦੇ ਸਮੇਂ ਹਲ਼ ਦੇ ਪਿੱਛੇ ਕਾਂ, ਮੈਨਾ, ਕੋਇਆ ਆਦਿ ਪੰਛੀ ਕੀੜਿਆਂ ਨੂੰ ਖਾ ਕੇ ਕਾਫ਼ੀ ਹੱਦ ਤਕ ਖ਼ਤਮ ਕਰ ਦਿੰਦੇ ਹਨ।

## ਫ਼ਸਲੀ ਚੱਕਰ

ਫ਼ਸਲੀ ਚੱਕਰ ਉਨ੍ਹਾਂ ਕੀੜਿਆਂ ਦੇ ਕੀਟ-ਪ੍ਰਬੰਧ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਹੀ ਆਪਣੀ ਖ਼ੁਰਾਕ ਬਣਾਉਂਦੇ ਹਨ ਜਾਂ ਜਿਹੜੇ ਕੀੜੇ ਜ਼ਿਆਦਾ ਦੂਰੀ ਤੈਅ ਕਰਨ ਦੇ ਅਸਮਰੱਥ ਹੁੰਦੇ ਹਨ। ਜੇ ਇਕ ਹੀ ਫ਼ਸਲ ਸਾਲ ਵਿਚ 2 ਜਾਂ ਇਸ ਤੋਂ ਵੱਧ ਵਾਰ ਇਕ ਹੀ ਖੇਤ 'ਚ ਉਗਾਈ ਜਾਵੇ ਤਾਂ ਉਸ ਖੇਤ 'ਚ ਕੀੜਿਆਂ ਦੀ ਗਿਣਤੀ ਭੋਜਨ ਦੀ ਬਹੁਤਾਤ ਕਾਰਨ ਬਹੁਤ ਵੱਧ ਜਾਵੇਗੀ। ਇਸ ਦੇ ਉਲਟ ਜੇ ਫ਼ਸਲੀ ਚੱਕਰ ਅਪਣਾਇਆ ਜਾਵੇ ਤੇ ਫ਼ਸਲੀ ਚੱਕਰ ਦੌਰਾਨ ਸਾਲ 'ਚ 2-3 ਵੱਖੋ-ਵੱਖਰੀਆਂ ਫ਼ਸਲਾਂ ਲਈਆਂ ਜਾਣ ਤਾਂ ਕੀੜਿਆਂ ਦੀ ਗਿਣਤੀ ਜ਼ਿਆਦਾ ਨਹੀ ਵਧੇਗੀ।

### ਸਾਫ਼-ਸੁਥਰਾ ਖੇਤ ਤੇ ਆਲਾ ਦੁਆਲਾ

*ਸਾਫ਼-ਸੁਥਰੇ ਖੇਤ ਤੇ ਆਲੇ ਦੁਆਲੇ ਤੋਂ ਭਾਵ ਹੈ ਕਿ ਖੇਤ ਦਾ ਨਦੀਨ ਰਹਿਤ ਅਤੇ ਫ਼ਸਲੀ ਰਹਿੰਦ-ਖੂੰਹਦ ਤੋਂ ਮੁਕਤ ਹੋਵੇ।।ਨਦੀਨ ਅਤੇ ਫ਼ਸਲੀ ਰਹਿੰਦ-ਖੂੰਹਦ ਕੀੜਿਆਂ ਲਈ ਭੋਜਨ ਦਾ ਸਰੋਤ ਹਨ ਤੇ ਨਾਲ ਹੀ ਉਨ੍ਹਾਂ ਨੂੰ ਸਖ਼ਤ ਵਾਤਾਵਰਨ ਤੇ ਦੁਸ਼ਮਣ ਕੀੜਿਆਂ ਤੋਂ ਵੀ ਬਚਾਅ ਕੇ ਰੱਖਦੇ ਹਨ। ਇਸ ਤਰ੍ਹਾਂ ਨਦੀਨਾਂ ਤੇ ਫ਼ਸਲੀ ਰਹਿੰਦ-ਖੂੰਹਦ ਤੋਂ ਖੇਤ ਤੋਂ ਮੁਕਤ ਕਰਨ ਨਾਲ ਕੀੜਿਆਂ ਦੇ ਭੋਜਨ ਦੀ ਸਪਲਾਈ ਟੁੱਟ ਜਾਂਦੀ ਹੈ ਤੇ ਵਧੀਆ ਕੀਟ-ਪ੍ਰਬੰਧ ਹੋ ਜਾਂਦਾ ਹੈ,।ਜਿਵੇਂ ਕਿ ਲਾਲ ਭੱਬੂ ਕੁੱਤਾ ਬਹੁਫ਼ਸਲੀ ਕੀੜਾ ਹੈ, ਜੋ ਕਿ ਕਈ ਪ੍ਰਕਾਰ ਦੇ ਨਦੀਨਾਂ 'ਤੇ ਆਂਡੇ ਦਿੰਦਾ ਹੈ, ਜਿਨ੍ਹਾਂ ਵਿੱਚੋਂ ਸੁੰਡੀਆਂ ਨਿਕਲ ਕੇ ਮੁਢਲੀ ਅਵਸਥਾ 'ਚ ਇਨ੍ਹਾਂ ਨਦੀਨਾਂ ਉੱਪਰ ਹੀ ਪਲਦੀਆਂ ਹਨ ਤੇ ਬਾਅਦ ਵਿਚ ਮੁੱਖ ਫ਼ਸਲ 'ਤੇ ਚਲੀਆਂ ਜਾਂਦੀਆਂ ਹਨ।*

### ਟਰੈਪ ਫ਼ਸਲਾਂ

ਟਰੈਪ ਫ਼ਸਲਾਂ ਉਹ ਫ਼ਸਲਾਂ ਹਨ, ਜੋ ਮੁੱਖ ਫ਼ਸਲ ਤੋਂ ਥੋੜ੍ਹਾ ਸਮਾਂ ਪਹਿਲਾਂ ਬੀਜੀਆਂ ਜਾਂਦੀਆਂ ਹਨ ਤਾਂ ਕਿ ਕੀੜਿਆਂ ਨੂੰ ਇਸ ਫ਼ਸਲ ਵੱਲ ਆਕਰਸ਼ਿਤ ਕਰ ਕੇ ਮੁੱਖ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਇਆ ਜਾ ਸਕੇ। ਟਰੈਪ ਫ਼ਸਲ ਮੁੱਖ ਫ਼ਸਲ ਦੇ ਬਾਰਡਰ 'ਤੇ ਬੀਜੀ ਜਾਂਦੀ ਹੈ ਅਤੇ ਕੀੜੇ ਦੇ ਜੀਵਨ ਚੱਕਰ ਦੇ ਪੂਰੇ ਹੋਣ ਤੋਂ ਪਹਿਲਾਂ ਇਸ ਨੂੰ ਵੱਢ ਲਿਆ ਜਾਂਦਾ ਹੈ ਤੇ ਆਮ ਤੌਰ 'ਤੇ ਚਾਰੇ ਦੇ ਤੌਰ 'ਤੇ ਵਰਤ ਲਈ ਜਾਂਦੀ ਹੈ। ਕੀੜੇ ਦਾ ਜੀਵਨ ਚੱਕਰ ਪੂਰਾ ਹੋਣ ਤੋਂ ਪਹਿਲਾਂ ਟਰੈਪ ਫ਼ਸਲ ਨੂੰ ਕੱਟਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਕੀੜੇ ਟਰੈਪ ਫ਼ਸਲ ਤੋਂ ਮੁੱਖ ਫ਼ਸਲ 'ਤੇ ਚਲੇ ਜਾਣ ਕਾਰਨ ਮੁੱਖ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੇ ਹਨ। ਟਰੈਪ ਫ਼ਸਲ ਉਹ ਹੋਣੀ ਚਾਹੀਦੀ ਹੈ, ਜੋ ਕਿਸੇ ਖ਼ਾਸ ਕੀੜੇ ਨੂੰ ਆਕਰਸ਼ਿਤ ਕਰਨ ਦੇ ਸਮਰੱਥ ਹੋਵੇ, ਜਿਵੇਂ ਕਿ ਭਿੰਡੀ ਨੂੰ ਨਰਮੇਂ ਦੇ ਨੇੜੇ ਬੀਜਿਆ ਜਾਂਦਾ ਹੈ ਤਾਂ ਕਿ ਚਿਤਕਬਰੀ ਸੁੰਡੀ (Spotted bollworm) ਦੇ ਹਮਲੇ ਤੋਂ ਨਰਮੇਂ ਨੂੰ ਬਚਾਇਆ ਜਾ ਸਕੇ। ਨਰਮੇਂ ਦੀ ਗਰੇਅ ਵੀਵਲ (ਸੁੰਡ ਵਾਲੀ ਸੁਸਰੀ) ਅਰਹਰ ਦੀ ਫ਼ਸਲ ਵੱਲ ਵਧੇਰੇ ਆਕਰਸ਼ਿਤ ਹੁੰਦੀ ਹੈ, ਜਿਸ ਨੂੰ ਕਿ ਟਰੈਪ ਫ਼ਸਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ।

### ਬੂਟੇ ਤੋਂ ਬੂਟੇ ਦਾ ਫ਼ਾਸਲਾ

*ਵੇਖਣ 'ਚ ਆਇਆ ਹੈ ਕਿ ਝੋਨੇ ਵਿਚ ਪ੍ਰਤੀ ਵਰਗ ਮੀਟਰ ਸ਼ਿਫਾਰਸ਼ ਤੋਂ ਵੱਧ ਬੂਟੇ ਬੀਜਣ ਨਾਲ ਭੂਰੀ ਪਿੱਠ ਵਾਲੇ ਟਿੱਡੇ ਦਾ ਹਮਲਾ ਜ਼ਿਆਦਾ ਹੁੰਦਾ ਹੈ, ਇਸੇ ਤਰ੍ਹਾਂ ਛੋਲਿਆਂ ਵਿਚ ਅਮਰੀਕਨ ਸੁੰਡੀ ਅਤੇ ਨਰਮੇਂ ਵਿਚ ਜੈਸਿਡ ਸੰਘਣੀ ਬਿਜਾਈ ਵਾਲੇ ਖੇਤਾਂ 'ਚ ਜ਼ਿਆਦਾ ਨੁਕਸਾਨ ਕਰਦੇ ਹਨ।*

### ਰਲਵੀਂ ਫ਼ਸਲ ਦੀ ਬਿਜਾਈ

*ਕਣਕ ਅਤੇ ਛੋਲਿਆਂ ਨੂੰ ਰਲਾ ਕੇ ਬੀਜਣ ਨਾਲ ਛੋਲਿਆਂ 'ਤੇ ਅਮਰੀਕਨ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ।*

ਜੇਕਰ ਫ਼ਸਲੀ ਚੱਕਰ ਵੀ ਬਦਲ-ਬਦਲ ਕੇ ਬੀਜਿਆ ਜਾਵੇ (ਇਕ ਸਾਲ ਇਕ ਫ਼ਸਲੀ ਚੱਕਰ ਤੇ ਦੂਸਰੇ ਸਾਲ ਦੂਸਰਾ ਫ਼ਸਲੀ ਚੱਕਰ) ਤਾਂ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਆਪਣੀ ਖ਼ੁਰਾਕ ਬਣਾਉਂਦੇ ਹਨ, ਉਹ ਖ਼ਤਮ ਹੋ ਜਾਣਗੇ। ਉਦਾਹਰਣ ਦੇ ਤੌਰ 'ਤੇ ਜੇ ਬਸੰਤ ਰੁੱਤੇ ਬਾਰਲੇ ਬੀਜਣ ਤੋਂ ਬਾਅਦ ਦਾਲਾਂ ਤੇ ਸਰਦੀ ਰੁੱਤੇ ਕਣਕ ਬੀਜੀ ਜਾਵੇ ਤਾਂ ਕੀੜਿਆਂ ਦੁਆਰਾ ਨੁਕਸਾਨ ਘੱਟ ਹੋਵੇਗਾ ਪਰ ਇਸ ਦੇ ਉਲਟ ਜੇ ਨਰਮੇਂ ਤੋਂ ਬਾਅਦ ਭਿੰਡੀ ਬੀਜੀ ਜਾਵੇ ਤਾਂ ਕੀੜੇ ਜ਼ਿਆਦਾ ਨੁਕਸਾਨ ਕਰਦੇ ਹਨ ਕਿਉਂਕਿ ਇਹ ਦੋਵੇਂ ਫ਼ਸਲਾਂ ਇਕ ਹੀ ਫੈਮਿਲੀ ਨਾਲ ਸਬੰਧਤ ਹੋਣ ਕਾਰਨ ਲਗਪਗ ਇੱਕੋ ਜਿਹੇ ਗੁਣਾਂ ਵਾਲੀਆਂ ਹਨ।

## ਖਾਦਾਂ ਦੀ ਵਰਤੋਂ

ਆਮ ਤੌਰ 'ਤੇ ਨਾਈਟਰੋਜਨ ਖਾਦ ਦੀ ਵਰਤੋਂ ਨਾਲ ਕੀੜਿਆਂ ਦੇ ਹਮਲੇ 'ਚ ਵਾਧਾ ਹੁੰਦਾ ਹੈ ਪਰ ਦੇਸੀ ਰੂੜੀ ਦੀ ਵਰਤੋਂ ਨਾਲ ਬੂਟਾ ਤੰਦਰੁਸਤ ਬਣਦਾ ਹੈ ਜਿਸ ਨਾਲ ਬੂਟਾ ਕੀੜਿਆਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

## ਭਰਵੀਂ ਸਿੰਚਾਈ

ਜਿਹੜੇ ਕੀੜੇ ਜ਼ਮੀਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਰਵਾਂ ਪਾਣੀ ਖੇਤ ਨੂੰ ਦੇ ਕੇ ਖ਼ਤਮ ਕੀਤਾ ਜਾ ਸਕਦਾ ਹੈ, ਜਿਵੇਂ ਕਿ ਸਿਉਂਕ, ਗਰਾਸ ਹੋਪਰ, ਟਿੱਡੀ ਆਦਿ।ਭਰਵਾਂ ਪਾਣੀ ਦੇਣ ਨਾਲ ਖ਼ਤਮ ਹੋ ਜਾਂਦੇ ਹਨ ਜਾਂ ਇਹ ਜ਼ਮੀਨ 'ਚੋਂ ਬਾਹਰ ਆਉਣ ਕਾਰਨ ਆਸਾਨੀ ਨਾਲ ਪੰਛੀਆਂ ਨੂੰ ਨਜ਼ਰ ਆ ਜਾਂਦੇ ਹਨ ਤੇ ਉਨ੍ਹਾਂ ਦੀ ਖ਼ੁਰਾਕ ਬਣ ਜਾਂਦੇ ਹਨ। ਲੂਸਣ ਦੀ ਵਾਢੀ ਤੋਂ ਬਾਅਦ ਬਹੁਤ ਸਾਰੀਆਂ ਲੂਸਣ ਦੀਆਂ ਸੁੰਡੀਆਂ (Lucerne caterpillar) ਖੇਤ ਵਿਚ ਰਹਿ ਜਾਂਦੀਆਂ ਹਨ। ਲੂਸਣ ਦੀ ਵਾਢੀ ਤੋਂ ਬਾਅਦ ਇਕ ਭਰਵਾਂ ਪਾਣੀ ਦੇਣ ਨਾਲ ਇਹ ਸੁੰਡੀਆਂ ਡੁੱਬ ਕੇ ਮਰ ਜਾਂਦੀਆਂ ਹਨ।

## ਬੂਟਿਆਂ ਦੀ ਕਾਂਟ-ਛਾਂਟ

ਕੁਝ ਕੀੜੇ ਰੋਗੀ ਬੂਟੇ ਤੋਂ ਨਿਰੋਏ ਬੂਟੇ ਤਕ ਆਸਾਨੀ ਨਾਲ ਚਲੇ ਜਾਂਦੇ ਹਨ। ਅਜਿਹੇ ਰੋਗੀ ਬੂਟਿਆਂ ਦਾ ਕੀੜੇ ਸਮੇਤ ਨੁਕਸਾਨਿਆ ਹੋਇਆ ਭਾਗ ਕੱਟਣ ਤੋਂ ਬਾਅਦ ਸਾੜ ਦੇਣ ਨਾਲ ਇਹ ਕੀੜੇ ਨਿਰੋਏ ਬੂਟੇ ਤਕ ਨਹੀ ਪਹੁੰਚ ਸਕਦੇ। ਇਸੇ ਤਰ੍ਹਾਂ ਫ਼ਸਲ ਦਾ ਮੁੱਢਾ ਨਾ ਰੱਖਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ, ਜਿਵੇਂ ਕਿ ਕਮਾਦ ਵਿਚ ਕਾਲੀ ਬੱਗ ਦਾ ਹਮਲਾ ਮੁੱਖ ਫ਼ਸਲ ਨਾਲੋਂ ਮੁੱਢੀ ਫ਼ਸਲ 'ਤੇ ਜ਼ਿਆਦਾ ਹੁੰਦਾ ਹੈ। ਇਕ ਫ਼ਸਲ ਦੀ ਕਟਾਈ ਤੋਂ ਬਾਅਦ ਦੂਸਰੀ ਫ਼ਸਲ ਦੀ ਬਿਜਾਈ ਤਕ ਜਿਆਦਾ ਸਮਾਂ ਹੋਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ ਕਿਉਂਕਿ ਖੇਤ ਖਾਲੀ ਹੋਣ ਕਾਰਨ ਕੀੜਿਆਂ ਨੂੰ ਖਾਣ ਲਈ ਕੁਝ ਨਹੀਂ ਮਿਲਦਾ। ਮੁੱਢਾ ਰੱਖਣ ਵੇਲੇ ਕਮਾਦ ਦੀ ਵਾਢੀ ਜ਼ਮੀਨ ਨੇੜਿਉਂ ਕਰਨੀ ਚਾਹੀਦੀ ਹੈ ਤਾਂ ਕਿ ਜੜ੍ਹਾਂ ਦਾ ਗੜੂੰਆਂ ਤੇ ਸਕੇਲ (scale) ਕੀੜੇ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਅਮਰੂਦ ਵਿਚ ਫਲ ਦੀ ਮੱਖੀ ਦੇ ਹਮਲੇ ਨੂੰ ਘਟਾਉਣ ਲਈ ਹਮਲੇ ਵਾਲੇ ਡਿੱਗੇ ਹੋਏ ਫਲ ਚੁੱਕ ਕੇ ਉਨ੍ਹਾਂ ਨੂੰ ਡੂੰਘਾ ਦਬਾ ਦੇਣਾ ਜਾਂ ਸਾੜ ਦੇਣਾ ਚਾਹੀਦਾ ਹੈ।

## ਬਿਜਾਈ ਤੇ ਵਾਢੀ ਦਾ ਸਮਾਂ

ਫ਼ਸਲ ਦੀ ਬਿਜਾਈ ਤੇ ਉਸ ਦੀ ਵਾਢੀ ਦਾ ਸਮਾਂ ਕੀੜਿਆਂ ਤੋਂ ਹੋਣ ਵਾਲੇ ਨੁਕਸਾਨ 'ਤੇ ਕਾਫ਼ੀ ਅਸਰ ਪਾਉਂਦਾ ਹੈ,। ਜਿਵੇਂ ਕਿ ਨਰਮੇਂ ਦੀਆਂ ਜ਼ਲਦੀ ਪੱਕਣ ਵਾਲੀਆਂ ਕਿਸਮਾਂ 'ਤੇ ਗੁਲਾਬੀ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ। ਇਸੇ ਤਰ੍ਹਾਂ ਝੋਨੇ ਦੀ ਪੀਆਰ-121 (ਘੱਟ ਸਮਾਂ ਲੈਣ ਵਾਲੀ) ਕਿਸਮ 'ਤੇ ਭੂਰੀ ਪਿੱਠ ਵਾਲੇ ਟਿੱਡੇ ਦਾ ਹਮਲਾ ਪੂਸਾ-44 (ਵੱਧ ਸਮਾਂ ਲੈਣ ਵਾਲੀ ਕਿਸਮ) ਦੇ ਮੁਕਾਬਲੇ ਘੱਟ ਪਾਇਆ ਗਿਆ। ਸਾਉਣੀ ਵਰ੍ਹੇ 2016 ਦੌਰਾਨ।ਪੀਆਰ 121 ਕਿਸਮ ਦੇ ਪੱਕਣ ਲਈ ਘੱਟ ਸਮਾਂ ਲੈਣ ਕਾਰਨ ਇਸ ਦੀ ਵਾਢੀ ਪਿੱਛੋਂ ਭੂਰੀ ਪਿੱਠ ਵਾਲਾ ਟਿੱਡਾ ਪੂਸਾ-44 'ਤੇ ਤਬਦੀਲ ਹੋ ਗਿਆ ਤੇ ਉਸ ਨੇ ਦੇਰੀ ਨਾਲ ਪੱਕਣ ਵਾਲੀ ਇਸ ਕਿਸਮ ਦਾ ਵਧੇਰੇ ਨੁਕਸਾਨ ਕੀਤਾ। ਛੋਲਿਆਂ ਦੀ ਅਗੇਤੀ ਬਿਜਾਈ ਇਸ ਫ਼ਸਲ ਨੂੰ ਅਮਰੀਕਨ ਸੁੰਡੀ ਦੇ ਹਮਲੇ ਤੋਂ ਬਚਾਉਂਦੀ ਹੈ। ਜੇ ਮੱਕੀ ਨੂੰ ਬੀਜ ਵਾਸਤੇ 15 ਅਗਸਤ ਤੋਂ ਬਾਅਦ ਬੀਜਿਆ ਜਾਂਦਾ ਹੈ ਤਾਂ ਇਸ 'ਤੇ ਮੱਕੀ ਦੇ ਗੜੂੰਏਂ ਦਾ ਹਮਲਾ ਨਹੀ ਹੁੰਦਾ। ਅਗੇਤੇ ਬੀਜੇ ਨਰਮੇਂ 'ਤੇ ਚਿੱਟੀ ਮੱਖੀ ਦਾ ਹਮਲਾ ਪਿਛੇਤੇ ਬੀਜੇ ਨਰਮੇਂ ਦੇ ਮੁਕਾਬਲੇ ਵੱਧ ਹੁੰਦਾ ਹੈ। ਸਰ੍ਹੋਂ ਦੇ ਚੇਪੇ ਦਾ ਹਮਲਾ ਫ਼ਸਲ 'ਤੇ ਫਰਵਰੀ- ਮਾਰਚ ਦੇ ਮਹੀਨੇ ਬਹੁਤ ਜ਼ਿਆਦਾ ਹੁੰਦਾ ਹੈ।।ਸਰ੍ਹੋਂ ਦੀ ਅਗੇਤੀ ਬਿਜਾਈ ਨਾਲ ਇਸ ਕੀੜੇ ਦੇ ਹਮਲੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

## ਵਲੰਟੀਅਰ ਬੂਟੇ

ਵਲੰਟੀਅਰ ਬੂਟੇ ਉਹ ਹੁੰਦੇ ਹਨ, ਜੋ ਖੇਤ ਵਿਚ ਆਪਣੇ ਆਪ ਉੱਗ ਪੈਂਦੇ ਹਨ ਜਾਂ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਤੋਂ ਨਿਕਲੇ ਬੂਟੇ ਕੀੜਿਆਂ ਦੇ ਵਾਧੇ 'ਚ ਸਹਾਈ ਹੁੰਦੇ ਹਨ। ਇਸ ਲਈ ਇਨ੍ਹਾਂ ਵਲੰਟੀਅਰ ਬੂਟਿਆਂ ਨੂੰ ਖੇਤ 'ਚੋਂ ਖ਼ਤਮ ਕਰ ਦੇਣਾ ਚਾਹੀਦਾ ਹੈ। •



# ਬਾਗ਼ਾਂ 'ਚ ਸਿਉਂਕ ਦੀ ਰੋਕਥਾਮ



*ਸਿਉਂਕ ਦੇ ਕੀੜੇ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉੱਪਰਲੇ ਹਿੱਸਿਆਂ ਨੂੰ ਖਾ ਕੇ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਹਮਲੇ ਨਾਲ ਬੂਟਾ ਸੁੱਕ ਜਾਂਦਾ ਹੈ। ਇਸ ਕੀੜੇ ਦਾ ਵਾਧਾ ਤੇਜ਼ੀ ਨਾਲ ਹੋਣ ਕਾਰਨ ਬਾਗ਼ਾਂ ਦਾ ਕਾਫ਼ੀ ਨੁਕਸਾਨ ਹੁੰਦਾ ਹੈ...*

• **ਸੰਦੀਪ ਸਿੰਘ**
98154-13046

ਪੰਜਾਬ ਵਿਚ ਸਿਉਂਕ ਜਾਂ ਟਰਮਾਈਟ ਨਵੇਂ ਲਗਾਏ ਬਾਗ਼ਾਂ ਤੇ ਵੱਡੇ ਬੂਟਿਆਂ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ ਹਨ। ਸਿਉਂਕ ਸਮਾਜਿਕ, ਬਹੁ-ਆਹਾਰੀ ਤੇ ਬਹੁਰੂਪੀ (ਰਾਣੀ, ਰਾਜਾ, ਸਿਪਾਹੀ ਤੇ ਕਾਮਾ) ਕੀੜਿਆਂ ਦੇ ਰੂਪ ਵਿਚ ਮਿੱਟੀ 'ਚ ਵੱਡੇ ਸਮੂਹਾਂ 'ਚ ਰਹਿੰਦੇ ਹਨ। ਸਿਉਂਕ ਦੇ ਇਸ ਘਰ ਨੂੰ ਵਰਮੀ, ਸਿਉਂਕ-ਘਰ ਤੇ ਅੰਗਰੇਜ਼ੀ ਵਿਚ ਟਰਮੀਟੇਰੀਆ ਆਖਦੇ ਹਨ। ਇਹ ਵਰਮੀਆਂ ਜ਼ਮੀਨ ਦੇ ਉਪਰ 'ਤੇ ਥੱਲੇ ਦੋਵਾਂ ਥਾਵਾਂ 'ਤੇ ਬਣਦੀਆਂ ਹਨ। ਸਿਉਂਕ ਦੇ ਕਾਮਾ ਕੀੜੇ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉੱਪਰਲੇ ਹਿੱਸਿਆਂ ਨੂੰ ਖਾ ਕੇ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਹਮਲੇ ਨਾਲ ਬੂਟਾ ਸੁੱਕ ਜਾਂਦਾ ਹੈ। ਮਾਨਸੂਨ ਦੀ ਪਹਿਲੀ ਬਰਸਾਤ ਦੇ ਨਾਲ ਇਨ੍ਹਾਂ ਦੇ ਖੰਭ ਨਿਕਲ ਆਉਂਦੇ ਹਨ। ਰਾਣੀ ਮੱਖੀ ਹਰ ਸੈਕਿੰਡ 'ਚ 2 ਤੋਂ 3 ਆਂਡੇ ਦਿੰਦੀ ਹੈ ਤੇ ਉਸ ਦੀ ਔਸਤ ਉਮਰ 7 ਤੋਂ 9 ਸਾਲ ਹੁੰਦੀ ਹੈ।

## ਹਮਲੇ ਦਾ ਸਮਾਂ

ਸਿਉਂਕ ਧੁੱਪ ਤੋਂ ਦੂਰ ਰਹਿਣਾ ਪਸੰਦ ਕਰਦੀ ਹੈ ਤੇ ਜ਼ਿਆਦਾਤਰ ਜ਼ਮੀਨ 'ਚ ਲੁਕ ਕੇ ਰਹਿੰਦੀ ਹੈ। ਇਹ ਸੈਲੂਲੋਜ਼ ਨੂੰ ਖ਼ੁਰਾਕ ਬਣਾਉਂਦੀ ਹੈ, ਜੋ ਲੱਕੜ 'ਚ ਹੁੰਦਾ ਹੈ। ਪੰਜਾਬ 'ਚ ਓਡੋਂਟੋਟਰਮਸ ਓਬੀਸਸ ਤੇ ਮਾਈਕ੍ਰੋਟਰਮਸ ਕਿਸਮ ਦੀ ਸਿਉਂਕ ਪਾਈ ਜਾਂਦੀ ਹੈ। ਸਿਉਂਕ ਸਾਰਾ ਸਾਲ ਚੁਸਤ ਰਹਿੰਦੀ ਹੈ ਪਰ ਮਾਨਸੂਨ ਵੇਲੇ ਇਸ ਦਾ ਹਮਲਾ ਘੱਟ ਜਾਂਦਾ ਹੈ। ਸਿਉਂਕ ਦੇ ਹਮਲੇ ਦਾ ਮੁੱਖ ਸਮਾਂ ਅਪ੍ਰੈਲ ਤੋਂ ਜੂਨ ਤੇ ਸਤੰਬਰ-ਅਕਤੂਬਰ ਹੈ।

### ਟਰੈਪ 'ਚ ਇਕੱਠੀ ਹੋਈ ਸਿਉਂਕ ਨੂੰ ਮਾਰਨਾ

*ਸਿਉਂਕ ਟਰੈਪਾਂ ਨੂੰ ਬਾਗ਼ਾਂ ਵਿਚ ਮਿੱਟੀ ਹੇਠ ਦੱਬਣ ਤੋਂ 20 ਦਿਨ ਬਾਅਦ ਸਿਉਂਕ ਦੇ ਬੱਚੇ ਮੱਕੀ ਦੇ ਗੁੱਲਿਆਂ ਨੂੰ ਨਸ਼ਟ ਕਰ ਕੇ ਮਿੱਟੀ ਵਰਗਾ ਬਣਾ ਦਿੰਦੇ ਹਨ। ਘੜਿਆਂ ਨੂੰ ਖੋਲ੍ਹ ਕੇ ਵੇਖੀਏ ਤਾਂ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ 'ਚ ਸਿਉਂਕ ਦੇ ਬੱਚੇ ਹਰ ਘੜੇ 'ਚ ਨਜ਼ਰ ਆਉਣਗੇ। ਇਹ ਗਿਣਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਬਾਗ਼ ਵਿਚ ਸਿਉਂਕ ਦਾ ਹਮਲਾ ਕਿੰਨਾ ਕੁ ਹੈ ਤੇ ਬਾਗ਼ ਦੀ ਮਿੱਟੀ ਕਿਸ ਤਰ੍ਹਾਂ ਦੀ ਹੈ? ਇਕੱਠੀ ਹੋਈ ਸਿਉਂਕ ਨੂੰ ਮਾਰਨ ਲਈ ਸਾਰੇ ਘੜੇ ਮਿੱਟੀ ਹੇਠਾਂ ਦੱਬਣ ਤੋਂ 20 ਦਿਨਾਂ ਬਾਦ ਬਾਹਰ ਕੱਢੋ ਤੇ ਘੜੇ ਅੰਦਰ ਬਚੇ-ਖੁਚੇ ਗੁੱਲਿਆਂ ਸਮੇਤ ਇਕੱਠੀ ਹੋਈ ਸਿਉਂਕ ਨੂੰ ਕੁਝ ਤੁਪਕੇ ਡੀਜ਼ਲ ਮਿਲੇ ਪਾਣੀ ਵਿਚ ਡੁਬੋ ਕੇ ਖ਼ਤਮ ਕਰ ਦਿਉ।*

## ਘੜਿਆਂ ਤੋਂ ਬਣੇ ਸਿਉਂਕ ਟਰੈਪ

ਜਦੋਂ ਕਿਸਾਨ ਨਰਸਰੀ ਤੇ ਬਾਗ਼ਾਂ 'ਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਹਨ ਤਾਂ ਕੀਟਨਾਸ਼ਕਾਂ ਦਾ ਅਸਰ ਕੁਝ ਦਿਨਾਂ ਬਾਅਦ ਖ਼ਤਮ ਹੋ ਜਾਂਦਾ ਹੈ ਤੇ ਸਿਉਂਕ ਦਾ ਹਮਲਾ ਮੁੜ ਸ਼ੁਰੂ ਹੋ ਜਾਂਦਾ ਹੈ ਜਿਸ ਬਾਗ਼ਾਂ ਦਾ ਵੱਡਾ ਆਰਥਿਕ ਨੁਕਸਾਨ ਹੁੰਦਾ ਹੈ। ਵਾਰ-ਵਾਰ ਹਮਲਾ ਹੋਣ ਦੀ ਸਮੱਸਿਆ ਦਾ ਮੁੱਖ ਕਾਰਨ ਸਿਉਂਕ ਕਬੀਲੇ ਦੀ ਰਾਣੀ ਹੈ, ਜੋ ਰੋਜ਼ਾਨਾ ਹਜ਼ਾਰਾਂ ਆਂਡੇ ਦਿੰਦੀ ਹੈ। ਪੰਜਾਬ ਦੇ ਬਾਗ਼ਾਂ ਵਿਚ ਸਿਉਂਕ ਦੀ ਵੱਧ ਰਹੀ ਸਮੱਸਿਆ ਦੇ ਮੱਦੇਨਜ਼ਰ ਪੀਏਯੂ ਲੁਧਿਆਣਾ ਦੇ ਫਲ ਵਿਗਿਆਨ ਵਿਭਾਗ ਦੇ ਵਿਗਿਆਨੀਆਂ ਨੇ ਨਾਸ਼ਪਾਤੀ, ਬੇਰ, ਆੜੂ, ਅੰਗੂਰ ਤੇ ਆਂਵਲੇ ਦੇ ਬਾਗ਼ਾਂ 'ਚ ਮਿੱਟੀ ਦੇ ਘੜਿਆਂ ਤੋਂ ਬਣਾਏ ਟਰੈਪਾਂ ਵਿਚ ਮੱਕੀ ਦੇ ਗੁੱਲੇ ਪਾ ਕੇ ਸਿਉਂਕ ਦੀ ਵਾਤਾਵਰਨ-ਸਹਾਈ ਤਕਨਾਲੋਜੀ ਦੀ ਖੋਜ ਕੀਤੀ ਹੈ।

## ਟਰੈਪ ਤਿਆਰ ਕਰਨ ਦੀ ਵਿਧੀ

ਸਿਉਂਕ ਦੇ ਹਮਲੇ ਵਾਲੇ ਬਾਗ਼ਾਂ 'ਚ 13 ਇੰਚ ਆਕਾਰ ਵਾਲੇ 14 ਘੜੇ ਪ੍ਰਤੀ ਏਕੜ, ਜਿਨ੍ਹਾਂ 'ਚ ਸਿਉਂਕ ਦੇ ਅੰਦਰ ਜਾਣ ਲਈ 24 ਮੋਰੀਆਂ ਕੀਤੀਆਂ ਹੋਣ, ਨੂੰ ਮੱਕੀ ਦੇ ਗੁੱਲਿਆਂ (3-4 ਟੋਟੇ ਕੀਤੇ ਹੋਏ), ਨਾਲ ਭਰ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੇ ਦੁਬਾਰਾ ਸਤੰਬਰ ਦੇ ਪਹਿਲੇ ਹਫ਼ਤੇ ਮਿੱਟੀ 'ਚ 2 ਫੁੱਟ ਡੂੰਘਾ ਦਬਾਉ। ਘੜੇ ਇਕ-ਦੂਜੇ ਤੋਂ ਬਰਾਬਰ ਵਿੱਥ 'ਤੇ ਦੱਬੋ। 16 ਮੋਰੀਆਂ ਘੜੇ ਦੀ ਗਰਦਨ ਦੇ ਨੇੜੇ ਤੇ 8 ਮੋਰੀਆਂ ਘੜੇ ਦੇ ਬਾਕੀ ਹਿੱਸਿਆਂ 'ਤੇ ਹੋਣ। ਇਨ੍ਹਾਂ ਘੜਿਆਂ ਦੇ ਮੂੰਹ ਜ਼ਮੀਨ ਦੀ ਸਤਹਿ ਤੋਂ ਥੋੜ੍ਹੇ ਉੱਪਰ ਰੱਖ ਕੇ ਢਕ ਦਿਉ। ਮਿੱਟੀ 'ਚ ਦਬਾਉਣ ਤੋਂ 3 ਦਿਨ ਬਾਅਦ ਘੜਾ ਖੋਲ੍ਹ ਕੇ ਦੇਖੋ ਕਿ ਸਿਉਂਕ ਦੇ ਬੱਚੇ ਘੜੇ 'ਚ ਆਉਣੇ ਸ਼ੁਰੂ ਹੋਏ ਹਨ ਜਾਂ ਨਹੀਂ।

## ਟਰੈਪ ਦੀ ਕੀਮਤ

ਕਿਸਾਨ ਇਹ ਟਰੈਪ ਆਪਣੇ ਨੇੜਲੇ ਬਜ਼ਾਰ 'ਚ ਘੁਮਿਆਰ ਦੀ ਦੁਕਾਨ ਤੋਂ ਬਣਵਾ ਸਕਦੇ ਹਨ। ਬਜ਼ਾਰ 'ਚ ਅਜਿਹੇ ਟਰੈਪ ਦੀ ਕੀਮਤ 70 ਤੋਂ 90 ਰੁਪਏ ਹੈ। ਇਕ ਏਕੜ ਲਈ 14 ਘੜਿਆਂ ਦਾ ਖ਼ਰਚਾ 980 ਤੋਂ 1260 ਰੁਪਏ ਹੈ। ਇਹ ਖ਼ਰਚਾ ਸਿਉਂਕ ਦੀ ਰੋਕਥਾਮ ਲਈ ਹਰ ਸਾਲ ਵਰਤੇ ਜਾਂਦੇ ਕੀਟਨਾਸ਼ਕਾਂ (320 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਕਰੀਬ 7 ਵਾਰ ਛਿੜਕਾਅ ਕਰਨ ਦੇ 2240 ਰੁਪਏ ਪ੍ਰਤੀ ਏਕੜ) ਦੇ ਮੁਕਾਬਲੇ ਕਾਫ਼ੀ ਸਸਤਾ ਹੈ। ਕੀਟਨਾਸ਼ਕ ਮਹਿੰਗੇ ਹੋਣ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਪਲੀਤ ਕਰਦੇ ਹਨ।

## ਟਰੈਪ ਲਗਾਉਣ ਦੇ ਫ਼ਾਇਦੇ

ਬਾਗ਼ਾਂ 'ਚ ਸਿਉਂਕ ਦੀ ਰੋਕਥਾਮ ਲਈ ਕੀਟਨਾਸ਼ਕ ਰਹਿਤ ਇਹ ਤਕਨਾਲੋਜੀ ਵਾਤਾਵਰਨ ਦੀ ਸੰਭਾਲ 'ਚ ਸਹਾਈ ਹੈ। ਇਸ ਦੀ ਵਰਤੋਂ ਨਾਲ ਫਲਾਂ, ਮਿੱਟੀ, ਬੂਟਿਆਂ ਤੇ ਵਾਤਾਵਰਨ 'ਚ ਕੀਟਨਾਸ਼ਕਾਂ ਦੇ ਅੰਸ਼ ਨਹੀਂ ਹੋਣਗੇ। ਇਹ ਕੀਟਨਾਸ਼ਕਾਂ ਦੇ ਮੁਕਾਬਲੇ ਕਾਫ਼ੀ ਸਸਤੀ ਹੈ। ਸਿਉਂਕ ਟਰੈਪ ਆਸਾਨੀ ਨਾਲ ਸੰਯੁਕਤ ਕੀਟ ਪ੍ਰਬੰਧ ਪ੍ਰੋਗਰਾਮ 'ਚ ਅਪਣਾਏ ਜਾ ਸਕਦੇ ਹਨ। ਇਕ ਘੜੇ ਵਿਚ ਸਿਉਂਕ ਦੇ ਲੱਖਾਂ ਬੱਚਿਆਂ ਨੂੰ ਖਿੱਚਣ ਦੀ ਸਮਰਥਾ ਹੈ। ਇਸ ਤਕਨੀਕ ਕੀਟਨਾਸ਼ਕਾਂ ਦੇ ਛਿੜਕਾਅ ਲਈ ਵਰਤੇ ਜਾਣ ਵਾਲੇ ਪਾਣੀ ਦੀ ਵੀ ਕਾਫ਼ੀ ਬੱਚਤ ਹੁੰਦੀ ਹੈ। ਇਹ ਟਰੈਪ ਵਾਰ-ਵਾਰ ਵਰਤੇ ਜਾ ਸਕਦੇ ਹਨ।

ਨਾਸ਼ਪਾਤੀ, ਬੇਰ, ਆੜੂ, ਅੰਗੂਰ ਤੇ ਆਂਵਲੇ ਦੇ ਬਾਗ਼ਾਂ ਵਿਚ ਸਿਉਂਕ ਦੀ ਰੋਕਥਾਮ ਲਈ 13 ਇੰਚ ਆਕਾਰ ਵਾਲੇ ਘੜੇ, ਜਿਨ੍ਹਾਂ ਵਿਚ 24 ਮੋਰੀਆਂ ਕੀਤੀਆਂ ਹੋਣ, ਨੂੰ ਮੱਕੀ ਦੇ ਗੁੱਲਿਆਂ ਨਾਲ ਭਰ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੇ ਦੁਬਾਰਾ ਸਤੰਬਰ ਦੇ ਪਹਿਲੇ ਹਫ਼ਤੇ ਮਿੱਟੀ ਵਿਚ ਦਬਾਉ। •



# ਫ਼ਸਲਾਂ 'ਚ ਮਲਚ ਦੀ ਅਹਿਮੀਅਤ

• **ਜਗਰੂਪ ਕੌਰ, ਹਰਸਿਮਰਤ ਕੌਰ**

ਜ਼ਮੀਨ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਵਰਤੇ ਜਾਣ ਵਾਲੇ ਪਦਾਰਥ- ਫ਼ਸਲੀ ਰਹਿੰਦ-ਖੂੰਹਦ, ਸੁੱਕਾ ਘਾਹ, ਸੁੱਕੇ ਪੱਤੇ, ਪਰਾਲੀ, ਨਾੜ, ਖੋਰੀ, ਆਦਿ ਨੂੰ ਮਲਚ ਆਖਦੇ ਹਨ।

## ਮਲਚ ਦੇ ਫ਼ਾਇਦੇ

ਮਲਚ ਵਾਸ਼ਪੀਕਰਣ ਨੂੰ ਕੰਟਰੋਲ ਕਰ ਕੇ ਮਿੱਟੀ ਦੀ ਨਮੀ ਨੂੰ ਬਰਕਰਾਰ ਰੱਖਦੀ ਹੈ। ਇਹ ਜ਼ਮੀਨ ਦੇ ਤਾਪਮਾਨ ਨੂੰ ਨਿਯਮਿਤ ਕਰਦੀ ਹੈ। ਮਲਚ ਦੀ ਵਰਤੋਂ ਨਾਲ ਸਰਦੀਆਂ 'ਚ ਜ਼ਮੀਨ ਦਾ ਤਾਪਮਾਨ ਆਮ ਨਾਲੋਂ ਵੱਧ ਜਾਂਦਾ ਹੈ ਤੇ ਗਰਮੀਆਂ 'ਚ ਘਟਦਾ ਹੈ, ਜਿਸ ਨਾਲ ਫ਼ਸਲਾਂ ਦੇ ਪੁੰਗਾਰੇ 'ਚ ਵਾਧਾ ਹੁੰਦਾ ਹੈ। ਮਲਚ ਨਾਲ ਨਦੀਨਾਂ ਦੀ ਘਣਤਾ ਨੂੰ ਵੀ ਬਹੁਤ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਜੈਵਿਕ ਮਲਚ, ਜਿਵੇਂ ਕਿ ਫ਼ਸਲੀ ਰਹਿੰਦ-ਖੂੰਹਦ ਗਲਣ ਤੋਂ ਬਾਅਦ ਜ਼ਮੀਨ 'ਚ ਫ਼ਸਲਾਂ ਲਈ ਜ਼ਰੂਰੀ ਤੱਤ ਛੱਡ ਦਿੰਦੀ ਹੈ ਜਿਸ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਵਾਧਾ ਹੁੰਦਾ ਹੈ। ਇਕ ਟਨ ਪਰਾਲੀ ਵਿਚ 6.2 ਕਿੱਲੋ ਨਾਈਟ੍ਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼ੀਅਮ ਅਤੇ 1.2 ਕਿੱਲੋ ਸਲਫਰ ਮੌਜੂਦ ਹੁੰਦੇ ਹਨ, ਜੋ ਗਲਣ ਤੋਂ ਬਾਅਦ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਵਾਦਾ ਕਰਦੇ ਹਨ। ਖੇਤ 'ਚ ਮਲਚ ਵਿਛਾਉਣ ਨਾਲ ਜ਼ਮੀਨ ਦੀ ਪਾਣੀ ਨੂੰ ਸੰਭਾਲਣ ਦੀ ਸਮਰਥਾ 'ਚ ਵਾਧਾ ਹੁੰਦਾ ਹੈ। ਮਲਚ ਪਾਉਣ ਨਾਲ ਮਿਟੀ ਦੇ ਖੁਰਨ ਦੀ ਸਮੱਸਿਆ ਘਟਦੀ ਹੈ। ਜੇ ਅਸੀਂ ਵਾਧੂ ਪਰਾਲੀ ਨੂੰ ਖੇਤ ਵਿਚ ਸਾੜਨ ਦੀ ਥਾਂ ਮਲਚ ਦੇ ਰੂਪ ਵਿਚ ਵਰਤੀਏ ਤਾਂ ਇਸ ਨਾਲ ਹਵਾ ਪ੍ਰਦੂਸ਼ਣ ਵੀ ਘਟੇਗਾ, ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ 'ਚ ਵੀ ਗਿਰਾਵਟ ਆਏਗੀ ਅਤੇ ਜ਼ਮੀਨ ਨੂੰ ਲੋੜੀਂਦੇ ਤੱਤ ਮਿਲਣ ਕਾਰਨ ਖਾਦਾਂ ਉੱਪਰ ਹੋਣ ਵਾਲੇ ਖ਼ਰਚ 'ਤੇ ਵੀ ਕਮੀ ਆਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਰਾਲੀ, ਖੋਰੀ, ਰੁੱਖਾਂ ਦੇ ਪੱਤਿਆਂ ਆਦਿ ਦੀ ਮਲਚ ਦੇ ਤੌਰ 'ਤੇ ਵਰਤੋਂ ਕਰਨ ਦੀ ਸਿਫ਼ਾਰਸ਼ ਕਈ ਫ਼ਸਲਾਂ ਵਿਚ ਕੀਤੀ ਗਈ ਹੈ। ਇਨ੍ਹਾਂ ਵਿਚ ਹਲਦੀ, ਗੰਨਾ, ਮੈਂਥਾ, ਕਣਕ, ਆਲੂ, ਲਸਣ, ਮਿਰਚਾਂ, ਅਮਰੂਦ ਆਦਿ ਫ਼ਸਲਾਂ ਸ਼ਾਮਲ ਹਨ, ਜਿਨ੍ਹਾਂ ਲਈ ਮਲਚਿੰਗ ਬੇਹੱਦ ਲਾਭਦਾਇਕ ਹੈ।

*ਹਲਦੀ : ਬਿਜਾਈ ਤੋਂ ਬਾਅਦ 36 ਕੁਇੰਟਲ ਪਰਾਲੀ ਪ੍ਰਤੀ ਏਕੜ ਖੇਤ 'ਚ ਖਿਲਾਰਨ ਨਾਲ ਹਲਦੀ ਦਾ ਪੁੰਗਾਰਾ ਵਧੀਆ ਹੁੰਦਾ ਹੈ ਤੇ ਨਦੀਨਾਂ ਦੀ ਰੋਕਥਾਮ ਹੁੰਦੀ ਹੈ।*

***ਮੈਂਥਾ** : ਬਿਜਾਈ ਤੋਂ ਬਾਅਦ ਪਰਾਲੀ ਨੂੰ 2.4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ 'ਚ ਖਿਲਾਰੋ।*

***ਗੰਨਾ** : ਕਮਾਦ ਦੇ ਜੰਮ ਤੋਂ ਬਾਅਦ ਕਤਾਰਾਂ 'ਚ ਸੁੱਕਾ ਘਾਹ ਜਾਂ ਪਰਾਲੀ ਜਾਂ ਝੋਨੇ ਦਾ ਛਿਲਕਾ ਜਾਂ ਖੋਰੀ ਜਾਂ ਸੁੱਕੇ ਪੱਤੇ 20-25 ਕੁਇੰਟਲ ਪ੍ਰਤੀ ਏਕੜ ਵਿਛਾਉਣ ਨਾਲ ਜ਼ਮੀਨ ਦਾ ਤਾਪਮਾਨ ਘਟੇਗਾ ਤੇ ਜ਼ਮੀਨ ਵਿਚਲੀ ਸਿੱਲ੍ਹ ਨੂੰ ਸੰਭਾਲਿਆ ਜਾ ਸਕਦਾ ਹੈ। ਨਦੀਨਾਂ ਤੇ ਆਗ ਦੇ ਗੜੂੰਏਂ ਦੀ ਸਮੱਸਿਆ ਘੱਟਦੀ ਹੈ।*

***ਕਣਕ** : ਪੀਏਯੂ ਵੱਲੋਂ ਹੈਪੀ ਸੀਡਰ ਮਸ਼ੀਨ 'ਚ ਦਬਾਅ ਵਾਲੇ ਪਹੀਆਂ ਵਾਲੀ ਅਟੈਚਮੈਂਟ ਲਗਾਈ ਗਈ ਹੈ, ਜਿਹੜੀ ਕੰਬਾਈਨ ਨਾਲ ਕੱਟੇ ਝੋਨੇ ਦੇ ਵੱਢ 'ਚ ਬਿਜਾਈ ਦੌਰਾਨ ਪਰਾਲੀ ਨੂੰ ਕਣਕ ਦੇ ਸਿਆੜਾਂ 'ਚ ਮਲਚ ਦੇ ਰੂਪ 'ਚ ਦਬਾਅ ਦਿੰਦੀ ਹੈ। ਇਸ ਨਾਲ ਕਣਕ ਦਾ ਪੁੰਗਾਰਾ ਤੇ ਮੁਢਲਾ ਵਾਧਾ ਵਧੀਆ ਹੁੰਦਾ ਹੈ ਤੇ ਨਦੀਨਾਂ ਦੀ ਘਣਤਾ ਘਟਦੀ ਹੈ।*

***ਆਲੂ** : 25 ਕੁਇੰਟਲ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ 'ਚ ਵਿਛਾਉਣ ਨਾਲ ਦੋ ਸਿੰਚਾਈਆਂ ਬਚਾਈਆਂ ਜਾ ਸਕਦੀਆਂ ਹਨ।*

***ਲਸਣ** : ਨਦੀਨ ਉੱਗਣ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨਨਾਸ਼ਕ ਤੋਂ ਬਾਅਦ 25 ਕੁਇੰਟਲ ਪਰਾਲੀ ਪ੍ਰਤੀ ਏਕੜ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।*

***ਮਿਰਚਾਂ** : ਮਿਰਚਾਂ ਦੀ ਫ਼ਸਲ ਵਿਚ 25 ਕੁਇੰਟਲ ਪਰਾਲੀ ਪ੍ਰਤੀ ਏਕੜ ਵਿਛਾ ਕੇ ਪਾਣੀ ਨੂੰ 15-16 ਸਿੰਚਾਈਆਂ ਤੋਂ ਘਟਾ ਕੇ 9 'ਤੇ ਲਿਆਂਦਾ ਜਾ ਸਕਦਾ ਹੈ।*

***ਅਮਰੂਦ** : ਅਮਰੂਦਾਂ ਦੇ ਬੂਟਿਆਂ ਵਿਚ ਮਈ ਮਹੀਨੇ ਦੌਰਾਨ ਖਾਦਾਂ ਪਾਉਣ ਤੋਂ ਬਾਅਦ ਨਦੀਨਾਂ ਦੀ ਰੋਕਥਾਮ ਲਈ 4 ਟਨ ਪਰਾਲੀ ਪ੍ਰਤੀ ਏਕੜ ਮਲਚ ਦੇ ਤੌਰ 'ਤੇ ਵਰਤਣੀ ਚਾਹੀਦੀ ਹੈ। •*

# ਖੇਤੀ ਵਿਭਿੰਨਤਾ 'ਚ ਮੱਕੀ ਦੀ ਅਹਿਮੀਅਤ

• **ਜਸਵੀਰ ਸਿੰਘ ਚਾਵਲਾ, ਮਹੇਸ਼ ਕੁਮਾਰ,** 98726-60990

*ਪੰਜਾਬ ਵਿਚ 116 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਹ ਕਣਕ-ਝੋਨੇ ਤੋਂ ਬਾਅਦ ਭਾਰਤ ਦੀ ਤੀਜੀ ਮੁੱਖ ਫ਼ਸਲ ਹੈ। ਇਸ ਦੀ ਕਾਸ਼ਤ ਬਰਾਨੀ ਹਾਲਤਾਂ 'ਚ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਦਾ ਮੰਡੀਕਰਨ ਕਣਕ-ਝੋਨੇ ਦੀ ਤਰਜ 'ਤੇ ਹੋ ਸਕੇ ਤਾਂ ਇਹ ਖੇਤੀ ਵਿਭਿੰਨਤਾ 'ਚ ਅਹਿਮ ਯੋਗਦਾਨ ਪਾ ਸਕਦੀ ਹੈ...*



ਝੋਨੇ ਤੇ ਕਣਕ ਤੋਂ ਬਾਅਦ ਮੱਕੀ ਭਾਰਤ ਦੀ ਤੀਜੀ ਮੁੱਖ ਫ਼ਸਲ ਹੈ। 2016-17 ਦੌਰਾਨ, ਪੰਜਾਬ ਵਿਚ 116 ਹਜ਼ਾਰ ਹੈਕਟੇਅਰ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਗਈ ਤੇ ਇਸ ਦੀ ਕੁੱਲ ਉਪਜ 445 ਹਜ਼ਾਰ ਟਨ ਹੋਈ। ਮੱਕੀ ਦਾ ਪ੍ਰਤੀ ਹੈਕਟਰ ਔਸਤ ਝਾੜ 38.35 ਕੁਇੰਟਲ ਰਿਹਾ। ਮੱਕੀ ਨੂੰ ਫੀਡ, ਭੋਜਨ ਤੇ ਚਾਰੇ ਲਈ ਵਰਤਿਆ ਜਾਂਦਾ ਹੈ। ਇਸ ਤੋਂ ਸਨਅਤੀ ਵਸਤਾਂ ਸਟਾਰਚ, ਤੇਲ, ਪ੍ਰੋਟੀਨ, ਦਵਾਈਆਂ, ਫਿਲਮ, ਕੱਪੜਾ ਤੇ ਕਾਗ਼ਜ਼ ਤਿਆਰ ਕੀਤਾ ਜਾਂਦਾ ਹੈ। ਜੇ ਮੱਕੀ ਦਾ ਮੰਡੀਕਰਨ ਵੀ ਝੋਨੇ ਦੀ ਤਰਜ 'ਤੇ ਹੋਵੇ ਤਾਂ ਪੰਜਾਬ ਵਿਚ ਖੇਤੀ ਵਿਭਿੰਨਤਾ ਲਿਆਉਣ 'ਚ ਮੱਕੀ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ। ਮੱਕੀ ਦੀ ਫ਼ਸਲ ਲਗਪਗ 100 ਦਿਨ੍ਹਾਂ 'ਚ ਪੱਕ ਜਾਂਦੀ ਹੈ, ਜਿਸ ਕਾਰਨ ਪਾਣੀ ਦੀ ਖਪਤ ਘਟ ਹੁੰਦੀ ਹੈ। ਇਸ ਦੀ ਕਾਸ਼ਤ ਬਰਾਨੀ ਇਲਾਕਿਆਂ 'ਚ ਵੀ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ। ਮੱਕੀ ਦੀ ਕਾਸ਼ਤ ਨੂੰ ਲਾਹੇਵੰਦ ਬਣਾਉਣ ਲਈ ਇਸ ਦੀਆਂ ਖ਼ਾਸ ਵਰਤੋਂ ਵਾਲੀਆਂ ਕਿਸਮਾਂ, ਜਿਵੇਂ ਸਵੀਟ ਕੌਰਨ (ਮਿੱਠੀ ਮੱਕੀ), ਪੌਪ ਕੌਰਨ (ਫੁੱਲਿਆਂ ਵਾਲੀ ਮੱਕੀ) ਤੇ ਬੇਬੀ ਕੌਰਨ (ਕੱਚੀ ਮੱਕੀ) ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮੱਕੀ ਦੀ ਕਾਸ਼ਤ ਲਈ ਕੁਝ ਅਹਿਮ ਗੱਲਾਂ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੈ :

ਮੱਕੀ ਦੀਆਂ ਦੋਗਲੀਆਂ ਤੇ ਕੰਪੋਜ਼ਿਟ ਕਿਸਮਾਂ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀ ਗਈ ਹੈ।

## ਬੀਜ ਦੀ ਮਾਤਰਾ ਤੇ ਸੋਧ

ਬਿਜਾਈ ਲਈ 8 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਪਰਲ ਪੌਪ ਕੌਰਨ ਦੇ ਦਾਣਿਆਂ ਦਾ ਆਕਾਰ ਛੋਟਾ ਹੋਣ ਕਰਕੇ 7 ਕਿੱਲੋ ਬੀਜ ਪ੍ਰਤੀ ਏਕੜ ਕਾਫ਼ੀ ਹੈ। ਸੰਘਣੀ ਫ਼ਸਲ 'ਤੇ ਛੱਲੀਆਂ ਘੱਟ ਲਗਦੀਆਂ ਹਨ ਤੇ ਝਾੜ ਘਟਦਾ ਹੈ। ਖੇਤ ਵਿਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਝਾੜ ਦੇ ਘਟਣ ਦਾ ਵੱਡਾ ਕਾਰਨ ਬਣਦਾ ਹੈ। ਉੱਲੀ ਨਾਸ਼ਕ ਜ਼ਹਿਰਾਂ, ਜਿਵੇਂ ਬਾਵਿਸਟਨ ਜਾਂ ਡੈਰੋਸਲ ਜਾਂ ਐਗਰੋਜ਼ਿਮ 50 ਡਬਲਿਊਪੀ ਆਦਿ ਨਾਲ 3 ਗ੍ਰਾਮ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਬੀਜ ਨੂੰ ਬਿਜਾਈ ਤੋਂ ਪਹਿਲਾਂ ਸੋਧ ਲਵੋ।

## ਬਿਜਾਈ ਦਾ ਸਮਾਂ ਤੇ ਢੰਗ

ਸੇਜੂ ਹਾਲਤ ਵਿਚ ਮੱਕੀ ਦੀ ਬਿਜਾਈ ਮਈ ਦੇ ਅਖ਼ੀਰਲੇ ਹਫ਼ਤੇ ਤੋਂ ਜੂਨ ਦੇ ਅਖ਼ੀਰ ਤਕ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫ਼ਸਲ ਆਲੂ, ਤੋਰੀਆ, ਕਣਕ ਆਦਿ ਦੀ ਬਿਜਾਈ ਲਈ ਖੇਤ ਸਮੇਂ ਸਿਰ ਖ਼ਾਲੀ ਹੋ ਜਾਂਦਾ ਹੈ। ਸਮੇਂ ਸਿਰ ਬੀਜੀ ਫ਼ਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਤੇ ਬਾਰਿਸ਼ਾਂ 'ਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਕਤਾਰ ਤੋਂ ਕਤਾਰ ਦਾ ਫ਼ਾਸਲਾ 60 ਸੈਂਟੀਮੀਟਰ ਰੱਖੋ ਤੇ ਬੂਟਿਆਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਹੋਣਾ ਚਾਹੀਦਾ ਹੈ।

## ਬਿਨਾਂ ਵਹਾਈ ਬਿਜਾਈ

ਕਣਕ ਤੋਂ ਬਾਅਦ ਮੱਕੀ ਨੂੰ ਬਿਨਾਂ ਜ਼ਮੀਨ ਵਾਹੇ ਜ਼ੀਰੋ ਟਿਲ ਡਰਿੱਲ ਨਾਲ ਬੀਜਿਆ ਜਾ ਸਕਦਾ ਹੈ। ਜਿਨ੍ਹਾਂ ਖੇਤਾਂ 'ਚ ਨਦੀਨ ਜ਼ਿਆਦਾ ਹੋਣ, ਉਥੇ ਅੱਧਾ ਲਿਟਰ ਗ੍ਰਾਮੈਕਸੋਨ 24 ਐੱਸਐੱਲ 200 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ ਪਹਿਲਾਂ ਛਿੜਕੋ। ਮੱਕੀ ਨੂੰ ਬਿਨਾਂ ਵਾਹੇ ਬੀਜਣ ਨਾਲ ਡੀਜ਼ਲ ਤੇ ਸਮੇਂ ਦੀ ਬੱਚਤ, ਪ੍ਰਦੂਸ਼ਣ ਘੱਟ ਹੁੰਦਾ ਹੈ, ਪਾਣੀ ਦੀ ਬੱਚਤ, ਨਦੀਨਾਂ ਦੀ ਸਮੱਸਿਆ ਘੱਟ ਹੋਣ ਕਾਰਨ ਝਾੜ ਵਧਦਾ ਹੈ।

### ਖਾਲ਼ੀਆਂ 'ਚ ਬਿਜਾਈ

*ਮਈ ਦੇ ਅਖੀਰਲੇ ਹਫ਼ਤੇ ਤੋਂ ਅੱਧ ਜੂਨ ਤਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ 'ਚ ਕੀਤੀ ਜਾ ਸਕਦੀ ਹੈ। ਇਸ ਨਾਲ ਖ਼ੁਸ਼ਕ ਤੇ ਗਰਮ ਮੌਸਮ 'ਚ ਪਾਣੀ ਘੱਟ ਅਤੇ ਸੌਖਾ ਲਗਦਾ ਹੈ। ਖਾਲ਼ੀਆਂ 'ਚ ਬੀਜੀ ਮੱਕੀ ਦੀ ਫ਼ਸਲ ਘੱਟ ਡਿੱਗਦੀ ਹੈ ਤੇ ਪੱਧਰੀ ਬਿਜਾਈ ਨਾਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ।*

### ਜਲਵਾਯੂ ਤੇ ਜ਼ਮੀਨ

*ਮੱਕੀ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ, ਮੈਰਾ ਤੋਂ ਭੱਲ ਵਾਲੀ ਜ਼ਮੀਨ ਸਭ ਤੋਂ ਚੰਗੀ ਹੈ। ਮੱਕੀ ਨੂੰ ਉੱਗਣ ਤੋਂ ਲੈ ਕੇ ਨਿਸਰਨ ਤਕ ਸਿੱਲ੍ਹੇ ਤੇ ਗਰਮ ਜਲਵਾਯੂ ਦੀ ਲੋੜ ਹੈ। ਫ਼ਸਲ ਨਿਸਰਣ ਸਮੇਂ ਘੱਟ ਸਿੱਲ੍ਹ ਤੇ ਜ਼ਿਆਦਾ ਤਾਪਮਾਨ ਪੱਤਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪਰਾਗ ਕਣ ਸੁੱਕ ਜਾਂਦੇ ਹਨ, ਪਰਾਗਣ ਕਿਰਿਆ ਠੀਕ ਨਹੀਂ ਹੁੰਦੀ ਤੇ ਦਾਣੇ ਘੱਟ ਪੈਂਦੇ ਹਨ। ਚੰਗਾ ਝਾੜ ਲੈਣ ਲਈ ਖੇਤਾਂ ਦੇ ਜਲ ਨਿਕਾਸ ਦਾ ਠੀਕ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ।*

### ਗੋਡੀ ਕਰਨਾ ਤੇ ਬੂਟੇ ਵਿਰਲੇ ਕਰਨਾ

*ਬਿਜਾਈ ਤੋਂ 15 ਤੇ 30 ਦਿਨਾਂ ਬਾਅਦ ਦੋ ਗੋਡੀਆਂ ਕਰ ਕੇ ਫ਼ਸਲ 'ਚੋਂ ਘਾਹ-ਫੂਸ ਖ਼ਤਮ ਕਰ ਦੇਣਾ ਚਾਹੀਦਾ ਹੈ। ਪਹਿਲੀ ਗੋਡੀ ਰੰਬੇ ਜਾਂ ਕਸੌਲੇ ਨਾਲ ਕਰੋ। ਦੂਜੀ ਗੋਡੀ ਲਈ ਇਕ ਪਹੀਏ ਵਾਲੀ ਤ੍ਰਿਫਾਲੀ ਵਰਤੋ। ਪਹਿਲੀ ਗੋਡੀ ਸਮੇਂ ਬੂਟੇ ਵਿਰਲੇ ਕਰ ਦਿਉ ਤੇ ਬੂਟਿਆਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਰੱਖੋ।*



## ਨਦੀਨਾਂ ਦੀ ਰੋਕਥਾਮ

ਚੌੜੇ ਪੱਤਿਆਂ ਵਾਲੇ ਨਦੀਨਾਂ ਲਈ ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ 'ਚ ਐਟਰਾਟਾਫ 50 ਡਬਲਿਊਪੀ 800 ਗ੍ਰਾਮ ਪ੍ਰਤੀ ਏਕੜ ਤੇ ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਪ੍ਰਤੀ ਏਕੜ ਬਿਜਾਈ ਤੋਂ ਦਸ ਦਿਨ ਦੇ ਅੰਦਰ 200 ਲਿਟਰ ਪਾਣੀ 'ਚ ਘੋਲ ਕੇ ਵਰਤੋ ਜਾਂ 250 ਗ੍ਰਾਮ ਫ਼ਸਲ ਦੀਆਂ ਕਤਾਰਾਂ ਚੌੜੀ ਪੱਟੀ 'ਚ ਛਿੜਕਾਅ ਕਰੋ ਤੇ ਕਤਾਰਾਂ 'ਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨ੍ਹਾਂ ਬਾਅਦ ਗੋਡੀ ਕਰੋ। ਸਖ਼ਤ ਜਾਨ ਨਦੀਨ, ਬਾਂਸ ਪੱਤਾ, ਘਾਹ, ਕਾਂ ਮੱਕੀ ਆਦਿ ਦੀ ਲਈ 600 ਗ੍ਰਾਮ ਐਟਰਾਜੀਨ ਨੂੰ ਇਕ ਲਿਟਰ ਲਾਸੋ 50 ਈਸੀ ਜਾਂ ਇਕ ਲਿਟਰ ਸਟੌਂਪ 30 ਈਸੀ ਦਾ ਪ੍ਰਤੀ ਏਕੜ 200 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ 2 ਦਿਨ ਅੰਦਰ ਛਿੜਕਾਅ ਕਰੋ। ਖੜ੍ਹੀ ਫ਼ਸਲ 'ਚ ਨਦੀਨਾਂ ਦੀ ਰੋਕਥਾਮ ਲਈ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐੱਸਸੀ ਦਾ ਛਿੜਕਾਅ 150 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ 20 ਦਿਨ ਬਾਅਦ ਕਰੋ। ਡੀਲੇ-ਮੋਥੇ ਲਈ 2,4-ਡੀ ਅਮਾਈਨ ਸਾਲਟ 58 ਫ਼ੀਸਦੀ 400 ਐੱਮਐੱਲ ਪ੍ਰਤੀ ਏਕੜ 150 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ।

## ਸਿੰਚਾਈ

ਮੱਕੀ ਨੂੰ 4 ਤੋਂ 6 ਪਾਣੀਆਂ ਦੀ ਲੋੜ ਹੁੰਦੀ ਹੈ। ਫ਼ਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ, ਖ਼ਾਸ ਕਰ ਕੇ ਨਿਸਰਣ ਤੇ ਸੂਤ ਕੱਤਣ ਸਮੇਂ। ਛੋਟੀ ਉਮਰ ਦੀ ਮੱਕੀ 'ਚ ਪਾਣੀ ਖੜ੍ਹਾ ਹੋਣ ਨਾਲ ਫ਼ਸਲ ਦਾ ਨੁਕਸਾਨ ਹੰਦਾ ਹੈ। ਜੇ ਜ਼ਿਆਦਾ ਪਾਣੀ ਖੜ੍ਹਨ ਨਾਲ ਨੁਕਸਾਨ ਹੋ ਜਾਵੇ ਤਾਂ 6 ਕਿੱਲੋ ਯੂਰੀਆ ਨੂੰ 200 ਲਿਟਰ ਪਾਣੀ 'ਚ ਘੋਲ ਬਣਾ ਕੇ (3 ਫ਼ੀਸਦੀ) ਦੋ ਵਾਰੀ ਹਫ਼ਤੇ ਦੇ ਫ਼ਰਕ 'ਤੇ ਛਿੜਕੋ। ਜੇ ਨੁਕਸਾਨ ਦਰਮਿਆਨੇ ਤੋਂ ਭਾਰੀ ਹੋਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਮਗਰੋਂ 12-24 ਕਿਲੋ ਨਾਈਟ੍ਰੋਜਨ (25-50 ਕਿੱਲੋ ਯੂਰੀਆ) ਪ੍ਰਤੀ ਏਕੜ ਹੋਰ ਪਾਉ।

## ਖਾਦਾਂ

ਮੱਕੀ ਦੀ ਫ਼ਸਲ ਖੁਰਾਕੀ ਤੱਤਾਂ ਨੂੰ ਬਹੁਤ ਮੰਨਦੀ ਹੈ ਪਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ਤੇ ਫ਼ਸਲੀ ਚੱਕਰ ਅਨੁਸਾਰ ਹੀ ਕਰੋ। ਮੱਕੀ ਦੀ ਫ਼ਸਲ 'ਚ ਰੂੜੀ ਤੇ ਹਰੀ ਖਾਦ ਪਾਉ। ਹਰੀ ਖਾਦ ਲਈ ਰਵਾਂਹ ਜਾਂ ਸਣ ਜਾਂ ਜੰਤਰ ਦੀ ਬਿਜਾਈ ਕਰੋ। ਜੇ ਗਰਮ ਰੁੱਤ ਦੀ ਮੂੰਗੀ ਬੀਜੀ ਗਈ ਹੋਵੇ ਤਾਂ ਫਲੀਆਂ ਤੋੜਨ ਪਿੱਛੋਂ ਇਸ ਨੂੰ ਮੱਕੀ ਬੀਜਣ ਤੋਂ ਪਹਿਲਾਂ ਵਾਹ ਕੇ ਖੇਤ 'ਚ ਦੱਬ ਦਿਉ। ਰੂੜੀ ਦੀ ਵਰਤੋਂ ਨਾਲ ਜ਼ਮੀਨ ਦੀ ਹਾਲਤ ਸੁਧਰਦੀ ਹੈ ਤੇ ਜ਼ਮੀਨ ਦੀ ਪਾਣੀ ਸੰਭਾਲਣ ਦੀ ਸ਼ਕਤੀ ਵੀ ਵੱਧਦੀ ਹੈ।

ਚੰਗਾ ਝਾੜ ਲੈਣ ਲਈ ਲੰਬੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਪੀਐੱਮਐਚ-1, ਪ੍ਰਭਾਤ ਤੇ ਪੰਜਾਬ ਸਵੀਟ ਕੌਰਨ-1 ਨੂੰ 90 ਕਿੱਲੋ ਯੂਰੀਆ, 55 ਕਿੱਲੋ ਡੀਏਪੀ ਤੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ, ਜਿਵੇਂ ਪੀਐੱਮਐੱਚ-2, ਕੇਸਰੀ ਤੇ ਪਰਲ ਪੌਪ ਕੌਰਨ ਨੂੰ 65 ਕਿੱਲੋ ਯੂਰੀਆ, 27 ਕਿੱਲੋ ਡੀਏਪੀ ਤੇ 15 ਕਿੱਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇ ਖੇਤ 'ਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿੱਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਸਾਰੀ ਫਾਸਫੋਰਸ, ਪੋਟਾਸ਼ ਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਉ। ਬਾਕੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਉ-ਇੱਕ ਹਿੱਸਾ ਉਸ ਵੇਲੇ ਪਾਉ, ਜਦ ਫ਼ਸਲ ਗੋਡੇ-ਗੋਡੇ ਹੋਵੇ ਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਉ। ਜੇ ਮੱਕੀ ਨੂੰ 6 ਟਨ ਪ੍ਰਤੀ ਏਕੜ ਤੋਂ ਵੱਧ ਰੂੜੀ ਹਰ ਸਾਲ ਪਾਈ ਜਾਵੇ ਤਾਂ ਬਿਜਾਈ ਸਮੇਂ ਖਾਦ ਦੀ ਲੋੜ ਨਹੀਂ।

## ਕੀੜੇ ਮਕੌੜੇ ਤੇ ਬਿਮਾਰੀਆਂ

ਮੱਕੀ ਦਾ ਗੜੂੰਆਂ ਸਾਉਣੀ ਰੁੱਤ ਦਾ ਮੁੱਖ ਕੀੜਾ ਹੈ। ਇਹ ਫ਼ਸਲ ਦਾ 15 ਫ਼ੀਸਦੀ ਤਕ ਨੁਕਸਾਨ ਕਰ ਸਕਦਾ ਹੈ। ਇਸ ਦੀ ਰੋਕਥਾਮ ਲਈ ਕੋਰਾਜ਼ਨ 18.5 ਐੱਸਸੀ 30 ਮਿਲੀਲੀਟਰ ਜਾਂ ਡੈਸਿਸ 2.8 ਈਸੀ 80 ਮਿਲੀਲੀਟਰ ਨੂੰ 60 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ 10-15 ਦਿਨ ਦੀ ਫ਼ਸਲ 'ਤੇ ਛਿੜਕੋ। ਮਿੱਤਰ ਕੀੜੇ ਟ੍ਰਾਈਕੋਗ੍ਰਾਮਾ ਨੂੰ ਵੀ 10 ਅਤੇ ਫਿਰ 17 ਦਿਨ ਦੀ ਫ਼ਸਲ 'ਤੇ ਛੱਡ ਕੇ ਗੜੂੰਏਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਕ ਏਕੜ ਲਈ 40 ਹਜ਼ਾਰ ਪਰਜੀਵੀ ਕਿਰਿਆ ਕੀਤੇ ਆਂਡਿਆਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਬੀਜ ਤੇ ਪੁੰਗਾਰ ਦੇ ਗਲਣ ਰੋਗ ਦੀ ਰੋਕਥਾਮ ਲਈ ਬੀਜ ਦੀ ਸੋਧ ਸਿਫ਼ਾਰਸ਼ ਕੀਤੇ ਉੱਲੀ ਨਾਸ਼ਕਾਂ ਨਾਲ ਕਰੋ। ਤਣਾ ਗਲਣ ਦੀ ਰੋਕਥਾਮ ਲਈ ਖੇਤ 'ਚ ਪਾਣੀ ਦੀ ਨਿਕਾਸੀ ਦੇ ਪੁਖ਼ਤਾ ਇੰਤਜ਼ਾਮ ਕਰੋ। •

# ਲੋਕ ਸਭਾ ਹਲਕਾ ਪਟਿਆਲਾ: ਮੈਦਾਨ 'ਚ ਡਟੇ ਸਾਰੇ ਉਮੀਦਵਾਰ ਪੁਰਾਣੇ ਖਿਡਾਰੀ



**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਰੀਆਂ ਹੀ ਮੁੱਖ ਸਿਆਸੀ ਧਿਰਾਂ ਵੱਲੋਂ ਲੋਕ ਸਭਾ ਹਲਕਾ ਪਟਿਆਲਾ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੁਕੰਮਲ ਰੂਪ 'ਚ ਚੋਣ ਸਰਗਰਮੀਆਂ ਵੀ ਤੇਜ਼ ਹੋ ਗਈਆਂ ਹਨ। ਵੱਖ-ਵੱਖ ਪਾਰਟੀਆਂ ਦੇ ਇਹ ਸਾਰੇ ਛੇ ਉਮੀਦਵਾਰ ਚੋਣ ਪਿੜ ਦੇ ਪੁਰਾਣੇ ਖਿਡਾਰੀ ਹੋਣ ਕਰ ਕੇ ਵੋਟਰਾਂ ਨਾਲ ਮਿਲਵਰਤਣ ਪੱਖੋਂ ਚੰਗੀ ਮੁਹਾਰਤ ਰੱਖਦੇ ਹਨ ਕਿਉਂਕਿ ਇਹ ਸਾਰੇ ਹੀ ਪਹਿਲਾਂ ਵੀ ਵੱਖ-ਵੱਖ ਪੱਧਰ ਦੀਆਂ ਚੋਣਾਂ ਲੜ ਚੁੱਕੇ ਹਨ ਤੇ ਇਸ ਪੱਖ ਤੋਂ ਇਨ੍ਹਾਂ ਵਿੱਚੋਂ ਕੋਈ ਵੀ ਨਵਾਂ ਨਹੀਂ ਹੈ।

ਇਨ੍ਹਾਂ ਵਿੱਚੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੂੰ ਤਾਂ ਇਸ ਚੋਣ ਅਖਾੜੇ ਦੀ ਮਾਹਿਰ ਮੰਨਿਆ ਜਾ ਸਕਦਾ ਹੈ। ਉਹ ਛੇਵੀਂ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਪਹਿਲੀਆਂ ਪੰਜ ਚੋਣਾਂ ਵੀ ਉਨ੍ਹਾਂ ਨੇ ਇਸੇ ਸੀਟ ਤੋਂ ਲੜੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਚੋਣ ਪਿੜ ਪੁਰਾਣਾ ਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਾਰ ਪਿੱਚ ਬਦਲੀ ਹੋਈ ਹੈ ਕਿਉਂਕਿ ਉਹ ਐਤਕੀਂ ਕਾਂਗਰਸ ਦੀ ਬਜਾਏ ਭਾਜਪਾ ਵੱਲੋਂ ਉਮੀਦਵਾਰ ਹਨ। ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਲਗਾਤਾਰ ਤੀਜੀ ਵਾਰ ਮੈਦਾਨ 'ਚ ਹਨ। ਉਨ੍ਹਾਂ ਸਾਲ 2014 ਵਿੱਚ ਪ੍ਰਨੀਤ ਕੌਰ ਨੂੰ ਹਰਾਇਆ ਸੀ ਤੇ ਸਾਲ 2019 'ਚ ਪ੍ਰਨੀਤ ਕੌਰ ਤੋਂ ਹਾਰ ਗਏ ਸਨ। ਉਂਝ ਪ੍ਰਨੀਤ ਕੌਰ ਦੀ ਤਰ੍ਹਾਂ ਪਿੱਚ ਡਾ. ਗਾਂਧੀ ਲਈ ਵੀ ਇਸ ਵਾਰ ਬਦਲੀ ਹੋਈ ਹੈ ਕਿਉਂਕਿ ਉਹ 'ਆਪ' ਦੀ ਬਜਾਏ ਕਾਂਗਰਸ ਵੱਲੋਂ ਖੇਡ ਰਹੇ ਹਨ। ਉਧਰ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਦੀ ਵੀ ਇਹ ਤੀਜੀ ਚੋਣ ਹੈ। ਸਾਲ 2014 'ਚ ਤਾਂ ਡਾ. ਗਾਂਧੀ ਨੂੰ ਚੋਣ ਲੜਾਉਣ 'ਚ ਵੀ ਉਨ੍ਹਾਂ ਦਾ ਵਧੇਰੇ ਹੱਥ ਰਿਹਾ ਹੈ।

ਭਾਵੇਂ ਉਹ ਸਮਾਜ ਸੇਵਾ ਦੇ ਖੇਤਰ ਵਿੱਚੋਂ ਆਏ ਹਨ ਪਰ ਸਿਆਸੀ ਖੇਤਰ ਦਾ ਉਨ੍ਹਾਂ ਨੂੰ ਕਾਫੀ ਤਜਰਬਾ ਹੈ। ਸਾਲ 2022 'ਚ ਉਹ ਪਟਿਆਲਾ ਦਿਹਾਤੀ ਹਲਕੇ ਤੋਂ 50 ਹਜ਼ਾਰ ਵੋਟਾਂ ਨਾਲ ਜਿੱਤ ਕੇ ਵਿਧਾਇਕ ਤੇ ਫਿਰ ਸਿਹਤ ਮੰਤਰੀ ਬਣੇ ਹੋਏ ਹਨ। ਸਾਲ 2017 'ਚ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਪਟਿਆਲਾ ਸ਼ਹਿਰੀ ਹਲਕੇ ਤੋਂ ਚੋਣ ਲੜੀ ਸੀ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨਕੇ ਸ਼ਰਮਾ ਭਾਵੇਂ ਲੋਕ ਸਭਾ ਚੋਣ ਤਾਂ ਪਹਿਲੀ ਵਾਰ ਲੜ ਰਹੇ ਹਨ ਪਰ ਸਿਆਸੀ ਚੋਣ ਅਖਾੜੇ ਦੇ ਵੀ ਉਹ ਚੰਗੇ ਖਿਡਾਰੀ ਹਨ। ਡੇਰਾਬੱਸੀ ਤੋਂ ਤਿੰਨ ਵਾਰ ਵਿਧਾਨ ਸਭਾ ਦੀ ਚੋਣ ਲੜ ਕੇ ਦੋ ਵਾਰ ਵਿਧਾਇਕ ਵੀ ਬਣੇ ਹਨ। ਸਾਲ 2004 'ਚ ਉਨ੍ਹਾਂ ਆਪਣੇ ਸਿਆਸੀ ਗੁਰੂ ਕੈਪਟਨ ਕੰਵਲਜੀਤ ਸਿੰਘ ਦੀ ਪਟਿਆਲਾ ਲੋਕ ਸਭਾ ਹਲਕੇ ਦੀ ਹੀ ਚੋਣ ਨੂੰ ਵੀ ਬਹੁਤ ਨੇੜਿਉਂ ਵਾਚਿਆ ਸੀ। ਇਸ ਤਰ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰੋ. ਮਹਿੰਦਰਪਾਲ ਸਿੰਘ ਤਾਂ ਦੂਜੀ ਵਾਰ ਲੋਕ ਸਭਾ ਚੋਣ ਲਈ ਮੈਦਾਨ 'ਚ ਹਨ। ਸਾਲ 2014 ਵਿੱਚ ਵੀ ਇਸੇ ਹੀ ਲੋਕ ਸਭਾ ਸੀਟ ਤੋਂ ਲੜੇ ਸਨ। ਉਹ ਸਮਾਣਾ ਅਤੇ ਪਟਿਆਲਾ ਦਿਹਾਤੀ ਹਲਕਿਆਂ ਤੋਂ ਦੋ ਵਾਰ ਵਿਧਾਨ ਸਭਾ ਦੀ ਚੋਣ ਵੀ ਲੜ ਚੁੱਕੇ ਹਨ। ਬਸਪਾ ਉਮੀਦਵਾਰ ਜਗਜੀਤ ਸਿੰਘ ਛੜਬੜ ਵੀ ਚੋਣ ਲੜਾਈ ਪੱਖੋਂ ਪਿੱਛੇ ਨਹੀਂ ਹਨ। ਉਨ੍ਹਾਂ ਨੇ ਵੀ ਬਸਪਾ ਵੱਲੋਂ ਹੀ ਰਾਜਪੁਰਾ ਅਤੇ ਘਨੌਰ ਤੋਂ ਵਿਧਾਨ ਸਭਾ ਚੋਣਾ ਲੜੀਆਂ ਹਨ। ਇਸ ਤਰ੍ਹਾਂ ਇਹ ਸਾਰੇ ਛੇ ਉਮੀਦਵਾਰ ਚੋਣ ਪਿੜ ਦੇ ਚੰਗੇ ਭੇਤੀ ਹਨ।

# ਅੰਮ੍ਰਿਤਸਰ 'ਚ ਪਤੀ ਨੇ ਗਰਭਵਤੀ ਪਤਨੀ ਨੂੰ ਜ਼ਿੰਦਾ ਸਾੜਿਆ



**ਅੰਮ੍ਰਿਤਸਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਵਿੱਚ ਮਾਮੂਲੀ ਘਰੇਲੂ ਝਗੜੇ ਕਾਰਨ ਪਤੀ ਨੇ ਆਪਣੀ ਗਰਭਵਤੀ ਪਤਨੀ ਨੂੰ ਜ਼ਿੰਦਾ ਸਾੜ ਦਿੱਤਾ। ਔਰਤ ਦੇ ਪੇਟ ਵਿੱਚ ਜੁੜਵਾਂ ਬੱਚੇ ਸਨ। ਦੋਸ਼ੀ ਪਤੀ ਨੇ ਆਪਣੀ ਪਤਨੀ ਨੂੰ ਸਾੜਨ ਤੋਂ ਪਹਿਲਾਂ ਉਸ ਨੂੰ ਮੰਜੇ ਨਾਲ ਬੰਨ੍ਹ ਦਿੱਤਾ, ਤਾਂ ਜੋ ਉਹ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਵੀ ਨਾ ਕਰ ਸਕੇ।

ਮ੍ਰਿਤਕ ਔਰਤ ਦੀ ਪਛਾਣ ਪਿੰਕੀ (23) ਵਜੋਂ ਹੋਈ ਹੈ। ਜਦਕਿ ਪਤੀ ਦੀ ਪਛਾਣ ਸੁਖਦੇਵ ਸਿੰਘ ਵਜੋਂ ਹੋਈ ਹੈ। ਪੁਲਸ ਨੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਹ ਘਟਨਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਬੁਲੇ ਨੰਗਲ ਦੀ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਦੋਵਾਂ ਦਾ ਕਰੀਬ 3 ਸਾਲ ਪਹਿਲਾਂ ਵਿਆਹ ਹੋਇਆ ਸੀ। ਦੋਵੇਂ ਛੋਟੀਆਂ-ਛੋਟੀਆਂ ਗੱਲਾਂ 'ਤੇ ਆਪਸ 'ਚ ਲੜਦੇ ਰਹਿੰਦੇ ਸਨ।

ਪਿੰਡ ਦੇ ਸਰਪੰਚ ਜਗਜੀਤ ਸਿੰਘ ਨੇ ਦੱਸਿਆ ਕਿ ਉਹ ਕਿਸੇ ਕੰਮ ਲਈ ਰਈਆ ਗਿਆ ਹੋਇਆ ਸੀ। ਦੁਪਹਿਰ ਸਮੇਂ ਉਸ ਨੂੰ ਫੋਨ ਆਇਆ ਕਿ ਸੁਖਦੇਵ ਸਿੰਘ ਨੇ ਉਸ ਦੀ ਪਤਨੀ ਨੂੰ ਜ਼ਿੰਦਾ ਸਾੜ ਦਿੱਤਾ ਹੈ। ਜਿਸ ਤੋਂ ਬਾਅਦ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਸੂਚਨਾ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਸੜੀ ਹੋਈ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਅੱਗ ਨਾਲ ਘਰ ਦਾ ਸਾਰਾ ਸਮਾਨ ਵੀ ਸੜ ਗਿਆ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਬਿਆਸ ਦੇ ਐਸਐਚਓ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਸੁਖਦੇਵ ਸਿੰਘ ਮਜ਼ਦੂਰੀ ਦਾ ਕੰਮ ਕਰਦਾ ਸੀ। ਉਸ ਨੇ ਘਰੇਲੂ ਝਗੜੇ ਤੋਂ ਬਾਅਦ ਗੁੱਸੇ 'ਚ ਆ ਕੇ ਇਹ ਵਾਰਦਾਤ ਕੀਤੀ। ਲੜਾਈ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਲੜਕੀ ਦਾ ਮਾਮਾ ਪਰਿਵਾਰ ਵੀ ਪੁਲੀਸ ਦੇ ਸੰਪਰਕ ਵਿੱਚ ਹੈ। ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਅਰਨੌਂ ਦੇ ਆਬਾਦਕਾਰਾਂ ਨੂੰ ਚਕੋਤਾ ਭਰਨ ਦੇ ਨੋਟਿਸ ਜਾਰੀ ਹੋਣ ਕਾਰਨ ਰੋਸ



**ਪਾਤੜਾਂ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤ ਵਿਭਾਗ ਵੱਲੋਂ ਦਹਾਕਿਆਂ ਤੋਂ ਪਿੰਡ ਅਰਨੌਂ ਦੀ ਜ਼ਮੀਨ ਨੂੰ ਆਬਾਦ ਕਰਕੇ ਕਾਸ਼ਤ ਕਰਦੇ ਆ ਰਹੇ ਕਿਸਾਨਾਂ ਨੂੰ ਚਕੋਤਾ ਭਰਨ ਦੇ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਕਾਸ਼ਤਕਾਰਾਂ ਵਿੱਚ ਭਾਰੀ ਰੋਸ ਹੈ। ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਨੇ ਨੋਟਿਸਾਂ ਖਿਲਾਫ਼ ਧਰਨਾ ਦਿੰਦੀਆਂ ਪੰਜਾਬ ਸਰਕਾਰ ਤੇ ਪੰਚਾਇਤ ਵਿਭਾਗ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਕਿਸਾਨ ਵਿਰੋਧੀ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਜਥੇਬੰਦੀ ਅਬਾਦਾਕਾਰਾਂ ਦੇ ਹੱਕ ਤਿੱਖਾ ਸੰਘਰਸ਼ ਆਰੰਭਣ ਲਈ ਮਜਬੂਰ ਹੋਵੇਗੀ। ?ਜਥੇਬੰਦੀ ਦੇ ਸੂਬਾ ਆਗੂ ਰਣਜੀਤ ਸਿੰਘ ਸਵਾਜਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਇਕ ਪਾਸੇ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ ਦੂਜੇ ਪਾਸੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਿੰਡ ਅਰਨੌਂ ਦੀ ਜ਼ਮੀਨ ਨੂੰ ਆਬਾਦ ਕਰਕੇ ਕਾਸ਼ਤ ਕਰਦੇ ਆਬਾਦਕਾਰਾਂ ਨੂੰ ਉਸ ਸਮੇਂ ਉਜਾੜਨ ਦੇ ਮਨਸੂਬੇ ਘੜੇ ਜਾ ਰਹੇ ਹਨ, ਜਦੋਂ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਜਥੇਬੰਦੀ ਅਬਾਦਾਕਾਰਾਂ ਦੇ ਹੱਕਾਂ 'ਤੇ ਡਾਕਾ ਨਹੀਂ ਪੈਣ ਦੇਵੇਗੀ।ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਢੈਠਲ ਨੇ ਪੰਜਾਬ ਸਰਕਾਰ ਤੋਂ ਬਿਨਾ ਦੇਰੀ ਅਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦੇਣ ਮੰਗ ਕਰਦਿਆਂ ਲੋਕਾਂ ਨੂੰ ਸਰਕਾਰ ਦੇ ਲੋਕ ਮਾਰੂ ਹੱਲਿਆਂ ਦਾ ਮੁਕਾਬਲਾ ਟਾਕਰਾ ਲਈ ਕਿਸਾਨੀ ਝੰਡੇ ਹੇਠ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ। ਬਲਾਕ ਪ੍ਰਧਾਨ ਬਿਕਰਮ ਸਿੰਘ ਅਰਨੌਂ ਨੇ ਕਿਹਾ ਹੈ ਕਿ ਜਥੇਬੰਦੀ ਅਬਾਦਾਕਾਰਾਂ ਦਾ ਉਜਾੜਾ ਰੋਕਣ ਲਈ ਹਰ ਕੁਰਬਾਨੀ ਕਰਨ ਲਈ ਦ੍ਰਿੜ ਹੈ।

# ਵਿਜੈ ਸਾਂਪਲਾ ਅਜੇ ਸਿਆਸੀ ਦੁਚਿੱਤੀ 'ਚ



**ਹੁਸ਼ਿਆਰਪੁਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਵੱਲੋਂ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਟਿਕਟ ਨਾ ਮਿਲਣ ਕਾਰਨ ਵਿਜੈ ਸਾਂਪਲਾ ਦੀ ਸਿਆਸਤ ਦੀ ਕਿਸ਼ਤੀ ਮੰਝਧਾਰ ਵਿਚ ਫਸ ਗਈ ਹੈ। ਭਾਜਪਾ ਵਿਚ ਰਹਿਣ ਜਾਂ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋਣ ਸਬੰਧੀ ਉਹ ਦੁਚਿੱਤੀ ਵਿਚ ਹਨ। ਅਗਲੀ ਰਣਨੀਤੀ ਤਿਆਰ ਕਰਨ ਲਈ ਉਹ ਲਗਾਤਾਰ ਆਪਣੇ ਵਰਕਰਾਂ ਤੇ ਸਮਰਥਕਾਂ ਨਾਲ ਮੀਟਿੰਗਾਂ ਕਰ ਰਹੇ ਹਨ। ਦਿੱਲੀ ਵਿੱਚ ਭਾਜਪਾ ਦੇ ਸੀਨੀਅਰ ਆਗੂਆਂ ਨੂੰ ਮਿਲਣ ਅਤੇ ਚੰਡੀਗੜ੍ਹ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਕਰਨ ਤੋਂ ਬਾਅਦ ਸਾਂਪਲਾ ਨੇ ਅੱਜ ਪੂਰਾ ਦਿਨ ਹੁਸ਼ਿਆਰਪੁਰ ਵਿਚ ਆਪਣੇ ਗ੍ਰਹਿ ਵਿਖੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵਰਕਰਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਾਂਪਲਾ ਨੇ ਵਰਕਰਾਂ ਤੋਂ ਉਨ੍ਹਾਂ ਦੀ ਰਾਇ ਪੁੱਛੀ ਕਿ ਉਨ੍ਹਾਂ ਦਾ ਅਗਲਾ ਕਦਮ ਕਿਸ ਦਿਸ਼ਾ ਵੱਲ ਹੋਣਾ ਚਾਹੀਦਾ ਹੈ ਪਰ ਸੂਤਰਾਂ ਅਨੁਸਾਰ ਵਰਕਰ ਵੀ ਇਕਮਤ ਨਹੀਂ ਸਨ। ਸਾਂਪਲਾ ਅਜੇ ਇਹ ਤੈਅ ਨਹੀਂ ਕਰ ਪਾ ਰਹੇ ਕਿ ਭਾਜਪਾ ਤੋਂ ਅਸਤੀਫ਼ਾ ਦੇਣ ਜਾਂ ਨਾ ਅਤੇ ਨਾ ਹੀ ਇਹ ਤੈਅ ਕਰ ਪਾ ਰਹੇ ਹਨ ਕਿ ਕਿਸ ਪਾਰਟੀ ਵਿਚ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੈ। ਇਹੀ ਕਾਰਨ ਹੈ ਕਿ ਅਕਾਲੀ ਲੀਡਰਸ਼ਿਪ ਕੋਲ ਹਾਮੀ ਭਰਨ ਦੇ ਬਾਅਦ ਉਹ ਫਿਰ ਲੜਖੜਾ ਗਏ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਨਜ਼ਦੀਕੀਆਂ ਨੇ ਸ਼ੁੱਕਰਵਾਰ ਲਈ ਇਕ ਪੈਲਸ ਵੀ ਬੁੱਕ ਕਰਵਾ ਲਿਆ ਸੀ, ਜਿੱਥੇ ਸਾਂਪਲਾ ਦੀ ਨਵੀਂ ਪਾਰੀ ਦਾ ਐਲਾਨ ਹੋਣਾ ਸੀ ਪਰ ਪਰਿਵਾਰਕ ਮੈਂਬਰਾਂ ਤੇ ਸਮਰਥਕਾਂ ਦੇ ਕਹਿਣ 'ਤੇ ਕਾਹਲੀ ਵਿਚ ਕੋਈ ਫ਼ੈਸਲਾ ਨਾ ਲੈਣਾ ਮੰਨ ਲਿਆ। ਇਹ ਵੀ ਪਤਾ ਲੱਗਿਆ ਹੈ ਕਿ ਪੰਜਾਬ ਕਾਂਗਰਸ ਦੇ ਕੁਝ ਲੀਡਰਾਂ ਨਾਲ ਵੀ ਉਹ ਸੰਪਰਕ ਵਿਚ ਹਨ।

# ਲੁਧਿਆਣਾ ਤੋਂ ਉਮੀਦਵਾਰ ਲੱਭਣ ਲਈ ਦੂਰਬੀਨ ਖਰੀਦ ਲੈਣ ਬਾਜਵਾ: ਬਿੱਟੂ



**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਲਈ ਯੋਗ ਉਮੀਦਵਾਰ ਦੀ ਭਾਲ ਵਿੱਚ ਪੰਜਾਬ ਦੀ ਸੀਨੀਅਰ ਲੀਡਰਸ਼ਿਪ ਦੇ ਲੁਧਿਆਣਾ ਪੁੱਜਣ 'ਤੇ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਉਮੀਦਵਾਰ ਦੀ ਭਾਲ ਲਈ ਦੂਰਬੀਨ ਖਰੀਦਣ ਦੀ ਸਲਾਹ ਦਿੱਤੀ ਹੈ, ਕਿਉਂਕਿ ਲੁਧਿਆਣਾ ਇਕ ਵਪਾਰਕ ਸ਼ਹਿਰ ਹੈ ਅਤੇ ਸਟੀਕ ਉਪਕਰਨ ਬਣਾਉਣ ਲਈ ਮਸ਼ਹੂਰ ਹੈ।

ਬਿੱਟੂ ਨੇ ਕਿਹਾ ਕਿ ਉਹ ਵੀ ਬਾਜਵਾ ਨੂੰ ਅਜਿਹਾ ਦੂਰਬੀਨ ਦੇ ਸਕਦੇ ਹਨ। ਬਾਜਵਾ ਹਾਲ ਹੀ 'ਚ ਲੁਧਿਆਣਾ 'ਚ ਹਰ ਕਾਂਗਰਸੀ ਨੇਤਾ ਦਾ ਦਰਵਾਜ਼ਾ ਖੜਕਾ ਰਹੇ ਸਨ ਅਤੇ ਲੋਕ ਸਭਾ ਚੋਣ 'ਚ ਲਈ ਯੋਗ ਉਮੀਦਵਾਰ ਨੂੰ ਅੰਤਿਮ ਛੋਹਾਂ ਦੇਣ ਦੀ ਕੋਸ਼ਿਸ਼ ਕਰ ਰਹੇ ਸਨ।

ਭਾਜਪਾ ਦੇ ਲੋਕ ਸਭਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਔਰਤਾਂ ਕਿਸੇ ਵੀ ਸਿਆਸੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ ਕਿਉਂਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਨੂੰ ਆਪਣੇ ਘਰ ਤੋਂ ਸ਼ੁਰੂ ਕਰਕੇ ਹਰ ਘਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ। ਰਵਨੀਤ ਬਿੱਟੂ ਅੱਜ ਦੁੱਗਰੀ ਰੋਡ ਸਥਿਤ ਭਾਜਪਾ ਦਫ਼ਤਰ ਵਿੱਚ ਆਪਣੀ ਪਤਨੀ ਅਨੁਪਮਾ ਬਿੱਟੂ ਨਾਲ ਭਾਜਪਾ ਮਹਿਲਾ ਮੋਰਚਾ ਦੀ ਪਲੇਠੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਭਾਜਪਾ ਮਹਿਲਾ ਮੋਰਚਾ ਭਾਜਪਾ ਸੰਕਲਪ ਪੱਤਰ ਨੂੰ ਘਰ-ਘਰ ਪਹੁੰਚਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਔਰਤਾਂ ਨੂੰ ਪਾਰਟੀ ਵਿੱਚ ਪੂਰੀ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ ਅਤੇ ਪੰਜਾਬ ਵਿੱਚ ਵੀ ਭਾਜਪਾ ਨੇ ਤਿੰਨ ਮਹਿਲਾ ਉਮੀਦਵਾਰ ਮੈਦਾਨ ਵਿੱਚ ਉਤਾਰ ਕੇ ਔਰਤਾਂ ਨੂੰ ਨੁਮਾਇੰਦਗੀ ਦਿੱਤੀ ਹੈ। ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਭਾਜਪਾ ਨੇ ਪਿਛਲੇ 10 ਸਾਲਾਂ 'ਚ ਔਰਤਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਮਹਿਲਾ ਮੋਰਚਾ ਲੁਧਿਆਣਾ ਵਿੱਚ ਬਹੁਤ ਮਜ਼ਬੂਤ ??

ਜਥੇਬੰਦੀ ਹੈ। ਇਸ ਤੋਂ ਪਹਿਲਾਂ ਮੀਟਿੰਗ ਵਿੱਚ ਬਿੱਟੂ ਤੇ ਉਨ੍ਹਾਂ ਦੀ ਪਤਨੀ ਦਾ ਸਵਾਗਤ ਕਰਦਿਆਂ ਮਹਿਲਾ ਮੋਰਚਾ ਦੀ ਪ੍ਰਧਾਨ ਸ਼ੀਨੂੰ ਚੁੱਘ ਨੇ ਕਿਹਾ ਕਿ ਅੱਜ ਦੀ ਇਸ ਮੀਟਿੰਗ ਵਿੱਚ ਸਾਰੇ ਮੰਡਲ ਪ੍ਰਧਾਨ ਨੇ ਲੀਡਰਸ਼ਿਪ ਨੂੰ ਭਰੋਸਾ ਦਿੱਤਾ ਹੈ ਕਿ ਉਹ ਭਾਜਪਾ ਉਮੀਦਵਾਰ ਨੂੰ ਜਿਤਾ ਕੇ ਨਰਿੰਦਰ ਮੋਦੀ ਦੀ ਅਗਵਾਈ ਹੇਠ ਮੁੜ ਸਰਕਾਰ ਦਾ ਗਠਨ ਕਰਨਗੇ।

# ਜਖੇਪਲ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਸੌ ਫੀਸਦੀ ਰਿਹਾ



**ਸੁਨਾਮ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਖੇਪਲ ਦੇ ਸਾਰੇ ਹੀ ਵਿਦਿਆਰਥੀਆਂ ਨੇ ਸਫਲਤਾ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ।
ਸਕੂਲ ਪ੍ਰਿੰਸੀਪਲ ਮਮਤਾ ਗੱਖੜ ਅਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਦੱਸਿਆ ਕਿ ਮਾਰਚ-2024 ਵਿੱਚ ਦਸਵੀਂ ਜਮਾਤ ਦੀ ਪ੍ਰੀਖਿਆ ਲਈ 48 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਵਿੱਚ ਸਾਰੇ ਹੀ ਪਾਸ ਹੋਣ ਵਾਲੇ ਵਿਦਿਆਰਥੀਆਂ ਦੇ 60% ਤੋਂ ਘੱਟ ਕਿਸੇ ਵੀ ਵਿਦਿਆਰਥੀ ਦੇ ਅੰਕ ਨਹੀਂ ਹਨ ਉਥੇ ਹੀ 8 ਵਿਦਿਆਰਥੀਆਂ ਨੇ 90% ਤੋਂ ਉਪਰ ਅਤੇ 6 ਵਿਦਿਆਰਥੀਆਂ ਨੇ 85% ਤੋਂ 90% ਤੱਕ ਅੰਕ ਹਾਸਲ ਕੀਤੇ ਹਨ ਜਿਸ ਵਿੱਚ ਸਕੂਲ ਪੱਧਰ ਤੇ ਪਹਿਲੇ ਨੰਬਰ ਤੇ ਆਉਣ ਵਾਲੀ ਵਿਦਿਆਰਥਣ ਜਾਨਵੀ ਗਰਗ ਦਾ ਨਾਂਅ ਸ਼ਾਮਲ ਹੈ ਜਦਕਿ ਵਿਦਿਆਰਥਣ ਗੁਰਮਨਜੋਤ ਕੌਰ, ਹਰਮਨਜੋਤ ਕੌਰ, ਜਸ਼ਨਪ੍ਰੀਤ ਕੌਰ, ਪ੍ਰਭਜੋਤ ਕੌਰ, ਖੁਸ਼ਪ੍ਰੀਤ ਕੌਰ, ਇਸ਼ਮੀਤ ਟਿਵਾਣਾ, ਜੈਸਿਕਾ ਕੌਰ, ਰਵਿੰਦਰ ਕੌਰ ਨਹਿਲ, ਖੁਸ਼ਪ੍ਰੀਤ ਸਿੰਘ, ਸਹਿਜਪ੍ਰੀਤ ਸਿੰਘ, ਹਰਪ੍ਰੀਤ ਸਿੰਘ ਅਤੇ ਭਵਿਸ਼ਯ ਅਰੋੜਾ ਦੇ ਨਾਂਅ ਵੀ ਸ਼ਾਮਲ ਹਨ।
ਇਸ ਮੌਕੇ ਪ੍ਰਿੰਸੀਪਲ ਮਮਤਾ ਗੱਖੜ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਹਨਾਂ ਵੱਲੋਂ ਕੀਤੀ ਗਈ ਮਿਹਨਤ ਅਤੇ ਪ੍ਰਾਪਤੀ ਲਈ ਵਧਾਈ ਦਿੱਤੀ।

# ਤੇਜ਼ ਮੀਂਹ ਅਤੇ ਗੜੇਮਾਰੀ ਕਾਰਨ ਫ਼ਸਲਾਂ ਦਾ ਨੁਕਸਾਨ



**ਜਲੰਧਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਭਰ ਵਿੱਚ ਪਏ ਤੇਜ਼ ਮੀਂਹ ਅਤੇ ਗੜੇਮਾਰੀ ਕਾਰਨ ਕਣਕ ਅਤੇ ਹੋਰ ਫ਼ਸਲਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਨਕੋਦਰ ਤਹਿਸੀਲ ਅਧੀਨ ਪੈਂਦੇ ਰਹੀਮਪੁਰ, ਉੱਗੀ, ਖੀਵਾ, ਮੱਲੀਆਂ, ਜਲੋਵਾਲ ਸਮੇਤ ਕਈ ਪਿੰਡਾਂ ਭਾਰੀ ਮੀਂਹ ਦੇ ਨਾਲ ਨਾਲ ਗੜੇਮਾਰੀ ਹੋਈ ਹੈ ਜਿਸ ਕਾਰਨ ਕਿਸਾਨਾਂ ਦੀ ਤਿਆਰ ਫ਼ਸਲ ਕਣਕ ਅਤੇ ਖਰਬੂਜ਼ਿਆਂ ਤੇ ਤਰਬੂਜ਼ਾਂ ਦੀਆਂ ਬੇਲਾਂ ਖਤਮ ਹੋ ਗਈਆਂ। ਖੇਤਾਂ ਵਿੱਚ ਕਣਕ ਦੀ ਫ਼ਸਲ ਲੰਮੀਆਂ ਪੈ ਜਾਣ ਕਾਰਨ ਕਟਾਈ ਵਿੱਚ ਹੁਣ ਦੇਰੀ ਹੋਣ ਦਾ ਡਰ ਹੈ। ਜਗਨਪੁਰ ਦੇ ਕਿਸਾਨ ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ 20 ਅਪਰੈਲ ਨੂੰ ਕੰਬਾਈਨ ਵਾਲੇ ਨੇ ਕਣਕ ਦੀ ਕਟਾਈ ਦਾ ਟਾਈਮ ਦਿੱਤਾ ਸੀ ਪਰ ਅੱਜ ਪਏ ਮੀਂਹ ਕਾਰਨ ਹੁਣ ਦੋ ਤਿੰਨ ਦਿਨ ਬਾਅਦ ਫ਼ਸਲ ਦੀ ਕਟਾਈ ਹੋਵੇਗੀ। ਇਸੇ ਤਰ੍ਹਾਂ ਨਕੋਦਰ ਇਲਾਕੇ ਦੇ ਵਿਸ਼ਵਾ ਅਤੇ ਈਸ਼ਵਰ ਨਾਮੀਂ ਕਿਸਾਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਸਾਲ ਖਰਬੂਜ਼ਿਆਂ ਅਤੇ ਤਰਬੂਜ਼ ਦੀ ਫਸਲ ਦੀ ਬਿਜਾਈ ਕੀਤੀ ਸੀ ਪਰ ਅੱਜ ਖਰਾਬ ਹੋਏ ਮੌਸਮ ਨੇ ਸਭ ਕੁੱਝ ਤਬਾਹ ਕਰ ਦਿੱਤਾ। ਉਸ ਨੇ ਦੱਸਿਆ ਕਿ ਮੀਂਹ ਦੇ ਨਾਲ ਹੋਈ ਗੜੇਮਾਰੀ ਕਾਰਨ ਜ਼ਿਆਦਾ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਉਨ੍ਹਾਂ ਦਾ ਆਰਥਿਕ ਨੁਕਸਾਨ ਵੀ ਹੋਇਆ ਹੈ।

ਇਸੇ ਦੌਰਾਨ ਮੰਡੀਆਂ ਵਿੱਚ ਪਈ ਕਣਕ ਦੀ ਫ਼ਸਲ ਵੀ ਮੀਂਹ ਕਾਰਨ ਭਿੱਜ ਗਈ ਤੇ ਕਈ ਮੰਡੀਆਂ ਵਿਚ ਪਾਣੀ ਦੀ ਨਿਕਾਸ ਨਾ ਹੋਣ ਕਾਰਨ ਵੀ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮੰਡੀਆਂ ਵਿੱਚ ਪਾਣੀ ਦੇ ਨਿਕਾਸ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਤੇ ਖਰਾਬ ਹੋਏ ਮੌਸਮ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

ਇੱਥੇ ਅੱਜ ਦੁਪਹਿਰ ਵੇਲੇ ਜ਼ਿਲ੍ਹੇ ਦੇ ਵੱਖ-ਵੱਖ ਭਾਗਾਂ ਅੰਦਰ ਅੱਧਾ ਕੁ ਘੰਟਾ ਹੋਈ ਭਾਰੀ ਮੀਂਹ ਕਾਰਨ ਕਣਕ ਦੀਆਂ ਖੜ੍ਹੀਆਂ ਫ਼ਸਲਾਂ ਦੇ ਨੁਕਸਾਨ ਦੀਆਂ ਖ਼ਬਰਾਂ ਮਿਲੀਆਂ ਹਨ। ਅੱਜ ਦੇ ਮੌਸਮ ਨੇ ਕਿਸਾਨ ਦੇ ਮਨਾਂ ਅੰਦਰ ਡਰ ਪੈਦਾ ਕਰ ਕੇ ਰੱਖ ਦਿੱਤਾ ਹੈ। ਮੀਂਹ ਤੋਂ ਇਲਾਵਾ ਝਬਾਲ ਇਲਾਕੇ ਦੇ ਲਾਲੂਘੁੰਮਣ, ਭਿੱਖੀਵਿੰਡ ਇਲਾਕੇ ਦੇ ਪਿੰਡ ਭਗਵਾਨਪੁਰ ਆਦਿ ਵਿੱਚ ਗੜੇਮਾਰੀ ਵੀ ਹੋਈ ਹੈ। ਇਸ ਮੀਂਹ ਨਾਲ ਤਰਨ ਤਾਰਨ, ਨੌਸ਼ਹਿਰਾ ਪੰਨੂੰਆਂ, ਖਡੂਰ ਸਾਹਿਬ, ਪੱਟੀ, ਹਰੀਕੇ, ਝਬਾਲ ਆਦਿ ਦੀਆਂ ਦਾਣਾ ਮੰਡੀਆਂ ਵਿੱਚ ਆਈ ਕਣਕ ਗਿੱਲੀ ਹੋ ਜਾਣ ਕਰਕੇ ਫਸਲ ਦਾ ਨੁਕਸਾਨ ਹੋਇਆ ਹੈ।

ਲਾਲੂਘੁੰਮਣ ਦੇ ਕਿਸਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਭਾਰੀ ਮੀਂਹ ਤੋਂ ਇਲਾਵਾ ਗੜੇਮਾਰੀ ਵੀ ਹੋਈ ਹੈ। ਕਿਸਾਨ ਸੁਖਵਿੰਦਰ ਸਿੰਘ ਵਾਸੀ ਰੱਤੋਕੇ ਨੇ ਦੱਸਿਆ ਕਿ ਗੜੇਮਾਰੀ ਕਾਰਨ ਪੱਕੀ ਕਣਕਾਂ ਦੇ ਸਿੱਟੇ ਡਿੱਗ ਜਾਣ ਕਰਕੇ ਝਾੜ 'ਤੇ ਮਾੜਾ ਅਸਰ ਪਵੇਗਾ।ਅੱਜ ਦੁਪਹਿਰ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਈ ਥਾਵਾਂ 'ਤੇ ਤੇਜ਼ ਹਵਾਵਾਂ ਦੇ ਨਾਲ ਮੀਂਹ ਪਿਆ ਅਤੇ ਗੜੇਮਾਰੀ ਵੀ ਹੋਈ ਹੈ। ਸ਼ਹਿਰ ਵਿੱਚ ਵੀ ਕੁਝ ਮਿੰਟਾਂ ਲਈ ਗੜੇਮਾਰੀ ਹੋਈ। ਵੇਰਵਿਆਂ ਮੁਤਾਬਕ ਅਟਾਰੀ, ਅਜਨਾਲਾ ਆਦਿ ਹਲਕਿਆਂ ਵਿੱਚ ਕਈ ਥਾਵਾਂ 'ਤੇ ਗੜੇਮਾਰੀ ਹੋਈ ਹੈ। ਕਿਸਾਨ ਆਗੂਆਂ ਦੇ ਮੁਤਾਬਕ ਤੇਜ਼ ਹਵਾਵਾਂ, ਮੀਂਹ ਅਤੇ ਗੜੇਮਾਰੀ ਨੇ ਪੱਕੀ ਹੋਈ ਫ਼ਸਲ ਨੂੰ ਨੁਕਸਾਨ ਪਹੁੰਚਾਇਆ ਹੈ।

ਇਲਾਕੇ ਵਿੱਚ ਅੱਜ ਪਏ ਭਾਰੀ ਮੀਂਹ ਤੇ ਚੱਲੀ ਤੇਜ਼ ਹਨੇਰੀ ਕਾਰਨ ਕਣਕ ਦੀ ਵਾਢੀ ਰੁਕ ਗਈ। ਮੌਸਮ ਵਿੱਚ ਆਏ ਵਿਗਾੜ ਨੇ ਕੁਝ ਪਿੰਡਾਂ 'ਚ ਤਾਂ ਕਣਕ ਤੇ ਮੱਕੀ ਦੀ ਫਸਲ ਨੂੰ ਧਰਤੀ 'ਤੇ ਹੀ ਵਿਛਾ ਦਿੱਤਾ। ਮੌਸਮ ਦੇ ਵਿਗੜੇ ਮਿਜ਼ਾਜ ਨੇ ਕਿਸਾਨਾਂ ਨੂੰ ਭਾਰੀ ਫਿਕਰਾਂ ਵਿੱਚ ਪਾ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਪਈ ਗਰਮੀ ਨਾਲ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਗਈ ਸੀ। ਕਣਕ ਨੂੰ ਜਲਦ ਸਾਂਭਣ ਦੀ ਤਾਂਘ ਵਿੱਚ ਕਣਕ ਦੀ ਵਾਢੀ ਦਾ ਕੰਮ ਅਜੇ ਚੱਲਿਆ ਹੀ ਸੀ ਕਿ ਅੱਜ ਪਏ ਮੀਂਹ ਤੇ ਚੱਲੀ ਹਨੇਰੀ ਨੇ ਕੰਮ ਨੂੰ ਰੋਕ ਦਿੱਤਾ। ਇਸ ਸਮੇਂ ਇਲਾਕੇ ਵਿੱਚ ਕਿਸਾਨਾਂ ਵੱਲੋਂ ਵੱਡੀ ਪੱਧਰ 'ਤੇ ਮੱਕੀ ਦੀ ਬਿਜਾਈ ਕੀਤੀ ਗਈ ਹੈ। ਮੱਕੀ ਕਾਸ਼ਤਕਾਰਾਂ ਦਾ ਕਹਿਣਾ ਹੈ ਕਿ ਇਸ ਵਾਰ ਮੱਕੀ ਦੀ ਭਰਪੂਰ ਫਸਲ ਹੋਣ ਦੀ ਉਮੀਦ ਹੈ, ਪਰ ਜੇ ਇਸੇ ਪ੍ਰਕਾਰ ਮੌਸਮ ਵਿੱਚ ਖਰਾਬੀ ਆਉਂਦੀ ਰਹੀ ਤਾਂ ਉਨ੍ਹਾਂ ਦੀਆਂ ਇੱਛਾਵਾਂ ਮਿੱਟੀ ਵਿਚ ਰੁਲ ਸਕਦੀਆਂ ਹਨ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੀ ਆਰਥਿਕਤਾ ਨੂੰ ਬਚਾਉਣ ਲਈ ਉਨ੍ਹਾਂ ਦੀ ਆਰਥਿਕ ਮਦਦ ਕਰਨ।ਤੇਜ਼ ਤੂਫ਼ਾਨ ਕਾਰਨ ਡੱਲਾ ਮੋੜ ਨੇੜੇ ਈ-ਰਿਕਸ਼ਾ ਦਾ ਸੰਤੁਲਨ ਵਿਗੜਨ ਕਾਰਨ ਇਹ ਪਲਟ ਗਿਆ ਜਿਸ ਕਾਰਨ ਇਸ ਵਿੱਚ ਸਵਾਰ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਇਸ ਮੌਕੇ ਮੌਜੂਦ ਲੋਕਾਂ ਨੇ ਜ਼ਖ਼ਮੀ ਸਵਾਰੀਆਂ ਨੂੰ ਰਿਕਸ਼ੇ ਤੋਂ ਬਾਹਰ ਕੱਢਿਆ। ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਸਵਾਰੀਆਂ ਨੂੰ ਗੰਭੀਰ ਸੱਟਾਂ ਨਹੀਂ ਲੱਗਿਆ। ਦੂਜੇ ਪਾਸੇ ਕਣਕ ਦੀ ਫ਼ਸਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ।

# ਹੋਸਟਲ ਸਬੰਧੀ ਮੁਸ਼ਕਲਾਂ: ਪੀਐੱਸਯੂ ਵੱਲੋਂ ਵੀਸੀ ਦੀ ਰਿਹਾਇਸ਼ ਬਾਹਰ ਧਰਨਾ



**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੂਡੈਂਟ ਯੂਨੀਅਨ ਦੀ ਪੰਜਾਬੀ ਯੂਨੀਵਰਸਿਟੀ ਵਿਚਲੇ ਇੰਜਨੀਅਰ ਕਾਲਜ ਦੀ ਇਕਾਈ ਵੱਲੋਂ ਹੋਸਟਲਾਂ ਨਾਲ ਸਬੰਧਤ ਮੁਸ਼ਕਲਾਂ ਅਤੇ ਮੰਗਾਂ ਨੂੰ ਲੈ ਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਦੇ ਘਰ ਦੇ ਬਾਹਰ ਧਰਨਾ ਦਿੱਤਾ ਗਿਆ।

ਇਸ ਦੌਰਾਨ ਵਿਦਿਆਰਥੀਆਂ ਨੇ ਹੋਸਟਲਾਂ ਵਿੱਚ ਵਾਪਰਦੀਆਂ ਚੋਰੀ ਦੀਆਂ ਘਟਨਾਵਾਂ ਅਤੇ ਕੈਂਪਸ 'ਚ ਨਸ਼ਿਆਂ ਦਾ ਰੁਝਾਨ ਵਧਣ ਵਰਗੇ ਮੁੱਦੇ ਉਠਾਏ ਗਏ। ਉਨ੍ਹਾਂ ਨੇ ਹੋਸਟਲਾਂ 'ਚ ਸੀਸੀਟੀਵੀ ਕੈਮਰਿਆਂ ਦਾ ਕੋਈ ਪ੍ਰਬੰਧ ਨਾ ਹੋਣ 'ਤੇ ਵੀ ਸ਼ਿਕਵਾ ਜ਼ਾਹਰ ਕੀਤਾ।

ਇਸ ਮੌਕੇ ਜੁੜੀ ਵਿਦਿਆਰਥੀਆਂ ਦੀ ਇਕੱਤਰਤਾ ਨੂੰ ਵਿਦਿਆਰਥੀ ਆਗੂ ਗੁਰਦਾਸ, ਪਵਨ, ਜਗਸੀਰ, ਵਕਸ਼ਿਤ ਤੇ ਵਰੁਣ ਨੇ ਕਿਹਾ ਕਿ ਯੂਨੀਅਨ ਵੱਲੋਂ ਨਸ਼ੇ 'ਤੇ ਰੋਕ ਲਗਾਉਣ ਲਈ ਅਥਾਰਟੀ ਨੂੰ ਕਈ ਵਾਰ ਕਿਹਾ ਜਾ ਚੁੱਕਿਆ ਹੈ, ਪਰ ਯੂਨੀਵਰਸਿਟੀ ਅਥਾਰਟੀ ਦੁਬਾਰਾ ਕੋਈ ਕਦਮ ਨਹੀਂ ਚੁੱਕਿਆ ਗਿਆ। ਯੂਨੀਵਰਸਿਟੀ ਦੀ ਚਾਰਦੀਵਾਰੀ ਵੀ ਢਹਿ-ਢੇਰੀ ਹੁੰਦੀ ਜਾ ਰਹੀ ਹੈ। ਇਸ ਕਰਕੇ ਬਾਹਰੋਂ ਵਿਅਕਤੀ ਆਸਾਨੀ ਨਾਲ ਅੰਦਰ ਦਾਖਲ ਹੋ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਯੂਨੀਵਰਸਿਟੀ ਵਿੱਚ ਲੜਕੀਆਂ ਦੀ ਗਿਣਤੀ 65 ਫ਼ੀਸਦੀ ਤੋਂ ਵੀ ਉੱਪਰ ਹੈ, ਪਰ ਹੋਸਟਲ ਨਾ ਮਿਲਣ ਕਾਰਨ ਵੱਡੀ ਗਿਣਤੀ ਲੜਕੀਆਂ ਨੂੰ ਜਾਂ ਤਾਂ ਦਾਖਲੇ ਛੱਡਣੇ ਪੈਂਦੇ ਹਨ ਜਾਂ ਫੇਰ ਉਨ੍ਹਾਂ ਨੂੰ ਮਜਬੂਰਨ ਬਾਹਰ ਕਿਰਾਏ ਦੇ ਮਕਾਨਾਂ 'ਚ ਰਹਿਣ ਪੈਂਦਾ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਦੁਆਰਾ, ਮਾਤਾ ਤ੍ਰਿਪਤਾ ਹੋਸਟਲ ਬਣਾਉਣ ਦੀ ਪ੍ਰਵਾਨਗੀ ਮਿਲ ਚੁੱਕੀ ਹੈ ਜਿਸ ਕਰਕੇ ਇਸ ਦੀ ਉਸਾਰੀ ਜਲਦ ਸ਼ੁਰੂ ਕੀਤੀ ਜਾਵੇ। ਹੋਸਟਲ ਵਿੱਚ ਪੀਣ ਵਾਲੇ ਸਾਫ਼ ਪਾਣੀ ਅਤੇ ਸੀਵਰੇਜ ਸਿਸਟਮ ਦੀ ਬਲੋਕੇਜ਼ ਦੀ ਸਮੱਸਿਆ ਦੇ ਸਮਾਧਾਨ 'ਤੇ ਵੀ ਜੋਰ ਦਿੱਤਾ ਗਿਆ।ਇਸ ਦੌਰਾਨ ਵਾਈਸ ਚਾਂਸਲਰ ਨੇ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਇਨ੍ਹਾਂ ਸਮੱਸਿਆਵਾਂ ਨੂੰ ਇੱਕ ਹਫ਼ਤੇ ਵਿੱਚ ਹੱਲ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਨੇ ਜਲਦੀ ਹੀ ਕੈਮਰੇ ਲਗਾਉਣ ਦੀ ਗੱਲ ਵੀ ਆਖੀ। ਇਸ 'ਤੇ ਪੀ.ਐੱਸ.ਯੂ ਵੱਲੋਂ ਧਰਨਾ ਚੁੱਕ ਦਿਤਾ ਗਿਆ। ਨਾਲ ਹੀ ਚਿਤਾਵਨੀ ਵੀ ਦਿਤੀ ਗਈ ਕਿ ਜੇਕਰ ਤਹਿ ਸਮੇਂ ਤੱਕ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਵੀ.ਸੀ ਦਫ਼ਤਰ ਦਾ ਘਿਰਾਓ ਵੀ ਕਰਨਗੇ।

# ਸਕੂਲ ਫਾਰ ਬਲਾਇੰਡ ਮਾਲੇਰਕੋਟਲਾ ਦੇ ਹੋਣਹਾਰ ਵਿਦਿਆਰਥੀਆਂ ਨੂੰ ਟੀ ਸ਼ਰਟਾਂ ਵੰਡੀਆਂ



**ਮਲੇਰਕੋਟਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਫਾਰ ਬਲਾਇੰਡ ਮਲੇਰਕੋਟਲਾ ਵਿੱਚ ਅੱਜ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਟੀ ਸ਼ਰਟਾਂ ਵੰਡੀਆਂ ਗਈਆਂ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਕੂਲ ਫਾਰ ਬਲਾਇੰਡ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸ੍ਰੀ ਉਸਮਾਨ ਸਿੱਦੀਕੀ ਅਤੇ ਐਕਟਿਵ ਮੈਂਬਰ ਰਾਸ਼ਿਦ ਸ਼ੇਖ ਨੇ ਦੱਸਿਆ ਕਿ ਬੀਤੇ ਤਿੰਨ ਸਾਲਾਂ ਦੌਰਾਨ ਸਕੂਲ ਵਿੱਚ ਹਰ ਪੱਖ ਤੋਂ ਬਹੁਤ ਸੁਧਾਰ ਹੋਇਆ ਹੈ ਇਥੋਂ ਦੇ ਵਿਦਿਆਰਥੀਆਂ ਦਾ ਵਿਦਿਅਕ ਮਿਆਰ ਬਹੁਤ ਬੁਲੰਦ ਹੋਇਆ ਹੈ। ਹਰ ਸਾਲ ਸਕੂਲ ਫਾਰ ਬਲਾਇੰਡ ਦੇ ਵਿਦਿਆਰਥੀ ਬਹੁਤ ਹੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋ ਰਹੇ ਹਨ। ਵਿਦਿਅਕ ਖੇਤਰ ਤੋਂ ਇਲਾਵਾ ਸੱਭਿਆਚਾਰਕ, ਸੰਗੀਤ ਅਤੇ ਹੋਰ ਸਹਾਇਕ ਗਤੀਵਿਧੀਆਂ ਵਿੱਚ ਇਹਨਾਂ ਵਿਦਿਆਰਥੀਆਂ ਨੇ ਸਟੇਟ ਪੱਧਰ ਤੇ ਇਸ ਸਕੂਲ ਦਾ ਨਾਮ ਚਮਕਾਇਆ ਹੈ। ਸ੍ਰੀ ਸਿੱਦੀਕੀ ਨੇ ਦੱਸਿਆ ਕਿ ਇਸ ਸਕੂਲ ਦੇ ਵਿਦਿਆਰਥੀ ਪਿਛਲੇ ਸਾਲਾਂ ਦੌਰਾਨ ਸਰਕਾਰੀ ਨੌਕਰੀਆਂ ਪ੍ਰਾਪਤ ਕਰਕੇ ਵੱਖ ਵੱਖ ਵਿਭਾਗਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਜਿਸ ਨਾਲ ਇਹਨਾਂ ਵਿਦਿਆਰਥੀਆਂ ਦਾ ਆਪਣਾ ਜੀਵਨ ਵੀ ਸੁਖਾਲਾ ਹੋਇਆ ਹੈ। ਉਹਨਾਂ ਵਿਸ਼ਵਾਸ ਦਿਲਾਇਆ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਸਕੂਲ ਦੀ ਬੇਹਤਰੀ ਦੇ ਲਈ ਸਕੂਲ ਦੀ ਪ੍ਰਬੰਧਕੀ ਕਮੇਟੀ ਬੀਤੇ ਸਾਲਾਂ ਦੀ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਹਮੇਸ਼ਾ ਯਤਨਸ਼ੀਲ ਰਹੇਗੀ। ਉਹਨਾਂ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਹੋ ਰਿਹਾ ਵਾਧਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਕੂਲ ਯੋਗ ਅਗਵਾਈ ਵਿੱਚ ਸਹੀ ਦਿਸ਼ਾ ਵੱਲ ਜਾ ਰਿਹਾ ਹੈ ਅਤੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਵੱਲ ਵੱਧ ਰਿਹਾ ਹੈ।

ਇਸ ਮੌਕੇ ਤੇ ਰੋਟਰੀ ਕਲੱਬ ਮਾਲੇਰਕੋਟਲਾ ਦੇ ਪ੍ਰਧਾਨ ਸ੍ਰੀ ਅਬਦੁਲ ਗੱਫਾਰ, ਪ੍ਰਬੰਧਕੀ ਕਮੇਟੀ ਦੇ ਮੈਂਬਰ ਸ੍ਰੀ ਨਿਸਾਰ ਅਹਿਮਦ ਥਿੰਦ, ਸ੍ਰੀ ਮੁਹੰਮਦ ਜਮੀਲ, ਸ੍ਰੀ ਜਗਤ ਸਿੰਘ ਠਾਕੁਰ, ਪ੍ਰਿੰਸੀਪਲ ਸ੍ਰੀ ਸੁਨੀਲ ਕੁਮਾਰ, ਮੁਹੰਮਦ ਨਸੀਮ ਕੌਂਸਲਰ ਅਤੇ ਰੋਟੇਰੀਅਨ ਸ੍ਰੀ ਤਾਹਿਰ ਰਾਣਾ ਵੀ ਹਾਜ਼ਰ ਸਨ।

# ਦਿੱਲੀ ਤੋਂ ਚੱਲਣ ਵਾਲੀਆਂ ਸਰਕਾਰਾਂ ਦੀ ਜਿੱਤ ਨਹੀਂ ਹੋਵੇਗੀ: ਹਰਸਿਮਰਤ



**ਅੰਮ੍ਰਿਤਸਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਕਿ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਚੱਲਣ ਵਾਲੀਆਂ ਸਰਕਾਰਾਂ ਦੀ ਜਿੱਤ ਨਹੀਂ ਹੋਵੇਗੀ ਸਗੋਂ ਪੰਜਾਬੀਆਂ ਦੀ ਆਪਣੀ ਅਤੇ ਸੂਬਾਈ ਪਾਰਟੀ ਸ਼?ਮਣੀ ਅਕਾਲੀ ਦਲ ਦੀ ਜਿੱਤ ਹੋਵੇਗੀ। ਉਨ੍ਹਾਂ ਇੱਥੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਤੇ ਪਾਰਟੀ ਦੀ ਸਫ਼ਲਤਾ ਲਈ ਅਰਦਾਸ ਕੀਤੀ। ਮੱਥਾ ਟੇਕਣ ਤੋਂ ਬਾਅਦ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਸ੍ਰੀਮਤੀ ਬਾਦਲ ਨੇ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਹੁਣ ਤੱਕ ਸਾਰੀਆਂ ਸਿਆਸੀ ਪਾਰਟੀਆਂ ਨੂੰ ਦੇਖ ਅਤੇ ਅਜ਼ਮਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਆਪਣੀ ਪਾਰਟੀ ਹੈ ਜਿਸ ਨੇ ਹਮੇਸ਼ਾ ਹੀ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਗੱਲ ਕੀਤੀ ਹੈ।

ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਆਪਣੀ ਸੂਬਾਈ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਜਿਤਾਉਣਗੇ।

# ਲੁੱਟ-ਖੋਹ ਕਰਨ ਦੇ ਦੋਸ਼ ਹੇਠ ਦੋ ਗ੍ਰਿਫ਼ਤਾਰ



**ਅੰਮ੍ਰਿਤਸਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਪਿਸਤੌਲ ਦਿਖਾ ਕੇ ਲੋਕਾਂ ਕੋਲੋਂ ਲੁੱਟਾਂ ਖੋਹਾਂ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਕੋਲੋਂ ਚਾਰ ਪਿਸਤੌਲ ਅਤੇ ਇੱਕ ਏਅਰ ਪਿਸਤੌਲ ਬਰਾਮਦ ਕੀਤੀ ਗਈ ਹੈ।

ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਦੀ ਸ਼ਨਾਖਤ ਕਨਿਸ਼ ਕੁੰਦਰਾ ਉਰਫ ਪਹਿਲਵਾਨ ਅਤੇ ਗੁਰਪ੍ਰੀਤ ਸਿੰਘ ਉਰਫ ਨਿਹਾਲਾ ਵਜੋਂ ਹੋਈ ਹੈ।

ਇਨ੍ਹਾਂ ਵਿੱਚੋਂ ਪਹਿਲਵਾਨ ਦੀ ਉਮਰ ਸਿਰਫ 18 ਸਾਲ ਹੈ ਜਿਸਨੇ ਅੱਠਵੀਂ ਪਾਸ ਕੀਤੀ ਹੋਈ ਹੈ ਤੇ ਇਸ ਵੇਲੇ ਇੱਕ ਜਿਮ ਟਰੇਨਰ ਵਜੋਂ ਕੰਮ ਕਰਦਾ ਹੈ।

ਦੂਜਾ ਗੁਰਪ੍ਰੀਤ ਸਿੰਘ ਉਰਫ ਨਿਹਾਲਾ 28 ਸਾਲਾਂ ਦਾ ਹੈ ਅਤੇ ਦਸਵੀਂ ਪਾਸ ਹੈ, ਉਹ ਦੁਬਈ ਤੋਂ ਵਾਪਸ ਆਇਆ ਅਤੇ ਘਰੇਲੂ ਕੰਮ ਕਰਦਾ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ ਪੁਆਇੰਟ 32 ਬੋਰ ਦੇ ਚਾਰ ਪਿਸਤੌਲ, ਚਾਰ ਗੋਲੀਆਂ ਅਤੇ ਇੱਕ ਏਅਰ ਪਿਸਤੌਲ ਅਤੇ ਜਾਅਲੀ ਨੰਬਰ ਲੱਗਿਆ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ। ਮੁਲਜ਼ਮਾਂ ਖਿਲਾਫ਼ ਥਾਣਾ ਸਿਵਲ ਲਾਈਨ ਵਿੱਚ ਅਸਲਾ ਐਕਟ ਅਤੇ ਆਈਪੀਸੀ ਦੀ ਧਾਰਾ 467 468, 471 ਅਤੇ 473 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸ ਬਾਰੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਕਨਿਸ਼ ਕੁੰਦਰਾ ਨੂੰ ਸਥਾਨਕ ਕੰਪਨੀ ਬਾਗ ਨੇੜੇ ਇਲਾਕੇ ਵਿੱਚੋਂ ਚੋਰੀ ਦੇ ਮੋਟਰਸਾਈਕਲ ਜਿਸ ਉੱਪਰ ਜਾਅਲੀ ਨੰਬਰ ਪਲੇਟ ਲੱਗੀ ਹੋਈ ਸੀ,

ਸਮੇਤ ਕਾਬੂ ਕੀਤਾ ਗਿਆ ਸੀ। ਉਸ ਕੋਲੋਂ ਕੀਤੀ ਪੁੱਛਗਿੱਛ ਤੋਂ ਬਾਅਦ ਗੁਰਪ੍ਰੀਤ ਸਿੰਘ ਨੂੰ ਕਾਬੂ ਕੀਤਾ ਅਤੇ ਇਨ੍ਹਾਂ ਕੋਲੋਂ ਚਾਰ ਪਿਸਤੌਲ, ਚਾਰ ਗੋਲੀਆਂ ਅਤੇ ਇੱਕ ਏਅਰ ਪਿਸਤੌਲ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਹ ਆਪਣੇ ਹੋਰ ਸਾਥੀਆਂ ਸਮੇਤ ਥਾਣਾ ਸਿਵਲ ਲਾਈਨ ਅਤੇ ਥਾਣਾ ਮਕਬੂਲਪੁਰਾ ਦੇ ਇਲਾਕੇ ਵਿੱਚ ਪਿਸਤੌਲ ਦੀ ਨੋਕ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਪੁਲੀਸ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਕਰ ਰਹੀ ਹੈ।



296 ਸਾਲ ਪਹਿਲਾਂ 5 ਮਈ 1723 ਈਸਵੀ ਨੂੰ ਜੱਸਾ ਸਿੰਘ ਰਾਮਗੜ੍ਹੀਆ ਨੇ ਮਾਤਾ ਗੰਗੋ ਜੀ ਅਤੇ ਪਿਤਾ ਸਰਦਾਰ ਭਗਵਾਨ ਸਿੰਘ ਦੇ ਘਰ ਪਿੰਡ ਈਚੋਗਿਲ ਜ਼ਿਲ੍ਹਾ ਲਾਹੌਰ ਵਿਖੇ ਜਨਮ ਲਿਆ। ਜੱਸਾ ਸਿੰਘ ਰਾਮਗੜ੍ਹੀਆ ਦਾ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਤੇ ਸ਼ਰਧਾ ਸੀ। ਉਹ ਬਹੁਤ ਸੂਝਵਾਨ ਤੇ ਦੂਰਦਰਸ਼ੀ ਸਨ। ਉਨ੍ਹਾਂ ਦਾ ਵਡੱਪਣ ਇਹ ਸੀ ਕਿ ਉਹ ਆਮ ਲੋਕਾਂ ਤੋਂ ਲੈ ਕੇ ਆਪਣੇ ਵਿਰੋਧੀਆਂ ਤਕ ਨਿਮਰਤਾ ਨਾਲ ਪੇਸ਼ ਆਉਂਦੇ ਸਨ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦੇ ਵੱਡੇ ਵਡੇਰਿਆਂ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸੇਵਾ ਕੀਤੀ, ਜਿਸ ਕਰਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਗੁਰੂ ਘਰ ਦੀ ਸੇਵਾ ਅਤੇ ਜ਼ਬਰ-ਜ਼ੁਲਮ ਦੇ ਵਿਰੁਧ ਆਵਾਜ਼, ਮਜ਼ਲੂਮਾਂ ਦੀ ਰੱਖਿਆ ਦੀ ਗੁੜ੍ਹਤੀ ਮਿਲੀ। ਉਨ੍ਹਾਂ ਆਪਣੇ ਪਿਤਾ ਗਿਆਨੀ ਭਗਵਾਨ ਸਿੰਘ ਪਾਸੋਂ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ। ਗਿਆਨੀ ਭਗਵਾਨ ਸਿੰਘ ਉੱਚੇ ਆਚਰਣ ਵਾਲੇ ਕਿਰਤੀ ਤੇ ਸਿਦਕਵਾਨ ਸਿੱਖ ਸਨ। ਗਿਆਨੀ ਭਗਵਾਨ ਸਿੰਘ ਨੇ ਜੱਸਾ ਸਿੰਘ ਨੂੰ ਤਰਖਾਣਾ ਕੰਮ ਵਿਚ ਹੱਥ ਵਟਾਉਣ ਲਈ ਲਾਉਣਾ ਚਾਹਿਆ ਪ੍ਰੰਤੂ ਉਸ ਨੇ ਇਸ ਕੰਮ ਵਿਚ ਦਿਲਚਸਪੀ ਨਾ ਲਈ। ਨਾਦਰ ਸ਼ਾਹ ਦੇ ਹਮਲੇ ਕਾਰਨ ਉਨ੍ਹਾਂ ਦੇ ਪਰਿਵਾਰ ਨੂੰ ਪਿੰਡ ਛੱਡਣਾ ਪਿਆ।

1738 ਵਿਚ ਜਦੋਂ ਜ਼ਕਰੀਆ ਖ਼ਾਨ ਨੂੰ ਪਤਾ ਲਗਾ ਕਿ ਨਾਦਰ ਸ਼ਾਹ ਪੰਜਾਬ ਵਲ ਵੱਧ ਰਿਹਾ ਹੈ ਤਾਂ ਉਸ ਨੇ ਬਹਾਦਰ ਸਿੰਘਾਂ ਨਾਲ ਸੁਲਾਹ-ਸਫ਼ਾਈ ਕਰ ਕੇ ਨਾਦਰ ਸ਼ਾਹ ਦਾ ਟਾਕਰਾ ਕਰਨ ਲਈ ਮਦੱਦ ਲੈਣ ਲਈ ਸਿੱਖਾਂ ਨੂੰ ਜਾਗੀਰ ਤੇ ਖਿਲਅਤ ਪੇਸ਼ ਕੀਤੀ, ਜੋ ਸਿੱਖਾਂ ਨੇ ਸਰਬਸੰਮਤੀ ਨਾਲ ਪਰਵਾਨ ਕਰ ਕੇ ਨਵਾਬ ਕਪੂਰ ਸਿੰਘ ਨੂੰ ਦੇ ਦਿੱਤੀ। ਮਿੱਤਰਤਾ ਦੇ ਫ਼ੈਸਲੇ ਨੂੰ ਸਾਰੇ ਸਿੰਘਾਂ ਨੇ ਪ੍ਰਵਾਨ ਕਰ ਕੇ ਨਾਦਰ ਸ਼ਾਹ ਦੇ ਖ਼ਿਲਾਫ਼ ਜ਼ਕਰੀਆ ਖ਼ਾਨ ਦਾ ਸਾਥ ਦੇਣ ਦਾ ਪ੍ਰਣ ਲਿਆ। ਬਹੁਤ ਸਾਰੇ ਸਿੰਘ ਨਾਦਰ ਸ਼ਾਹ ਦੇ ਖ਼ਿਲਾਫ਼ ਫ਼ੌਜ ਵਿਚ ਭਰਤੀ ਹੋ ਗਏ, ਜਿਨ੍ਹਾਂ ਵਿਚ ਗਿਆਨੀ ਭਗਵਾਨ ਸਿੰਘ ਤੇ ਜੱਸਾ ਸਿੰਘ ਵੀ ਸ਼ਾਮਲ ਸਨ। ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਵਿਚਕਾਰ 1738 ਈਸਵੀ ਵਿਚ ਵਜ਼ੀਰਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਨੇੜੇ ਟਾਕਰਾ ਹੋਇਆ। ਇਸ ਜੰਗ ਵਿਚ ਬਹਾਦਰੀ ਵਿਖਾਉਂਦਿਆਂ ਗਿਆਨੀ ਭਗਵਾਨ ਸਿੰਘ ਸ਼ਹੀਦ ਹੋ ਗਏ। ਜੱਸਾ ਸਿੰਘ ਦੀ ਉਸ ਵੇਲੇ ਉਮਰ 15 ਕੁ ਸਾਲ ਸੀ। ਜੱਸਾ ਸਿੰਘ ਇੰਨੀ ਦਲੇਰੀ, ਨਿਡਰਤਾ, ਸੂਰਬੀਰਤਾ ਤੇ ਹਿੰਮਤ ਨਾਲ ਲੜਿਆ ਕਿ ਜ਼ਕਰੀਆ ਖ਼ਾਨ ਵੀ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਜ਼ਕਰੀਆ ਖ਼ਾਨ ਨੇ ਗਿਆਨੀ ਭਗਵਾਨ ਸਿੰਘ ਦੇ ਪਰਿਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡ ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਜਗੀਰ ਵਜੋਂ ਦੇ ਦਿੱਤੇ ਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ। ਇਨ੍ਹਾਂ ਵਿੱਚੋਂ ਪਿੰਡ ਵੱਲ੍ਹਾ ਜੱਸਾ ਸਿੰਘ ਦੇ ਹਿੱਸੇ ਆਇਆ, ਜਿੱਥੋਂ ਉਨ੍ਹਾਂ ਦਾ ਰਾਜਨੀਤਿਕ ਜੀਵਨ ਆਰੰਭ ਹੋਇਆ। ਇਸ ਪਿੰਡ ਵਿਚ ਰਹਿੰਦਿਆਂ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ਼ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਰੰਗਾਬਾਦ ਦੇ ਆਸ-ਪਾਸ ਲੜਾਈ ਲੜੀ ਗਈ ਜੋ, ਵੱਲ੍ਹੇ ਦੀ ਲੜਾਈ ਕਰਕੇ ਮਸ਼ਹੂਰ ਹੈ। ਸਿੱਖਾਂ ਨੇ ਆਪਣੀ ਫ਼ੌਜ ਜੱਥੇਬੰਦ ਕਰ ਲਈ। ਅਦੀਨਾ ਬੇਗ਼ ਬਹੁਤ ਚਲਾਕ ਹਾਕਮ ਸੀ। ਉਹ ਸਰਦਾਰ ਜੱਸਾ ਸਿੰਘ ਦੀ ਸੂਰਮਤਾਈ ਤੇ ਸਿਆਣਪ ਜਾਣ ਚੁੱਕਾ ਸੀ, ਇਸ ਲਈ ਵੈਰ ਵਧਾਉਣ ਦੀ ਬਜਾਏ ਉਸ ਦੀ ਤਾਕਤ ਦਾ ਫ਼ਾਇਦਾ ਲੈਣ ਦੀ ਰਣਨੀਤੀ ਵਿੱਚ ਭਰਤੀ ਕਰ ਕੇ 500 ਘੋੜ ਸਵਾਰਾਂ ਦਾ ਆਗੂ ਨਿਯੁਕਤ ਕਰ ਦਿੱਤਾ। ਇਧਰ, ਸਿੱਖ ਸਰਦਾਰ ਵੀ ਸਰਦਾਰ ਜੱਸਾ ਸਿੰਘ ਨੂੰ ਅਦੀਨਾ ਬੇਗ਼ ਨਾਲ ਗੱਲਬਾਤ ਕਰਨ ਲਈ ਆਪਣੇ ਸਫ਼ੀਰ ਦੇ ਤੌਰ 'ਤੇ ਰੱਖਣਾ ਚਾਹੁੰਦੇ ਸਨ, ਸਿਰਫ਼ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੀ ਅਦੀਨਾਬੇਗ ਨਾਲ ਸੁਲਾਹ ਦੇ ਖ਼ਿਲਾਫ਼ ਸੀ।

1747 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਤੋਂ ਪਿੱਛੋਂ ਵਿਸਾਖੀ 'ਤੇ ਭਾਰੀ ਇਕੱਠ ਹੋਇਆ। ਇਸ ਵਿਚ ਉੱਘੇ ਸਿੱਖ ਆਗੂਆਂ ਨੇ ਫ਼ੈਸਲਾ ਕੀਤਾ ਕਿ ਅੰਮ੍ਰਿਤਸਰ ਸ਼ਹਿਰ ਤੇ ਸ੍ਰੀ ਹਰਿਮੰਦਰ ਸ਼ਾਹਿਬ ਦੀ ਰਾਖੀ ਲਈ ਕਿਲ੍ਹੇ ਉਸਾਰਨੇ ਚਾਹੀਦੇ ਹਨ। ਇਸ ਫ਼ੈਸਲੇ ਪਿੱਛੋਂ ਪਹਿਲਾ ਕਿਲ੍ਹਾ ਅੰਮ੍ਰਿਤਸਰ ਦੀ ਧਰਤੀ 'ਤੇ ਉਸਾਰਨ ਲਈ 1748 ਈਸਵੀ ਨੂੰ ਸ਼ਹਿਰ ਦੇ ਪੂਰਬ ਵਾਲੇ ਪਾਸੇ ਕੰਮ ਸ਼ੁਰੂ ਕਰ ਕੇ 500 ਯੋਧਿਆਂ ਦੇ ਰਹਿਣ ਲਈ ਗੜ੍ਹੀ ਤਿਆਰ ਕਰ ਦਿੱਤੀ ਗਈ। ਇਸ ਦਾ ਨਾਂ 'ਰਾਮਰੌਣੀ' ਰੱਖਿਆ ਗਿਆ। 1748 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉਤੇ ਪਹਿਲੀ ਵਾਰ ਹਮਲਾ ਕੀਤਾ ਤੇ ਇਸ ਨੂੰ ਮੁਈਨ-ਉਲ-ਮੁਲਕ ਨੇ ਮਨੂੰਪੁਰ ਦੇ ਅਸਥਾਨ ਤੇ ਭਾਰੀ ਹਾਰ ਦਿੱਤੀ, ਜਿਸ ਤੋਂ ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਮੀਰ-ਮਨੂੰ ਦਾ ਖ਼ਿਤਾਬ ਦੇ ਕੇ ਪੰਜਾਬ ਦਾ ਗਵਰਨਰ ਥਾਪ ਦਿੱਤਾ। ਮੀਰ ਮਨੂੰ ਸਿੱਖਾਂ ਦੀ ਵਧਦੀ ਤਾਕਤ ਤੇ ਰਾਮ ਰੌਣੀ ਨੂੰ ਦੇਖ ਕੇ ਘਬਰਾ ਗਿਆ ਤੇ ਆਪਣੀ ਗੱਦੀ ਕਾਇਮ ਰੱਖਣ ਲਈ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਅਮਨ ਕਾਇਮ ਕਰਨ ਦੇ ਬਹਾਨੇ ਉਸ ਨੇ ਇਲਾਕੇ 'ਚ ਗਸ਼ਤੀ ਦਲ ਭੇਜ ਕੇ ਸਿੰਘਾਂ ਦੇ ਕਤਲੇਆਮ ਦਾ ਹੁਕਮ ਚਾੜ੍ਹ ਦਿੱਤਾ।

**ਸਰਦਾਰ ਜੱਸਾ ਸਿੰਘ ਨੇ ਰਾਮ ਰੌਣੀ ਨੂੰ ਪੱਕੇ ਕਿਲ੍ਹੇ ਦੀ ਸ਼ਕਲ ਦਿੱਤੀ ਤੇ ਇਸ ਦਾ ਨਾਂ 'ਰਾਮਗੜ੍ਹ' ਰੱਖਿਆ, ਜਿਸ ਤੋਂ ਉਨ੍ਹਾਂ ਨੂੰ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਉਨ੍ਹਾਂ ਨੇ ਕਰੀਬ 360 ਕਿਲ੍ਹੇ ਅਤੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਰਾਮਗੜ੍ਹੀਆ ਬੁੰਗਾ ਤੇ ਦੋ ਮਿਨਾਰ ਬਣਵਾਏ...**

ਸਿੰਘ ਜੰਗਲਾਂ 'ਚ ਰੂਪੋਸ਼ ਹੋ ਗਏ। ਕੁਝ ਚੋਣਵੇਂ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਹਿਤ ਰਾਮ ਰੌਣੀ ਵਿਚ ਜਮਾਂ ਹੋ ਗਏ। ਮੀਰ ਮਨੂੰ ਨੂੰ ਜਦ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੀਆਂ ਫ਼ੌਜਾਂ ਨੂੰ ਰਾਮ ਰੌਣੀ ਨੂੰ ਘੇਰਨ ਦਾ ਹੁਕਮ ਦੇ ਦਿੱਤਾ ਤੇ ਨਾਲ ਹੀ ਅਦੀਨਾ ਬੇਗ਼ ਨੂੰ ਵੀ ਫ਼ੌਜ ਸਮੇਤ ਅੰਮ੍ਰਿਤਸਰ ਪਹੁੰਚਣ ਲਈ ਕਿਹਾ। ਹੁਣ ਮਜਬੂਰ ਹੋ ਕੇ ਅਦੀਨਾ ਬੇਗ਼ ਨੂੰ ਜੱਸਾ ਸਿੰਘ ਨੂੰ ਨਾਲ ਲੈ ਕੇ ਰਾਮ ਰੌਣੀ ਦੇ ਘੇਰੇ ਵਿਚ ਸ਼ਾਮਲ ਹੋਣਾ ਪਿਆ। ਕਰੀਬ ਛੇ ਮਹੀਨੇ ਘੇਰਾ ਪਿਆ ਰਿਹਾ, ਰਾਮ ਰੌਣੀ ਅੰਦਰ ਰਾਸ਼ਨ ਮੁੱਕਣ ਨਾਲ ਸਿੰਘਾਂ ਦੀ ਹਾਲਤ ਮਾੜੀ ਹੋ ਗਈ। ਇਸ ਦੌਰਾਨ ਸਿੰਘਾਂ ਨੂੰ ਪਤਾ ਲਗਾ ਕਿ ਮੁਗ਼ਲ ਫ਼ੌਜ਼ ਵਿਚ ਸਰਦਾਰ ਜੱਸਾ ਸਿੰਘ ਵੀ ਆਪਣੇ ਸਾਥੀਆਂ ਨਾਲ ਸ਼ਾਮਲ ਹੈ ਤਾਂ ਉਨ੍ਹਾਂ ਨੇ ਉਸ ਨੂੰ ਸੁਨੇਹਾ ਘੱਲਿਆ ਕਿ ਇਸ ਵੇਲੇ ਅਸੀਂ ਮੁਸੀਬਤ ਵਿਚ ਹਾਂ ਤੇ ਸਾਡੀ ਮਦਦ ਕਰੋ। ਇਹ ਜਾਣਕੇ ਸਰਦਾਰ ਜੱਸਾ ਸਿੰਘ ਮੁਗ਼ਲ ਫ਼ੌਜ ਦਾ ਸਾਥ ਛੱਡ ਕੇ ਆਪਣੇ ਸਾਰੇ ਸਾਥੀਆਂ ਸਮੇਤ ਰਾਮ ਰੌਣੀ ਵਿਚ ਆ ਗਿਆ। ਇਸ ਤਰ੍ਹਾਂ ਕਰਨ ਨਾਲ ਸਿੱਖ ਫ਼ੌਜ ਦੇ ਹੌਸਲੇ ਦੁਗਣੇ ਹੋ ਗਏ ਤੇ ਮੁਗ਼ਲ ਫ਼ੌਜ ਦੇ ਹੌਸਲੇ ਪਸਤ ਹੋ ਗਏ। ਉਧਰੋਂ ਅਹਿਮਦ ਸ਼ਾਹ ਅਬਦਾਲੀ ਦੇ ਮੁੜ ਹਮਲੇ ਦੀ ਖ਼ਬਰ ਨੇ ਮੀਰ ਮਨੂੰ ਨੂੰ ਸਿੱਖਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਦਿੱਤਾ। ਉਸ ਨੇ ਦਿਵਾਨ ਕੌੜਾ ਮੱਲ ਰਾਹੀਂ ਸਿੱਖਾਂ ਨਾਲ ਸੁਲਹ ਕਰ ਕੇ ਰਾਮ ਰੌਣੀ ਦਾ ਘੇਰਾ ਚੁੱਕ ਲਿਆ। ਇਸ ਤੋਂ ਬਾਅਦ ਸਿੱਖ ਸਰਦਾਰਾਂ ਨੇ ਇਸ ਜਿੱਤ ਦੀ ਖ਼ੁਸ਼ੀ ਮਨਾਈ ਤੇ ਸਰਦਾਰ ਜੱਸਾ ਸਿੰਘ ਦੀ ਇਸ ਔਖੇ ਸਮੇਂ ਕੌਮ ਦੀ ਮਦਦ ਕਰਨ ਲਈ ਬਹੁਤ ਪ੍ਰਸ਼ੰਸਾ ਕੀਤੀ ਤੇ ਉਸ ਨੂੰ ਰਾਮ ਰੌਣੀ ਦੀ ਜਥੇਦਾਰੀ ਸੌਂਪ ਦਿੱਤੀ।

ਸਰਦਾਰ ਜੱਸਾ ਸਿੰਘ ਨੇ ਜਥੇਦਾਰੀ ਮਿਲਣ ਤੋਂ ਬਾਅਦ ਰਾਮ ਰੌਣੀ ਨੂੰ ਪੱਕੇ ਕਿਲ੍ਹੇ ਦੀ ਸ਼ਕਲ ਦਿੱਤੀ ਤੇ ਇਸ ਦਾ ਨਾਂ 'ਰਾਮਗੜ੍ਹ' ਰੱਖਿਆ। ਹੁਣ ਕਿਲ੍ਹਾ 'ਰਾਮਗੜ੍ਹ' ਮੁਗ਼ਲਾਂ ਦੀਆਂ ਅੱਖਾਂ 'ਚ ਰੜਕਣ ਲਗਾ। ਰਾਮਗੜ੍ਹ ਕਿਲ੍ਹੇ ਨੂੰ ਢਾਹੁਣ ਤੇ ਵਾਰ-ਵਾਰ ਉਸਾਰਨ ਤੇ ਇਸ ਦੀ ਰਾਖੀ ਲਈ ਲੜਦਿਆਂ ਸਰਦਾਰ ਜੱਸਾ ਸਿੰਘ ਤੇ ਬਾਕੀ ਸਿੰਘਾਂ ਨੂੰ ਰਾਮਗੜ੍ਹ ਕਿਲ੍ਹੇ ਵਾਲੇ ਕਹਿ ਕੇ ਮਾਣ ਦਿੱਤਾ ਜਾਣ ਲੱਗਾ। ਸਰਦਾਰ ਜੱਸਾ ਸਿੰਘ ਨੂੰ ਹੁਣ 'ਰਾਮਗੜ੍ਹੀਆ' ਆਖਿਆ ਜਾਣ ਲਗਾ। ਜਦੋਂ ਸਿੱਖ ਬਾਰਾਂ ਮਿਸਲਾਂ 'ਚ ਵੰਡੇ ਗਏ ਤਾਂ ਜੱਸਾ ਸਿੰਘ ਉਸ ਵੇਲੇ ਸਰਦਾਰ ਨੰਦ ਸਿੰਘ ਸੰਘਾਣੀਆ ਦੀ ਮਿਸਲ 'ਚ ਸੀ ਤੇ ਸੰਘਾਣੀਆ ਦੀ ਮੌਤ ਦੇ ਬਾਅਦ ਜੱਸਾ ਸਿੰਘ ਨੂੰ ਮਿਸਲ ਦਾ ਮੁਖੀ ਥਾਪਿਆ ਗਿਆ ਜੋ ਬਾਅਦ ਵਿਚ 'ਰਾਮਗੜ੍ਹੀਆ ਮਿਸਲ' ਵਜੋਂ ਮਸ਼ਹੂਰ ਹੋਈ। ਜੱਸਾ ਸਿੰਘ ਰਾਮਗੜ੍ਹੀਆ ਨੇ ਬਹਾਦਰੀ, ਸਿਆਣਪ, ਦੂਰਅੰਦੇਸ਼ੀ ਨਾਲ ਇਸ ਮਿਸਲ ਨੂੰ ਸਾਰੀਆਂ ਮਿਸਲਾਂ ਨਾਲੋਂ ਤਾਕਤਵਰ ਬਣਾਇਆ ਤੇ ਇਲਾਕਿਆਂ ਦਾ ਵਿਸਤਾਰ ਕਰ ਕੇ ਮਹਾਰਾਜੇ ਦਾ ਦਰਜਾ ਪ੍ਰਾਪਤ ਕੀਤਾ।

ਆਪਣੇ ਰਾਜ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਕਰੀਬ 360 ਕਿਲ੍ਹੇ ਤੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਰਾਮਗੜ੍ਹੀਆ ਬੁੰਗਾ ਤੇ ਦੋ ਮਿਨਾਰ ਬਣਵਾਏ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦੀਆਂ ਜਿੱਤਾਂ ਨਾਲ ਫ਼ੌਜੀ ਤਾਕਤ 'ਚ ਵਾਧੇ ਕਾਰਨ ਦੂਜੀਆਂ ਮਿਸਲਾਂ ਉਨ੍ਹਾਂ ਨਾਲ ਈਰਖਾ ਕਰਨ ਲਗੀਆਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਰਾਮਗੜ੍ਹੀਆਂ ਹੱਥੋਂ ਗ੍ਰਿਫ਼ਤਾਰੀ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਦੀ ਹਾਰ ਨੇ ਬਾਕੀ ਮਿਸਲਾਂ ਦੇ ਗਠਜੋੜ ਦਾ ਮੁੱਢ ਬੰਨ੍ਹਿਆ। ਇਨ੍ਹਾਂ ਨੇ ਰਾਮਗੜ੍ਹੀਆਂ ਦੇ ਸਾਰੇ ਇਲਾਕਿਆਂ ਉੱਪਰ 1776 ਈਸਵੀ ਨੂੰ ਕਬਜ਼ਾ ਕਰ ਲਿਆ। ਰਾਮਗੜ੍ਹੀਆ ਸਰਦਾਰ ਆਪਣਾ ਇਲਾਕਾ ਛੱਡ ਕੇ ਆਪਣੇ ਚੋਣਵੇ ਯੋਧਿਆਂ ਨਾਲ ਸਤਲੁਜ ਤੋ ਪਾਰ ਚਲਾ ਗਿਆ, ਜਿੱਥੇ ਪਟਿਆਲਾ ਰਿਆਸਤ ਦੇ ਰਾਜੇ ਸਰਦਾਰ ਅਮਰ ਸਿੰਘ ਨੇ ਉਸ ਨਾਲ ਦੋਸਤੀ ਦਾ ਹੱਥ ਵਧਾਇਆ ਕਿਉਂਕਿ ਉਹ ਜੱਸਾ ਸਿੰਘ ਦੀ ਬਹਾਦਰੀ, ਤਾਕਤ, ਸਿਆਣਪ ਤੇ ਯੁੱਧ ਕੁਸ਼ਲਤਾ ਨੂੰ ਜਾਣਦਾ ਸੀ। ਰਾਜਾ ਉਸ ਨੂੰ ਆਪਣੇ ਵਿਰੋਧੀਆਂ ਖ਼ਿਲਾਫ਼ ਮਦਦ ਲਈ ਵਰਤਣਾ ਚਾਹੁੰਦਾ ਸੀ। ਇਸ ਲਈ ਉਨ੍ਹਾਂ ਹਾਂਸੀ ਤੇ ਹਿਸਾਰ ਦਾ ਇਲਾਕਾ ਜਗੀਰ ਵਜੋਂ ਦੇ ਦਿੱਤਾ।

ਸਿੱਖ ਫ਼ੌਜ ਨੇ ਦਿੱਲੀ 'ਤੇ ਹਮਲਾ ਕੀਤਾ ਤਾਂ ਇਕ ਪਾਸਿਓਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫ਼ੌਜਾਂ ਨਾਲ ਤੇ ਦੂਸਰੇ ਪਾਸਿਓਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਬਘੇਲ ਸਿੰਘ ਵੀ ਆਪਣੀਆਂ ਫ਼ੌਜਾਂ ਸਮੇਤ ਪਹੁੰਚੇ। ਸਿੱਖ ਫ਼ੌਜਾਂ ਨੇ 11 ਮਾਰਚ 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਦਾਖ਼ਲ ਹੋ ਕੇ ਕਿਲ੍ਹੇ ਉੱਪਰ ਕਬਜਾ ਕਰ ਕੇ ਕੇਸਰੀ ਨਿਸ਼ਾਨ ਲਹਿਰਾਇਆ। ਮੁਗ਼ਲਾਂ ਦੇ ਰਾਜ ਨੂੰ ਜੜ੍ਹੋਂ ਪੁੱਟਣ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਪੱਥਰ ਦੀ ਸਿਲ ਅਤੇ ਬਾਰਾਂਦਰੀ ਦੇ 44 ਥੰਮ ਪੁੱਟ ਕੇ ਆਪਣੇ ਨਾਲ ਲੈ ਆਂਦੇ, ਜੋ ਅੱਜ ਵੀ ਰਾਮਗੜ੍ਹੀਆ ਬੁੰਗਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਲਗੇ ਹੋਏ ਹਨ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਵਾਪਸ ਆਕੇ ਦੁਬਾਰਾ ਰਾਮਗੜ੍ਹੀਆ ਮਿਸਲ ਦੀ ਸ਼ਾਨ ਬਹਾਲ ਕਰ ਲਈ।

ਅਖ਼ੀਰ 8 ਅਗਸਤ 1803 ਨੂੰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ ਵਿਖੇ ਕੁਝ ਸਮਾਂ ਬਿਮਾਰ ਰਹਿਣ ਮਗਰੋਂ 80 ਸਾਲ ਦੀ ਉਮਰ 'ਚ ਸਵਰਗਵਾਸ ਹੋ ਗਏ। •

98157-84100

40 ਮੁਕਤਿਆਂ ਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਸੀ। ਇਨ੍ਹਾਂ ਮੁਕਤਿਆਂ ਦੀ ਯਾਦ ਵਿਚ ਹਰ ਸਾਲ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਵਿਚ ਅਨੰਦਪੁਰ ਸਾਹਿਬ ਵਿਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਫ਼ੌਜ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਕਿਲ੍ਹੇ ਦੇ ਅੰਦਰ ਨਾ ਜਾਣ ਦਿੱਤਾ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦਿੱਤਾ, 'ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖ ਨਾਲ ਮਰਨ ਲਈ ਤਿਆਰ ਨਹੀਂ।' ਸਿੰਘ ਜਦ ਆਪਣੀ ਜ਼ਿਦ 'ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇ ਤੁਸੀਂ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਉ ਕਿ 'ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ।' ਭਾਈ ਮਹਾਂ ਸਿੰਘ ਦੀ ਅਗਵਾਈ ਵਿਚ 40 ਸਿੰਘ ਗੁਰੂ ਜੀ ਇਹ ਬੇਦਾਵਾ ਲਿਖ ਕੇ ਦੇਣ ਉਪਰੰਤ ਘਰਾਂ ਨੂੰ ਵਾਪਸ ਆ ਗਏ।

ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਕਿ ਸਾਡੀ ਫ਼ੌਜ ਵਾਪਸ ਚਲੀ ਜਾਵੇਗੀ ਪਰ ਇਹ ਉਨ੍ਹਾਂ ਦੀ ਇਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਸਾਹਿਬ ਪੁੱਜੇ। ਇਸ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ, ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਨਾਲ ਸਨ। ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਚਮਕੌਰ ਸਾਹਿਬ ਵਿਖੇ ਭਾਰੀ ਯੁੱਧ ਹੋਇਆ, ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਜੰਗ ਵਿਚ ਸ਼ਹੀਦ ਹੋ ਗਏ।

ਗੁਰੂ ਜੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜਾ, ਵਾਂਦਰ, ਬਰਗਾੜੀ ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੋਟਕਪੂਰਾ ਪੁੱਜੇ। ਕੋਟਕਪੂਰੇ ਦੇ ਚੌਧਰੀ ਕਪੂਰ ਸਿੰਘ ਤੋਂ ਗੁਰੂ ਜੀ ਨੇ ਕਿਲ੍ਹਾ ਮੰਗਿਆ। ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਅਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ। ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ 40 ਸਿੰਘ ਜਦ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਰ ਸੁਣਾਇਆ ਤਾਂ ਉਨ੍ਹਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਬਹੁਤ ਤਾਹਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਤੋਂ ਬੇਮੁੱਖ ਹੋ ਕੇ ਆਏ ਹੋ ਤੁਸੀਂ ਘਰਾਂ ਵਿਚ ਘੱਗਰੇ ਤੇ ਚੂੜੀਆਂ ਪਾ ਕੇ ਬੈਠੋ ਅਸੀ ਜੰਗ ਲੜਨ ਜਾਂਦੀਆਂ ਹਾਂ।

ਮਾਈ ਭਾਗ ਕੌਰ, ਜੋ ਸੂਰਬੀਰ ਔਰਤ ਸੀ, ਉਸ ਦੀ ਪ੍ਰੇਰਨਾ ਨਾਲ ਹਿ ਚਾਲੀ ਸਿੰਘ ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਉਨ੍ਹਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜ ਨਾਲ ਜੂਝ ਕੇ ਲੜੇ।

ਯੁੱਧ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜਦੋਂ ਲੜਾਈ ਦੇ ਮੈਦਾਨ ਵਿਚ ਪਹੁੰਚੇ ਤਾਂ 39 ਸਿੰਘ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਜੀ ਸਹਿਕ ਰਹੇ ਇਕ ਸਿੰਘ ਮਹਾਂ ਸਿੰਘ ਕੋਲ ਪੁੱਜੇ ਤਾਂ ਉਸ ਦਾ ਸਿਰ ਆਪਣੀ ਗੋਦੀ ਵਿਚ ਰੱਖਿਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ। ਗੁਰੂ ਜੀ ਨੇ ਉਸ ਦੀ ਆਖ਼ਰੀ ਇੱਛਾ ਪੁੱਛੀ ਤੇ ਕਿਹਾ, 'ਭਾਈ ਮਹਾਂ ਸਿੰਘ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ ਜੋ ਮੰਗੇਂਗਾ, ਉਹ ਜ਼ਰੂਰ ਮਿਲੇਗਾ।'

ਗਿਆਨੀ ਗਿਆਨ ਸਿੰਘ ਇਸ ਸਮੇਂ ਦੇ ਦ੍ਰਿਸ਼ ਨੂੰ ਇਸ ਪ੍ਰਕਾਰ ਬਿਆਨ ਕਰਦੇ ਹਨ :

ਤਬ ਲੌ ਇਕ ਸਿੱਖ ਸਹਿਕਤ ਪਾਯੋ।
ਕਹਯੋ ਗੁਰੂ ਮਾਂਗੋ ਮਨ ਭਾਯੋ।

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਜੇ ਤੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਪਾੜ ਦਿਓ ਅਤੇ ਸਾਡੀ ਟੁੱਟੀ ਗੰਢ ਦਿਉ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਇਨ੍ਹਾਂ 40 ਸਿੰਘਾਂ ਨਾਲ ਟੁੱਟੀ ਸਾਂਝ ਮੁੜ ਗੰਢ ਦਿੱਤੀ।

ਇਸ ਸਬੰਧੀ 'ਪੰਥ ਪ੍ਰਕਾਸ਼' ਗ੍ਰੰਥ ਵਿਚ ਗਿਆਨੀ ਗਿਆਨ ਸਿੰਘ ਲਿਖਦੇ ਹਨ :

ਸਿੱਖੀ ਹਿਤ ਜਿਨ ਰਾਜਨ ਚਾਹਯੋ।
ਸਿਦਕ ਔਰ ਉਪਕਾਰ ਨਿਬਾਹਯੋ।
ਜੇਬ ਬੀਚ ਤੈਂ ਤਬੈ ਨਿਕਾਰਯੋ।
ਕਾਗ਼ਜ਼ ਸਨਮੁਖ ਤਾਂ ਕੇ ਫਾਰਯੋ।
ਗੁਰੂ ਤੇ ਵਲੀ ਗੁਰੂ ਕੇ ਸਿਖ ਹੈਂ।
ਯਹਿ ਗੁਰੂ ਕਹਯੋ ਲਏ ਹਮ ਪਿਖ ਹੈਂ।
ਤੂਟੀ ਸਿੱਖੀ ਫੇਰ ਮਿਲਾਈ
ਪਰਉਪਕਾਰ ਕਰਯੋ ਬਹੁਤਾਈ।

ਬੇਦਾਵਾ ਪਾੜਨ ਦੇ ਨਾਲ ਹੀ ਗੁਰੂ ਸਾਹਿਬ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ। ਗੁਰੂ ਸਾਹਿਬ ਦੇ ਇਸ ਫ਼ਰਮਾਨ ਨੂੰ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ 'ਪੰਥ ਪ੍ਰਕਾਸ਼' ਵਿਚ ਇਹ ਸ਼ਬਦ ਦਿੱਤੇ ਹਨ :

ਮੁਕਤਯੋਂ ਕਾ ਪਦ ਉਨ ਕੋ ਦੀਨਾ।
ਖਿਦਰਾਣੇ ਕੋ ਮੁਕਤਸਰ ਕੀਨਾ।

ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ 'ਪੰਜ ਹਜ਼ਾਰੀ', 'ਦਸ ਹਜ਼ਾਰੀ' ਅਤੇ ਹੋਰ ਵੱਡੇ-ਵੱਡੇ ਖ਼ਿਤਾਬ ਬਖ਼ਸ਼ੇ। ਇਨ੍ਹਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ।

### *40 ਮੁਕਤਿਆਂ ਨੂੰ ਸਮਰਪਿਤ ਸਮਾਗਮ*

*ਗੁਰਦੁਆਰਾ ਸ਼ਹੀਦਗੰਜ ਸਾਹਿਬ ਮੁਕਤਸਰ ਵਿਖੇ 40 ਮੁਕਤਿਆਂ ਦੀ ਯਾਦ ਵਿਚ 13 ਫਰਵਰੀ ਤੋਂ ਅਖੰਡ ਪਾਠ ਲੜੀ ਆਰੰਭ ਹੈ। ਪਹਿਲੀ ਮਈ ਨੂੰ ਗੁਰਦੁਆ ਟਿੱਬੀ ਸਾਹਿਬ ਤੋਂ ਸਵੇਰੇ 8 ਵਜੇ ਨਗਰ ਕੀਰਤਨ ਆਰੰਭ ਹੋਵੇਗਾ, ਜੋ ਵੱਖ-ਵੱਖ ਮਾਰਗਾਂ ਤੋਂ ਹੁੰਦਾ ਹੋਇਆ 10 ਵਜੇ ਗੁਰਦੁਆਰਾ ਸ਼ਹੀਦਗੰਜ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ। ਇਸੇ ਦਿਹਾੜੇ ਲੜੀ ਦਾ 40ਵਾਂ ਅਖੰਡ ਪਾਠ ਆਰੰਭ ਹੋਵੇਗਾ, 2 ਮਈ ਰਾਤ ਨੂੰ ਕੀਰਤਨ ਦਰਬਾਰ ਹੋਵੇਗਾ ਅਤੇ 3 ਮਈ ਨੂੰ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਵਿਸ਼ੇਸ਼ ਦੀਵਾਨ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਕਵੀ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।*

### 40 ਮੁਕਤੇ

- ਸਮੀਰ ਸਿੰਘ
- ਸਰਜਾ ਸਿੰਘ
- ਸੁਹੇਲ ਸਿੰਘ
- ਸੁਲਤਾਨ ਸਿੰਘ
- ਸੋਭਾ ਸਿੰਘ
- ਸੰਤ ਸਿੰਘ
- ਹਰਸਾ ਸਿੰਘ
- ਗੰਗਾ ਸਿੰਘ
- ਹਰੀ ਸਿੰਘ
- ਕਰਨ ਸਿੰਘ
- ਕਰਮ ਸਿੰਘ
- ਕਾਲਾ ਸਿੰਘ
- ਕੀਰਤੀ ਸਿੰਘ
- ਕ੍ਰਿਪਾਲ ਸਿੰਘ
- ਖੁਸ਼ਾਲ ਸਿੰਘ
- ਗੁਲਾਬ ਸਿੰਘ
- ਗੰਗਾ ਸਿੰਘ
- ਗੰਡਾ ਸਿੰਘ
- ਘਰਬਾਰਾ ਸਿੰਘ
- ਚੰਬਾ ਸਿੰਘ
- ਜਾਦੋ ਸਿੰਘ
- ਜੋਗਾ ਸਿੰਘ
- ਜੰਗ ਸਿੰਘ
- ਦਿਆਲ ਸਿੰਘ
- ਦਰਬਾਰਾ ਸਿੰਘ
- ਦਿਲਬਾਗ ਸਿੰਘ
- ਧਰਮ ਸਿੰਘ
- ਧੰਨਾ ਸਿੰਘ
- ਨਿਹਾਲ ਸਿੰਘ
- ਨਿਧਾਨ ਸਿੰਘ
- ਬੂੜ ਸਿੰਘ
- ਭਾਗ ਸਿੰਘ
- ਭੋਲਾ ਸਿੰਘ
- ਭੰਗਾ ਸਿੰਘ
- ਮਹਾਂ ਸਿੰਘ
- ਮੱਜਾ ਸਿੰਘ
- ਮਾਨ ਸਿੰਘ
- ਮੈਯਾ ਸਿੰਘ
- ਰਾਇ ਸਿੰਘ
- ਲਛਮਣ ਸਿੰਘ



# ਡੇਰਾ ਬਾਬਾ ਬੰਦਾ ਬਹਾਦਰ

ਕਟੜਾ, ਜੰਮੂ ਤੋਂ ਸ਼ੁਰੂ ਹੋਣ ਵਾਲੀ ਮਾਂ ਵੈਸ਼ਨੂੰ ਦੀ ਤੀਰਥ ਯਾਤਰਾ ਦੀ ਮਹੱਤਤਾ ਤਾਂ ਸ਼ਰਧਾਲੂਆਂ ਦਾ ਹਿਰਦੈ ਹੀ ਜਾਣਦਾ ਹੈ, ਚਾਹੇ ਉਹ ਵੱਖ-ਵੱਖ ਧਰਮਾਂ ਤੇ ਸੱਭਿਆਚਾਰ ਦੇ ਕਿਉਂ ਨਾ ਹੋਣ। ਅਨੇਕਾਂ ਦੇਵੀ ਦੇਵਤਿਆਂ ਨੇ ਰਮਣੀਕ ਪਹਾੜੀ ਲੜੀਆਂ 'ਤੇ ਆਪਣਾ ਨਿਵਾਸ ਸਥਾਨ ਨਿਰਧਾਰਤ ਕੀਤਾ, ਜੋ ਵਰਤਮਾਨ ਯੁੱਗ ਦੇ ਤੀਰਥ ਸਥਾਨ ਦੇ ਰੂਪ 'ਚ ਪ੍ਰਸਿੱਧ ਹੋਏ। ਪਰਮਾਤਮਾ ਨੇ ਇਨ੍ਹਾਂ ਪਵਿੱਤਰ ਸਥਾਨਾਂ ਦੇ ਆਸ-ਪਾਸ ਉਨ੍ਹਾਂ ਦੁਆਰਾ ਧਰਤੀ 'ਤੇ ਭੇਜੇ ਗਈ ਸੰਦੇਸ਼-ਵਾਹਕਾਂ ਲਈ ਵੀ ਅਜਿਹੇ ਹੀ ਸਥਾਨ ਚੁਣੇ ਜੋ ਉਨ੍ਹਾਂ ਸੰਤਾਂ ਮਹਾਤਮਾਵਾਂ ਨਾਲ ਜੁੜ ਗਏ।

ਇਕ ਵਿਲੱਖਣ ਤੇ ਚਮਤਾਕਰੀ ਵਿਅਕਤੀ ਸਨ ਲਛਮਣ ਦਾਸ, ਜਿਨ੍ਹਾਂ ਦਾ ਜਨਮ 1670 ਵਿਚ ਜੰਮੂ ਦੇ ਰਾਜੌਰੀ ਇਲਾਕੇ ਦੇ ਰਾਜਪੂਤ ਮਾਤਾ-ਪਿਤਾ ਦੇ ਘਰ ਹੋਇਆ। ਕੁਝ ਸਾਲਾਂ ਬਾਅਦ ਸਾਧਾਰਣ ਜੀਵਨ ਦਾ ਤਿਆਗ ਕਰ ਕੇ ਉਹ ਬੈਰਾਗੀ ਸਾਧੂ ਮਾਧੋ ਦਾਸ ਬਣ ਕੇ ਦੱਖਣ ਭਾਰਤ ਦੀ ਗੋਦਾਵਰੀ ਨਦੀ ਦੇ ਇਕਾਂਤ, ਬੇਆਬਾਦ ਸਥਾਨ 'ਤੇ ਵਿਰਕਤ ਹੋ ਕੇ ਰਹਿਣ ਲੱਗੇ। ਕਿਸਮਤ ਨੇ ਉਨ੍ਹਾਂ ਲਈ ਕੁਝ ਹੋਰ ਹੀ ਤੈਅ ਕੀਤਾ ਹੋਇਆ ਸੀ। ਜਦੋਂ ਉਨ੍ਹਾਂ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ ਤਾਂ ਉਹ ਸੰਤ ਤੋਂ ਯੋਧਾ ਬਣ ਗਏ। ਗੁਰੂ ਜੀ ਨੂੰ 'ਤੁਹਾਡਾ ਹੀ ਬੰਦਾ ਹਾਂ' ਆਖਦਿਆਂ ਹੀ ਬੈਰਾਗੀ ਮਾਧੋ ਦਾਸ ਦਾ ਪੁਨਰ ਜਨਮ ਬਾਬਾ ਬੰਦਾ ਬਹਾਦਰ ਦੇ ਰੂਪ 'ਚ ਹੋਇਆ। ਉਨ੍ਹਾਂ ਨੇ ਬਹਾਦਰੀ ਨਾਲ ਮੁਗ਼ਲਾਂ ਦੇ ਜ਼ਾਲਿਮਾਨਾਂ ਅਤਿਆਚਾਰਾਂ ਦਾ ਵਿਰੋਧ ਕੀਤਾ ਤੇ ਜੰਗ ਦਾ ਐਲਾਨ ਕੀਤਾ। ਉਨ੍ਹਾਂ ਦੇ ਸਿਪਾਹੀ ਆਮ ਲੋਕਾਂ 'ਚੋਂ ਚੁਣੇ ਹੋਏ ਤੇ ਜੰਗੀ ਸਿਖਲਾਈ 'ਚ ਭਾਵੇਂ ਘੱਟ ਮੁਹਾਰਤ ਰੱਖਦੇ ਸਨ ਪਰ ਬਾਬਾ ਜੀ ਦੀ ਅਗਵਾਈ 'ਚ ਉਨ੍ਹਾਂ ਨੇ ਹਿੰਮਤ ਅਤੇ ਦਲੇਰੀ ਨਾਲ ਅੱਤਿਆਚਾਰੀ ਮੁਗ਼ਲਾਂ ਦੇ ਸਾਮਰਾਜ ਦੀ ਨੀਂਹ ਹਿਲਾ ਦਿੱਤੀ। ਅੰਤ ਮੁਗ਼ਲਾਂ ਦੁਆਰਾ ਦਿੱਤੇ ਕਠੋਰ ਤਸੀਹਿਆਂ ਦਾ ਵੀਰਤਾ ਨਾਲ ਸਾਹਮਣਾ ਕਰਦੇ ਹੋਏ ਬਾਬਾ ਜੀ ਨੇ ਜੂਨ 1716 'ਚ ਸ਼ਹਾਦਤ ਪ੍ਰਾਪਤ ਕੀਤੀ। ਬਾਬਾ ਬੰਦਾ ਬਹਾਦਰ ਦੀਆਂ ਬਲਿਦਾਨ-ਗਾਥਾਵਾਂ ਤੁਸੀਂ ਪੜ੍ਹੀਆਂ ਤੇ ਸੁਣੀਆਂ ਹੋਣਗੀਆਂ। ਇਹ ਗਾਥਾਵਾਂ ਅੱਜ ਵੀ ਪ੍ਰੇਰਣਾਮਈ ਹਨ।







ਸੀਮਾ ਆਨੰਦ ਚੋਪੜਾ

ਸਾਡੇ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਡੇਰਾ ਬਾਬਾ ਬੰਦਾ ਬਹਾਦਰ ਦੀ ਸੁੰਦਰ ਤਪੋਭੂਮੀ ਬਾਰੇ ਜਾਣਕਾਰੀ ਹੈ। ਇਹ ਸਥਾਨ ਜੰਮੂ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਹਾ। ਸਿੱਖ ਗੁਰੂਆਂ ਅਤੇ ਸੰਤਾਂ-ਮਹਾਂਪੁਰਸ਼ਾਂ ਨਾਲ ਸਬੰਧਤ ਵੱਖ-ਵੱਖ ਡੇਰਿਆਂ ਦੀ ਸੂਚੀ ਵਿਚ ਡੇਰਾ ਬਾਬਾ ਬੰਦਾ ਬਹਾਦਰ ਦਾ ਆਪਣਾ ਵਿਲੱਖਣ ਸਥਾਨ ਹੈ। ਮੁੱਖ ਮਾਰਗ ਤੋਂ ਪਹਿਲਾ ਮੋੜ ਨਚੇ ਵੱਲ ਨੂੰ ਮੁੜਦਿਆਂ ਹੀ ਤੁਸੀਂ ਰਿਆਸੀ ਤਹਿਸੀਲ ਦੇ ਊਧਮਪੁਰ ਜ਼ਿਲ੍ਹੇ ਦੇ ਡੇਰੇ 'ਚ ਪਹੁੰਚ ਸਕਦੇ ਹੋ। ਇਹ ਇਤਿਹਾਸਕ ਅਤੇ ਕੁਦਰਤੀ ਸੁੰਦਰਤਾ ਵਾਲਾ ਹਿੰਦੂ-ਸਿੱਖ ਤੀਰਥ ਸਥਾਨ ਚੰਦਰਭਾਗਾ ਨਦੀ (ਚਨਾਬ) ਦੇ ਕਿਨਾਰੇ ਸਥਿਤ ਹੈ। 1712 ਵਿਚ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਤੋਂ ਬਾਅਦ ਫਾਰੁਖਸੀਆਰ ਦੀ ਮੁਗ਼ਲ ਫ਼ੌਜ ਨਾਲ ਭਿੜਨ ਦੀ ਤਿਆਰੀ ਲਈ ਬਾਬਾ ਬੰਦਾ ਬਹਾਦਰ ਨੇ ਆਪਣੀ ਸ਼ਕਤੀ ਦੇ ਮੁੜ ਸੰਚਾਰ ਲਈ ਇਕਾਂਤ ਦਾ ਜੀਵਨ ਚੁਣਿਆ ਅਤੇ ਪਹਾੜੀ ਵਾਤਾਵਰਨ ਵਿਚ ਜੰਗਲਾਂ ਨਾਲ ਘਿਰੇ ਇਸ ਸਥਾਨ 'ਤੇ ਰਹਿਣ ਲੱਗੇ।

ਚੰਦਰਭਾਗਾ (ਚਨਾਬ) ਦਰਿਆ ਦੇ ਮੋੜ 'ਤੇ ਦੂਰ ਸ਼ਾਂਤ ਜੰਮੂ ਦੀਆਂ ਪਹਾੜੀਆਂ 'ਚ ਬਾਬਾ ਜੀ ਅਤੇ ਉਨ੍ਹਾਂ ਦੀ ਫ਼ੌਜ ਨੇ ਵਿਸ਼ਰਾਮ ਕੀਤਾ। ਇਥੇ ਰਹਿ ਕੇ ਬਾਬਾ ਜੀ ਨੇ ਆਪਣੀ ਫ਼ੌਜ ਨੂੰ ਮੁੜ ਸ਼ਕਤੀਸ਼ਾਲੀ ਬਣਾਇਆ-ਘੋੜਿਆਂ ਅਤੇ ਅਸਤਰਾਂ-ਸ਼ਸਤਰਾਂ ਦਾ ਪ੍ਰਬੰਧ ਕੀਤਾ। ਇਸ ਤੋਂ ਬਾਅਦ ਸਿੱਖ ਫ਼ੌਜ ਪਹਾੜਾਂ ਤੋਂ ਮੈਦਾਨੀ ਇਲਾਕਿਆਂ ਵੱਲ ਇਤਿਹਾਸਕ ਕਲਾਨੌਰ ਦੇ ਰਸਤੇ 'ਤੇ ਅੱਗੇ ਵਧੀ।

ਡੇਰੇ ਵਿਚ ਬਾਬਾ ਬੰਦਾ ਬਹਾਦਰ ਜੀ ਨੇ ਇਕ ਬੇਰੀ ਦੇ ਹੇਠਾਂ ਕਠਿਨ ਤਪੱਸਿਆ ਕੀਤੀ ਸੀ। ਇਹ ਬੇਰੀ ਅੱਜ ਵੀ ਇਸ ਸਥਾਨ 'ਤੇ ਮੌਜੂਦ ਹੈ। ਅੱਜ ਵੀ ਤੁਸੀਂ ਇਸ ਦੇ ਫਲ ਖਾ ਸਕਦੇ ਹੋ। ਇਹ 'ਦੁੱਖ ਹਰਨੀ ਬੇਰੀ' ਦੁੱਖਾਂ ਦਾ ਨਾਸ਼ ਕਰਨ ਵਾਲੀ ਮੰਨੀ ਜਾਂਦੀ ਹੈ।

ਇਸ ਤੋਂ ਇਲਾਵਾ ਇਥੇ ਬਾਬਾ ਜੀ ਨੇ ਆਪਣੇ ਹੱਥੀਂ ਨਿਸ਼ਾਨ ਸਾਹਿਬ ਵੀ ਸਥਾਪਿਤ ਕੀਤਾ ਸੀ। ਤਿੰਨ ਸੌ ਸਾਲ ਪੁਰਾਣੇ ਇਸ ਡੇਰੇ ਵਿਚ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਅਜਾਇਬ ਘਰ ਵਿਚ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੀ ਗਈ ਕਿਰਪਾਨ, ਤੀਰ, ਕਵਚ ਦੇ ਵੀ ਦਰਸ਼ਨ ਕੀਤੇ ਜਾ ਸਕਦੇ ਹਨ। ਨਾਲ ਹੀ ਉਨ੍ਹਾਂ ਦੇ ਹੋਰ ਅਸਤਰ-ਸ਼ਸਤਰ ਅਤੇ ਵਸਤਰ ਵੀ ਰੱਖੇ ਗਏ ਹਨ। ਇਥੇ ਸਥਾਪਿਤ ਕੀਤੇ ਗਏ ਚਿੱਤਰਾਂ ਵਿਚ ਵੱਖ-ਵੱਖ ਦਿਸ਼ਾਂ ਦੇ ਇਤਿਹਾਸਕ ਛਣਾਂ ਨੂੰ ਦ੍ਰਿਸ਼ਟੀਮਾਨ ਕੀਤਾ ਗਿਆ ਹੈ।

## ਡੇਰੇ ਦੀ ਉਸਾਰੀ

ਬਾਬਾ ਜੀ ਚਾਹੁੰਦੇ ਸਨ ਕਿ ਡੇਰਾ ਸਦਾ ਅਣਛੋਹਿਆ ਰਹੇ ਤੇ ਉਥੇ ਕੋਈ ਪੱਕਾ ਭਵਨ ਨਾ ਬਣਾਇਆ ਜਾਵੇ। ਉਨ੍ਹਾਂ ਕਿਹਾ ਸੀ ਕਿ ਜੋ ਇਸ ਆਗਿਆ ਦੀ ਉਲੰਘਣਾ ਕਰੇਗਾ, ਉਸ ਦਾ ਵੰਸ਼ ਸਮਾਪਤ ਹੋ ਜਾਵੇਗਾ ਪਰ ਉਨ੍ਹਾਂ ਦੇ ਚੌਥੇ ਵੰਸ਼ਜ ਫ਼ਤਹਿ ਸਿੰਘ ਨੇ ਇਥੇ ਭਵਨ ਦੇ ਨਿਰਮਾਣ ਦਾ ਫ਼ੈਸਲਾ ਲਿਆ। ਡੇਰੇ ਦੀ ਉਸਾਰੀ ਦਾ ਇਹ ਫ਼ੈਸਲਾ ਹੀ ਉਨ੍ਹਾਂ ਦੇ ਬਲਿਦਾਨ ਦਾ ਕਾਰਨ ਬਣਿਆ। ਫਿਰ ਉਨ੍ਹਾਂ ਦੇ ਦੂਜੇ ਭਰਾ ਦੀ ਸੰਤਾਨ ਤੋਂ ਵੰਸ਼ ਅੱਗੇ ਤੁਰਿਆ ਅਤੇ ਹੁਣ ਬਾਬਾ ਜਤਿੰਦਰ ਸਿੰਘ ਇਸ ਡੇਰੇ ਦੀ ਸੇਵਾ ਸੰਭਾਲ ਕਰਦੇ ਤੇ ਇਸ ਦਾ ਪ੍ਰਬੰਧ ਚਲਾਉਂਦੇ ਹਨ।

## ਵਿਸਾਖੀ ਮੇਲਾ

*ਉੱਤਰੀ ਭਾਰਤ ਵਿਚ ਵਿਸਾਖੀ ਦੇ ਤਿਉਹਾਰ ਦੀ ਆਪਣੀ ਵਿਲੱਖਣ ਥਾਂ ਹੈ ਅਤੇ ਵੱਖ-ਵੱਖ ਥਾਵਾਂ 'ਤੇ ਮੇਲੇ ਲੱਗਦੇ ਹਨ। ਰਿਆਸੀ ਤਹਿਸੀਲ ਦੇ ਡੇਰਾ ਬਾਬਾ ਬੰਦਾ ਬਹਾਦਰ ਵਿਖੇ ਵੀ ਹਰ ਸਾਲ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਸ਼ਾਮਲ ਹੁੰਦੇ ਹਨ। ਇਸ ਮੌਕੇ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਸੰਤ-ਸਿਪਾਹੀ ਬਾਬਾ ਬੰਦਾ ਬਹਾਦਰ ਜੀ ਦੀ ਘਾਲਣਾ ਤੇ ਬਲਿਦਾਨ ਨੂੰ ਖ਼ਾਸ ਤੌਰ 'ਤੇ ਯਾਦ ਕੀਤਾ ਜਾਂਦਾ ਹੈ।*

*ਭਾਰਤ ਅਤੇ ਵਿਦੇਸ਼ਾਂ ਤੋਂ 25 ਹਜ਼ਾਰ ਤੋਂ ਜ਼ਿਆਦਾ ਸ਼ਰਧਾਲੂ ਅਤੇ ਸੈਲਾਨੀ ਇਸ ਸਥਾਨ 'ਤੇ ਪਹੁੰਚਦੇ ਹਨ ਅਤੇ ਦੁੱਖ ਹਰਨੀ ਬੇਰੀ ਤੇ ਨਿਸ਼ਾਨ ਸਾਹਿਬ ਦੇ ਦਰਸ਼ਨ ਕਰਨ ਤੋਂ ਇਲਾਵਾ ਅਜਾਇਬ ਘਰ 'ਚ ਸੁਸ਼ੋਭਿਤ ਬਾਬਾ ਦੀਆਂ ਪਵਿੱਤਰ ਵਸਤਾਂ ਦੇ ਵੀ ਦਰਸ਼ਨ ਕਰਦੇ ਹਨ।*

*ਵਿਸਾਖੀ ਮੇਲੇ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀਣਯੋਗ ਪਾਣੀ, ਸਾਫ਼-ਸਫ਼ਾਈ, ਆਵਾਜਾਈ, ਇਲਾਜ ਪ੍ਰਬੰਧਾਂ, ਲੰਗਰ ਅਤੇ ਸ਼ਰਧਾਲੂਆਂ ਦੇ ਰਹਿਣ ਲਈ ਖ਼ਾਸ ਪ੍ਰਬੰਧ ਕੀਤੇ ਜਾਂਦੇ ਹਨ। ਇਸ ਤੀਰਥ ਸਥਾਨ ਨੂੰ ਸੈਲਾਨੀ ਸਥਾਨ ਦੇ ਤੌਰ 'ਤੇ ਵਿਕਸਿਤ ਕਰਨ ਲਈ ਜੰਮੂ ਸੈਰ-ਸਪਾਟਾ ਦਫ਼ਤਰ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ, ਜਿਸ ਵਿਚ ਵਿਜੈ ਸਹਿਗਲ ਦਾ ਖ਼ਾਸ ਯੋਗਦਾਨ ਹੈ।*

## ਸੈਲਾਨੀਆਂ ਲਈ ਆਕਰਸ਼ਣ

ਚਨਾਬ ਦਰਿਆ 'ਚ ਕਿਸ਼ਤੀ ਦੀ ਸਵਾਰੀ ਤੋਂ ਇਲਾਵਾ ਜਲ ਖੇਡਾਂ ਦਾ ਵੀ ਇਥੇ ਪ੍ਰਬੰਧ ਹੈ। ਇਹ ਸਰਗਰਮੀਆਂ ਸੈਲਾਨੀਆਂ ਨੂੰ ਇਸ ਸਥਾਨ ਵੱਲ ਆਕਰਸ਼ਿਤ ਕਰਦੀਆਂ ਹਨ। ਸਥਾਨਕ ਸਰਕਾਰ ਵੱਲੋਂ ਰਿਆਸੀ ਤਹਿਸੀਲ 'ਚ ਆਧੁਨਿਕ ਪਾਰਕ ਦਾ ਨਿਰਮਾਣ ਕਰਵਾਏ ਜਾਣ ਦੀ ਵੀ ਯੋਜਨਾ ਹੈ। ਇਨ੍ਹਾਂ ਯਤਨਾਂ ਦੇ ਨਾਲ-ਨਾਲ ਡੇਰਾ ਬਾਬਾ ਬੰਦਾ ਬਹਾਦਰ ਦੀ ਪਵਿੱਤਰਤਾ ਅਤੇ ਇਤਿਹਾਸਕਤਾ ਨੂੰ ਕਾਇਮ ਰੱਖਣ ਦਾ ਵੀ ਖ਼ਾਸ ਖ਼ਿਆਲ ਰੱਖਿਆ ਜਾ ਰਿਹਾ ਹੈ ਕਿਉਂਕਿ ਇਹ ਸਥਾਨ ਅਧਿਆਤਮਿਕਤਾ ਤੇ ਕੁਦਰਤੀ ਸੁੰਦਰਤਾ ਦਾ ਵਡਮੁੱਲਾ ਖ਼ਜ਼ਾਨਾ ਹੈ, ਜਿਸ ਦੀ ਯਾਤਰਾ ਨੂੰ ਤੁਸੀਂ ਸਦਾ ਯਾਦ ਰੱਖੋਗੇ। । •

## ਪਟਿਆਲਾ ਜ਼ਿਲ੍ਹੇ ਦੇ ਸਿਖਰਲੇ ਤਿੰਨੋਂ ਸਥਾਨਾਂ ’ਤੇ ਪਲੇਅ ਵੇਜ਼ ਸਕੂਲ ਦਾ ਕਬਜ਼ਾ

### ਜ਼ਿਲ੍ਹੇ ਵਿੱਚੋਂ ਮੈਰਿਟ ਸੂਚੀ ’ਚ ਆਏ 39 ਵਿੱਚੋਂ 26 ਵਿਦਿਆਰਥੀ ਪਲੇਅ ਵੇਜ਼ ਸਕੂਲ ਦੇ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਦਸਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਇੱਥੋਂ ਦੇ ਪਲੇ-ਵੇਜ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਵਿਦਿਆਰਥੀ ਜ਼ਿਲ੍ਹੇ ਦੀਆਂ ਪਹਿਲੀਆਂ ਤਿੰਨੋਂ ਪੁਜ਼ੀਸ਼ਨਾਂ ’ਤੇ ਕਾਬਜ਼ ਹੋਏ ਹਨ। ਇਨ੍ਹਾਂ ਵਿਦਿਆਰਥੀਆਂ ਨੇ ਪੰਜਾਬ ਭਰ ਵਿੱਚੋਂ ਵੀ ਤਰਤੀਬਵਾਰ ਪੰਜਵਾਂ, ਸੱਤਵਾਂ ਅਤੇ ਅੱਠਵਾਂ ਸਥਾਨ ਹਾਸਲ ਕੀਤਾ ਹੈ। ਇੱਥੋਂ ਤੱਕ ਬਰਾਬਰ ਅੰਕ ਲੈ ਕੇ ਇਸੇ ਸਕੂਲ ਦੇ ਹੀ ਦੋ ਵਿਦਿਆਰਥੀਆਂ ਨੇ ਸਾਂਝੇ ਤੌਰ ’ਤੇ ਜ਼ਿਲ੍ਹੇ ਵਿੱਚੋਂ ਫਸਟ ਪੁਜੀਸ਼ਨ ਵੀ ਹਾਸਲ ਕੀਤੀ ਹੈ ਜਦਕਿ ਸੈਕਿੰਡ ਅਤੇ ਥਰਡ ਵੀ ਇਸੇ ਹੀ ਸਕੂਲ ਦੇ ਵਿਦਿਆਰਥੀ ਆਏ ਹਨ। ਏਨਾ ਹੀ ਨਹੀਂ ਪਟਿਆਲਾ ਜ਼ਿਲ੍ਹੇ ਵਿੱਚੋਂ ਮੈਰਿਟ ’ਚ ਆਏ ਕੁੱਲ 39 ਵਿੱਚੋਂ 26 ਵਿਦਿਆਰਥੀਆਂ ਪਲੇ ਵੇਜ ਸਕੂਲ ਦੇ ਹੀ ਹਨ।


ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਦੇ ਐਮਡੀ ਰਾਜਦੀਪ ਸਿੰਘ ਮੋਹਰੀ ਬੱਚਿਆਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ।

ਵੇਰਵਿਆਂ ਅਨੁਸਾਰ ਪਲੇਅ ਵੇਜ਼ ਸਕੂਲ ਦੇ ਵਿਦਿਆਰਥੀ ਗੁਰਸੀਸ ਸਿੰਘ ਤੇ ਗੁਰਲੀਨ ਕੌਰ ਨੇ 650 ਵਿੱਚੋਂ 641 (98.62 ਫੀਸਦੀ) ਅੰਕ ਹਾਸਲ ਕੀਤੇ ਹਨ। ਦੋਵਾਂ ਦੇ ਇਹ ਅੰਕ ਬਰਾਬਰ ਹੋਣ ਕਰਕੇ ਬੋਰਡ ਵੱਲੋਂ ਇਨ੍ਹਾਂ ਦੋਵਾਂ ਨੂੰ ਹੀ ਪਟਿਆਲਾ ਜ਼ਿਲ੍ਹੇ ਵਿੱਚੋਂ ਸਾਂਝੇ ਤੌਰ ਤੌਰ ’ਤੇ ਫਸਟ ਐਲਾਨਿਆ ਹੈ। ਇਨ੍ਹਾਂ ਦੋਵਾਂ ਦੀ ਹੀ ਪੰਜਾਬ ਵਿਚੋਂ ਵੀ ਸਾਂਝੇ ਤੌਰ ’ਤੇ ਹੀ ਪੰਜਵੀਂ ਪੁਜ਼ੀਸ਼ਨ ਹੈ। ਇਸੇ ਸਕੂਲ ਦੇ ਗੈਵਿਨ ਸ਼ਰਮਾ ਨੇ 650 ਵਿਚੋਂ 639 (98. 31ਫੀਸਦੀ) ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਦੂਜਾ ਤੇ ਪੰਜਾਬ ਵਿੱਚੋਂ 7ਵਾਂ ਸਥਾਨ ਜਦਕਿ ਕੁਮੁਦ ਨੇ 638 (98.15ਫੀਸਦੀ) ਅੰਕ ਹਾਸਲ ਕਰਦਿਆਂ, ਜ਼ਿਲ੍ਹੇ ਵਿੱਚ ਤੀਜਾ ਸਥਾਨ ਅਤੇ ਪੰਜਾਬ ਵਿਚੋਂ 8ਵਾਂ ਸਥਾਨ ਪਾਇਆ ਹੈ। ਸਕੂਲ ਦੇ ਚੇਅਰਮੈਨ ਡਾ. ਰਾਜਦੀਪ ਸਿੰਘ, ਡਾਇਰੈਕਟਰ ਹਰਲੀਨ ਕੌਰ ਸਮੇਤ ਸਕੂਲ ਪ੍ਰਿੰਸੀਪਲ ਸਮੇਤ ਸਮੁੱਚੇ ਸਟਾਫ਼ ਨੇ ਮੋਹਰੀ ਰਹੇ ਇਨ੍ਹਾਂ ਵਿਦਿਆਰਥੀਆਂ ਤੇ ਇਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਹੈ।

ਇਸੇ ਦੌਰਾਨ ਇਸ ਨਤੀਜੇ ਦੌਰਾਨ ਪਟਿਆਲਾ ਜਿਲ੍ਹੇ ਵਿਚੋਂ ਮੈਰਿਟ ਸੂਚੀ ’ਚ ਆਏ ਪਲੇਅ ਵੇਜ਼ ਸਕੂਲ ਦੇ ਵਿਦਿਆਰਥੀਆਂ ’ਚ ਜੋਤੀ, ਨਿਹਾਰਿਕਾ ਸ਼ਰਮਾ, ਪ੍ਰਾਚੀ ਗਰਗ, ਗੂੰਜਨ, ਮੋਹਿਤ, ਗੁਰਨੂਰ ਕੌਰ, ਸ੍ਰਿਸ਼ਟੀ, ਮਨਵਿੰਦਰ ਕੌਰ, ਅਨੰਨਿਆ, ਇਸ਼ਪ੍ਰੀਤ ਕੌਰ, ਮਿਤਾਂਸ਼ੂ, ਸਮੀਰ ਭੋਲਾ, ਜਪਲੀਨ ਕੌਰ, ਪ੍ਰਿਯੰਕਾ, ਪ੍ਰਾਚੀ, ਬਲਿਸ਼ਾ, ਯਸ਼ਿਕਾ, ਅਨਵੇਸ਼ ਮੰਡਲ, ਲਕਸ਼ੇ ਕੁਮਾਰ, ਦਿਵਾਕਰ, ਨਵਜੋਤ ਕੌਰ ਤੇ ਮਹਿਕ ਨੇ ਥਾਂ ਬਣਾਈ ਗਈ ਹੈ।

ਮੈਰਿਟ ’ਚ ਆਏ ਬਾਕੀ ਸਕੂਲਾਂ ਦੇ ਬੱਚਿਆਂ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡਕਾਲਾ ਦੀ ਰਮਨਦੀਪ ਕੌਰ ਤੇ ਕਮਲਪ੍ਰੀਤ ਸਿੰਘ ਸ਼ਾਮਲ ਹਨ। ਇਨ੍ਹਾਂ ਨਾਲ ਹੀ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦਾ ਵੀ ਮੈਰਿਟ ਲਿਸਟ ’ਚ ਖਾਤਾ ਖੁੱਲ੍ਹਿਆ ਹੈ।

## ਨੈਸ਼ਨਲ ਸਟਾਕ ਐਕਸਚੇਂਜ 24 ਅਪ੍ਰੈਲ, 2024 ਤੋਂ ਨਿਫਟੀ ਨੈਕਸਟ 50 ਇੰਡੈਕਸ ’ਤੇ ਡੈਰੀਵੇਟਿਵਜ਼ ਲਾਂਚ ਕਰੇਗਾ


**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ (ਐਨਐਸਈ), ਸਾਲ 2023 ਵਿੱਚ ਵਪਾਰ ਕੀਤੇ ਗਏ ਇਕਰਾਰਨਾਮਿਆਂ ਦੁਆਰਾ ਵਿਸ਼ਵ ਦਾ ਨੰਬਰ 1 ਡੈਰੀਵੇਟਿਵ ਐਕਸਚੇਂਜ, ਨੇ ਨਿਫਟੀ ਨੈਕਸਟ 50 ਸੂਚਕਾਂਕ ’ਤੇ ਡੈਰੀਵੇਟਿਵਜ਼ ਲਈ ਭਾਰਤੀ ਪ੍ਰਤੀਭੂਤੀਆਂ ਅਤੇ ਐਕਸਚੇਂਜ ਬੋਰਡ (SEBI) ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਹੈ। . ਮਿਲ ਗਿਆ. ਇਹ ਕੰਟਰੈਕਟ 24 ਅਪ੍ਰੈਲ 2024 ਤੋਂ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ’ਤੇ ਬੋਲਦੇ ਹੋਏ, ਸ਼੍ਰੀਰਾਮ ਕ੍ਰਿਸ਼ਨਨ, ਚੀਫ ਬਿਜ਼ਨਸ ਡਿਵੈਲਪਮੈਂਟ ਅਫਸਰ, ਐਨਐਸਈ, ਨੇ ਕਿਹਾ, ÷ਨਿਫਟੀ ਨੈਕਸਟ 50 ਇੰਡੈਕਸ ’ਤੇ ਡੈਰੀਵੇਟਿਵਜ਼ ਦੀ ਸ਼ੁਰੂਆਤ ਮੌਜੂਦਾ ਸੂਚਕਾਂਕ ਡੈਰੀਵੇਟਿਵ ਉਤਪਾਦ ਸੂਟ ਦੇ ਪੂਰਕ ਹੋਵੇਗੀ। ਨਿਫਟੀ ਨੈਕਸਟ 50 ਸੂਚਕਾਂਕ ਨਿਫਟੀ 50 ਸੂਚਕਾਂਕ ਦੇ ਵਿਚਕਾਰਲੇ ਸਥਾਨ ਨੂੰ ਦਰਸਾਉਂਦਾ ਹੈ ਜਿਸ ਵਿੱਚ ਚੋਟੀ ਦੇ ਵੱਡੇ ਅਤੇ ਤਰਲ ਮੱਧ-ਪੂੰਜੀਕ੍ਰਿਤ ਸਟਾਕਾਂ ਅਤੇ ਨਿਫਟੀ ਮਿਡਕੈਪ ਸਿਲੈਕਟ ਇੰਡੈਕਸ ਵਿੱਚ ਚੋਟੀ ਦੇ ਵੱਡੇ ਅਤੇ ਤਰਲ ਮੱਧ-ਪੂੰਜੀਕ੍ਰਿਤ ਸਟਾਕ ਸ਼ਾਮਲ ਹੁੰਦੇ ਹਨ।÷ਐਕਸਚੇਂਜ ਲਗਾਤਾਰ 3 ਮਾਸਿਕ ਸੂਚਕਾਂਕ ਫਿਊਚਰਜ਼ ਅਤੇ ਇੰਡੈਕਸ ਵਿਕਲਪ ਕੰਟਰੈਕਟ ਚੱਕਰ ਦੀ ਪੇਸ਼ਕਸ਼ ਕਰੇਗਾ। ਕੈਸ਼ ਸੈਟਲ ਕੀਤੇ ਡੈਰੀਵੇਟਿਵ ਕੰਟਰੈਕਟਸ ਦੀ ਮਿਆਦ ਪੁੱਗਣ ਵਾਲੇ ਮਹੀਨੇ ਦੇ ਆਖਰੀ ਸ਼ੁੱਕਰਵਾਰ ਨੂੰ ਖਤਮ ਹੋ ਜਾਵੇਗੀ।ਨਿਫਟੀ ਨੈਕਸਟ 50 ਇੰਡੈਕਸ ਨਿਫਟੀ 100 ਵਿੱਚੋਂ 50 ਕੰਪਨੀਆਂ ਨੂੰ ਦਰਸਾਉਂਦਾ ਹੈ, ਨਿਫਟੀ 50 ਕੰਪਨੀਆਂ ਨੂੰ ਛੱਡ ਕੇ। ਮਾਰਚ 2024 ਤੱਕ, ਵਿੱਤੀ ਸੇਵਾਵਾਂ ਖੇਤਰ ਨੇ 23.76 ਪ੍ਰਤੀਸ਼ਤ ਦੇ ਨਾਲ ਸੂਚਕਾਂਕ ਵਿੱਚ ਚੋਟੀ ਦੇ ਸੈਕਟਰ ਦੀ ਨੁਮਾਇੰਦਗੀ ਕੀਤੀ, ਇਸ ਤੋਂ ਬਾਅਦ ਪੂੰਜੀ ਵਸਤੂਆਂ ਦੇ ਖੇਤਰ ਨੇ 11.91 ਪ੍ਰਤੀਸ਼ਤ ਅਤੇ ਖਪਤਕਾਰ ਸੇਵਾਵਾਂ 11.57 ਪ੍ਰਤੀਸ਼ਤ ਦੇ ਨਾਲ। ਸੂਚਕਾਂਕ 1 ਜਨਵਰੀ, 1997 ਨੂੰ ਪੇਸ਼ ਕੀਤਾ ਗਿਆ ਸੀ, ਜਿਸਦੀ ਅਧਾਰ ਮਿਤੀ ਅਤੇ ਅਧਾਰ ਮੁੱਲ ਕ੍ਰਮਵਾਰ 03 ਨਵੰਬਰ, 1996 ਅਤੇ 1000 ਸੀ। ਸਾਲਾਂ ਦੌਰਾਨ, ਸੂਚਕਾਂਕ ਵਿਧੀ ਵਿੱਚ ਸੋਧਾਂ ਹੋਈਆਂ ਹਨ। ਸੂਚਕਾਂਕ ਗਣਨਾ ਵਿਧੀ ਨੂੰ 4 ਮਈ 2009 ਤੋਂ ਪ੍ਰਭਾਵੀ ਹੋ ਕੇ ਮੁਫਤ ਫਲੋਟ ਮਾਰਕੀਟ ਪੂੰਜੀਕਰਣ ਵੇਟਿਡ ਵਿਧੀ ਵਿੱਚ ਸੋਧਿਆ ਗਿਆ ਸੀ। ਇਸ ਤੋਂ ਬਾਅਦ, ਉਹਨਾਂ ਹਿੱਸੇਦਾਰ ਸ਼ੇਅਰਾਂ ਲਈ ਵੇਟ ਕੈਪਿੰਗ ਸ਼ੁਰੂ ਕੀਤੀ ਗਈ ਸੀ ਜਿਨ੍ਹਾਂ ’ਤੇ ਡੈਰੀਵੇਟਿਵ ਉਪਲਬਧ ਨਹੀਂ ਸਨ। ਇਸ ਨੂੰ 2023 ਵਿੱਚ ਸੰਸ਼ੋਧਿਤ ਕੀਤਾ ਗਿਆ ਸੀ ਤਾਂ ਜੋ ਤਿਮਾਹੀ ਪੁਨਰ-ਸੰਤੁਲਨ ਮਿਤੀਆਂ ’ਤੇ ਸੂਚਕਾਂਕ ਵਿੱਚ ਗੈਰ-6×® ਸ਼ੇਅਰਾਂ ਦੇ ਸੰਚਤ ਭਾਰ ਨੂੰ 10 ਪ੍ਰਤੀਸ਼ਤ ਅਤੇ ਗੈਰ-F&O ਸ਼ੇਅਰਾਂ ਨੂੰ 4.5 ਪ੍ਰਤੀਸ਼ਤ ਤੱਕ ਸੀਮਤ ਕੀਤਾ ਜਾ ਸਕੇ।

## ਗਾਂਧੀ ਨੇ ਸ਼ਾਹੀ ਖ਼ਾਨਦਾਨ ਨੂੰ ਘੇਰਿਆ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਅੱਜ ਪਟਿਆਲਾ ਦੇ ‘ਰਿਆਸਤੀ ਮਹਾਰਾਜਾ’ ਖ਼ਾਨਦਾਨ ਉੱਤੇ ਕਈ ਦੋਸ਼ ਲਗਾਉਂਦਿਆਂ ਉਨ੍ਹਾਂ ਨੂੰ ਹਵਾ ਦੇ ਰੁਖ਼ ਨਾਲ ਚੱਲ ਕੇ ਨਿੱਜੀ ਲਾਭ ਲੈਣ ਵਾਲਾ ਖ਼ਾਨਦਾਨ ਦੱਸਿਆ।



ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਮੋਤੀ ਮਹਿਲ ਦੇ ਖ਼ਾਨਦਾਨ ਤੋਂ ਕੋਈ ਆਸਾਂ ਨਹੀਂ ਹਨ। ਉਨ੍ਹਾਂ ਇਹ ਦੋਸ਼ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਲਗਾਏ। ਉਨ੍ਹਾਂ ਕਿਹਾ ਕਿ ਮਹਾਰਾਜਾ ਕਰਮ ਸਿੰਘ ਨੇ ਅੰਗਰੇਜ਼ਾਂ ਨਾਲ ਮਿਲ ਕੇ ਮੁਦਕੀ ਦੀ ਲੜਾਈ ਲੜਨ ਵਾਲੇ ਬਾਬਾ ਹਨੂਮਾਨ ਸਿੰਘ ਨੂੰ ਸੋਹਾਣਾ ਵਿੱਚ ਸ਼ਹੀਦ ਕੀਤਾ ਸੀ ਤੇ ਬਾਕੀ ਸਿੰਘਾਂ ਨੂੰ ਪਟਿਆਲਾ ਆਦਿ ਖੇਤਰਾਂ ਵਿੱਚ ਸ਼ਹੀਦ ਕੀਤਾ ਸੀ, ਜਿਸ ਦੇ ਸਪੱਸ਼ਟ ਪ੍ਰਮਾਣ ਮਿਲਦੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਜਿਸ ਨੂੰ ਕਾਂਗਰਸ ਨੇ ਦੋ ਵਾਰ ਮੁੱਖ ਮੰਤਰੀ ਬਣਾਇਆ ਹੋਵੇ ਤੇ ਉਸ ਨੇ ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਨਿੱਜੀ ਲਾਲਸਾਵਾਂ ਕਰਕੇ ਭਾਜਪਾ ਨਾਲ ਹੱਥ ਮਿਲਾ ਲਿਆ ਲਿਆ ਹੋਵੇ ਉਸ ਤੋਂ ਪੰਜਾਬੀ ਕਦੇ ਵੀ ਪੰਜਾਬ ਦੇ ਭਲੇ ਦੀ ਆਸ ਕਿਵੇਂ ਰੱਖ ਸਕਦੇ ਹਨ। ਉਨ੍ਹਾਂ ਕਿਹਾ ਕਿ ਉਸ ਦੀ ਲੜਾਈ ਹੁਣ ਮਹਿਲਾਂ ਵਾਲਿਆਂ ਨਾਲ ਨਹੀਂ ਹੈ ਸਗੋਂ ਭਾਜਪਾ ਦੀਆਂ ਦੇਸ਼ ਵਿਰੋਧੀ ਨੀਤੀਆਂ ਨਾਲ ਹੈ, ਹੁਣ ਭਾਰਤੀਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਹਰ ਉਮੀਦਵਾਰ ਨੂੰ ਹਾਰ ਦਾ ਮੂੰਹ ਦਿਖਾਉਣ ਤਾਂ ਕਿ ਦੇਸ਼ ਨੂੰ ਬਚਾਇਆ ਜਾ ਸਕੇ।

## ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਬਾਇਓਮੈਡ ਲੈਬ ਸਾਇੰਸ ਦਿਵਸ ਸਬੰਧੀ ਸਮਾਗਮ ਦਾ ਆਯੋਜਨ

**ਮੁਹਾਲੀ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਬਾਇਓਮੈਡੀਕਲ ਲੈਬਾਰਟਰੀ ਸਾਇੰਸ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਬਕਾ ਡੀਨ-ਕਮ ਮੁਖੀ ਪੈਰਾਸਿਟੋਲੋਜੀ ਵਿਭਾਗ, ਪੀਜੀਆਈਐਮਈਆਰ, ਚੰਡੀਗੜ੍ਹ, ਡਾ. ਰਾਕੇਸ਼ ਸਹਿਗਲ, ਜੋ ਵਰਤਮਾਨ ਵਿੱਚ ਅਰੁਪਦਾਈ ਵੀਡੂ, ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਮਾਈਕ੍ਰੋਬਾਇਓਲੋਜੀ ਦੇ ਡੀਨ ਅਤੇ ਪ੍ਰੋਫੈਸਰ ਵਜੋਂ ਕੰਮ ਕਰ ਰਹੇ ਹਨ, ਦੁਆਰਾ ਕੀਤਾ ਗਿਆ।



ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਉਤਸ਼ਾਹਜਨਕ ਹੈ ਕਿ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਸਿੱਖਿਆ ’ਤੇ ਧਿਆਨ ਕੇਂਦਰਿਤ ਕਰਨ ਦੇ ਨਾਲ-ਨਾਲ ਨਾ ਸਿਰਫ਼ ਰਾਸ਼ਟਰੀ ਸਮਾਗਮਾਂ ਨੂੰ ਮਨਾਉਣ ਸਗੋਂ ਸਿਹਤ ਸੰਭਾਲ ਸਿਸਟਮ ਬਾਰੇ ਜਾਗਰੂਕਤਾ ਫੈਲਾਉਣ ਲਈ ਅੰਤਰਰਾਸ਼ਟਰੀ ਦਿਵਸ ਵੀ ਮਨਾਉਣ ਲਈ ਚਿੰਤਤ ਹੈ।

ਡਾ: ਰਾਕੇਸ਼ ਸਹਿਗਲ ਨੇ ਕਿਹਾ ਕਿ ਬਾਇਓਮੈਡੀਕਲ ਲੈਬਾਰਟਰੀ ਟੈਕਨਾਲੋਜਿਸਟ ਅਤੇ ਵਿਗਿਆਨੀ ਸਿਹਤ ਸੰਭਾਲ ਵਿੱਚ ਗੁਣਵੱਤਾ ਅਤੇ ਰੋਗੀ ਦੀ ਸੁਰੱਖਿਆ ਲਈ ਲਾਜ਼ਮੀ ਯੋਗਦਾਨ ਪਾਉਂਦੇ ਹਨ ਜੋ ਸਹੀ ਅਤੇ ਭਰੋਸੇਮੰਦ ਲੈਬਾਰਟਰੀ ਟੈਸਟਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਦੇ ਹਨ ਜੋ ਕਿ ਮਰੀਜ਼ਾਂ ਦੀ ਪ੍ਰਭਾਵਸ਼ਾਲੀ ਦੇਖਭਾਲ ਲਈ ਜ਼ਰੂਰੀ ਸਨ।

ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਬਾਇਓਮੈਡੀਕਲ ਲੈਬਾਰਟਰੀ ਟੈਕਨੋਲੋਜਿਸਟ ਅਤੇ ਵਿਗਿਆਨੀ ਅਸਲ ਵਿੱਚ ਸਿਹਤ ਸੰਭਾਲ ਵਿੱਚ ਗੁਣਵੱਤਾ ਅਤੇ ਮਰੀਜ਼ਾਂ ਦੀ ਸੁਰੱਖਿਆ ਦੇ ਰਖਵਾਲੇ ਹੁੰਦੇ ਹਨ।

ਉਹਨਾਂ ਅੱਗੇ ਕਿਹਾ ਕਿ ਲੈਬਾਰਟਰੀ ਟੈਕਨੋਲੋਜਿਸਟ ਨੇ ਡਾਇਗਨੌਸਟਿਕ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਈ, ਸਹੀ ਅਤੇ ਭਰੋਸੇਮੰਦ ਪ੍ਰਯੋਗਸ਼ਾਲਾ ਦੇ ਨਤੀਜੇ ਪ੍ਰਦਾਨ ਕੀਤੇ ਜੋ ਬਿਮਾਰੀਆਂ ਦੇ ਨਿਦਾਨ, ਇਲਾਜ ਅਤੇ ਨਿਗਰਾਨੀ ਵਿੱਚ ਸਹਾਇਤਾ ਕਰਦੇ ਹਨ।

ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸ ਦੇ ਡੀਨ ਡਾ ਪੰਕਜ ਕੌਲ ਨੇ ਦੱਸਿਆ ਕਿ ਇਸ ਸਮਾਗਮ ਵਿੱਚ 150 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਆਰਬੀਯੂ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ, ਅਕਾਦਮਿਕ ਦੇ ਡੀਨ ਡਾ: ਸਤੀਸ਼ ਬਾਂਸਲ, , ਡਾ: ਲਲਿਤ ਕੇ ਗੁਪਤਾ ਅਤੇ ਡਾ: ਐਸ ਕੋਲੀ, ਐਸੋਸੀਏਟ ਡੀਨ ਵੀ ਹਾਜ਼ਰ ਸਨ। ਕੇ.ਐਸ.ਰਾਣਾ, ਐਸੋਸੀਏਟ ਪ੍ਰੋਫੈਸਰ ਕਮ ਯੂਨਿਟ ਹੈਡ, ਮੈਡੀਕਲ ਲੈਬਾਰਟਰੀ ਸਾਇੰਸ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ‘ਆਪ’ ਤੇ ਭਾਜਪਾ ਸਰਕਾਰ ਕਿਸਾਨਾਂ ਦੀ ਦੁਸ਼ਮਣ: ਐੱਨਕੇ ਸ਼ਰਮਾ


ਅਕਾਲੀ ਦਲ ਦੇ ਉਮੀਦਵਾਰ ਐਨਕੇ ਸ਼ਰਮਾ ਸੰਬੋਧਨ ਕਰਦੇ ਹੋਏ।

**ਪਾਤੜਾਂ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

‘ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀਆਂ ਅਤੇ ਪੰਜਾਬ ਲਈ ਲੋਕ ਹਿਤੈਸ਼ੀ ਫੈਸਲੇ ਲੈਂਦਿਆਂ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਲੜਾਈ ਲੜੀ ਹੈ ਤੇ ਲੜਦਾ ਰਹੇਗਾ, ਜਦੋਂ ਕਿ ‘ਆਪ’ ਅਤੇ ਕੇਂਦਰ ਵਿਚਲੀ ਭਾਜਪਾ ਸਰਕਾਰ ਕਿਸਾਨਾਂ ਦੀ ਵੱਡੀ ਦੁਸ਼ਮਣ ਸਾਬਿਤ ਹੋਈ ਹੈ।’ ਇਹ ਗੱਲ ਲੋਕ ਸਭਾ ਹਲਕਾ ਪਟਿਆਲਾ ਤੋਂ ਅਕਾਲੀ ਦਲ ਦੇ ਉਮੀਦਵਾਰ ਐਨਕੇ ਸ਼ਰਮਾ ਨੇ ਹਲਕਾ ਇੰਚਾਰਜ ਕਬੀਰ ਦਾਸ ਦੀ ਰਹਿਨੁਮਾਈ ਹੇਠ ਪਿੰਡ ਦੁਗਾਲ ਦੀ ਹਵੇਲੀ ਵਿੱਚ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਪਲੇਠੀ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਹੀ। ਸ਼ਰਮਾ ਨੇ ਵਰਕਰਾਂ ਨੂੰ ਚੋਣ ਪ੍ਰਚਾਰ ਲਈ ਜੁੱਟ ਜਾਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ-ਆਪ ਨੂੰ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ ‘ਆਪ’ ਸਰਕਾਰ ਨੇ ਪਿਛਲੇ ਸਾਲ ਘੱਗਰ ਦਰਿਆ ’ਚ ਆਏ ਹੜ੍ਹਾਂ ਅਤੇ ਗੜਿਆਂ ਨਾਲ ਬਰਬਾਦ ਹੋਈਆਂ ਫ਼ਸਲਾਂ ਦਾ ਅੱਜ ਤੱਕ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ। ਉਨ੍ਹਾਂ ਕਿਹਾ ਹੈ ਕਿ ਦੋ ਵਾਰ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਅਤੇ ਚਾਰ ਵਾਰ ਸੰਸਦ ਰਹੀ ਪ੍ਰਨੀਤ ਕੌਰ ਨੇ ਹਲਕੇ ਦੇ ਵਿਕਾਸ ਲਈ ਕੋਈ ਉਪਰਾਲੇ ਕੀਤੇ ਹਨ। ਉਨ੍ਹਾਂ ਕਿਹਾ ਹੈ ਕਿ ਨੈਸ਼ਨਲ ਹਾਈਵੇਅ ਅਤੇ ਐਕਸਪ੍ਰੈਸਵੇਅ ਦੇ ਨਿਰਮਾਣ ਲਈ ਐਕੁਆਇਰ ਕੀਤੀ ਜ਼ਮੀਨ ਦੇ ਮੁਆਵਜ਼ੇ ਵਿੱਚ ਕਿਸਾਨਾਂ ਨਾਲ ਵੱਡਾ ਵਿਤਕਰਾ ਹੋਇਆ ਹੈ ਪਰ ਪ੍ਰਨੀਤ ਕੌਰ ਨੇ ਕਦੇ ਹਾਅ ਦਾ ਨਾਅਰਾ ਨਹੀਂ ਮਾਰਿਆ। ਵਾਅਦਾ ਖਿਲਾਫੀ ਕਰਨ ਅਤੇ ਕਿਸਾਨਾਂ ਉੱਤੇ ਗੋਲੀਆਂ, ਅਥਰੂ ਗੈਸ ਗੋਲੇ ਤੇ ਪਾਣੀ ਦੀਆਂ ਬੁਛਾੜਾਂ ਦੀ ਬਰਸਾਤ ਕਰਨ ਵਾਲੀ ਭਾਜਪਾ ਲਈ ਜਦੋਂ ਉਹ ਵੋਟਾਂ ਮੰਗਣ ਲੱਗੇ ਹੈ ਤਾਂ ਉਨ੍ਹਾਂ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਲਕਾ ਇੰਚਾਰਜ ਕਬੀਰ ਦਾਸ ਤੇ ਅਕਾਲੀ ਦਲ ਦੇ ਪੀਏਸੀ ਦੇ ਮੈਂਬਰ ਜਗਮੀਤ ਸਿੰਘ ਹਰਿਆਉ ਨੇ ਕਿਹਾ ਹੈ ਕਿ ਪਾਰਟੀ ਵਰਕਰ ਘਰ ਘਰ ਜਾ ਕੇ ਲੋਕਾਂ ਨੂੰ ਅਕਾਲੀ ਸਰਕਾਰ ਸਮੇਂ ਦਿੱਤੀਆਂ ਸਹੂਲਤਾਂ ਤੋਂ ਜਾਣੂ ਕਰਵਾ ਕੇ ਪਾਰਟੀ ਲਈ ਵੋਟਾਂ ਦੀ ਮੰਗ ਕਰ ਰਹੇ ਹਨ ਉਨ੍ਹਾਂ ਪਾਰਟੀ ਉਮੀਦਵਾਰ ਨੂੰ ਵੱਡੀ ਲੀਡ ਲੈ ਕੇ ਦੇਣ ਦਾ ਭਰੋਸਾ ਦਵਾਇਆ ਹੈ।

## ਪ੍ਰੋ. ਅਰਵਿੰਦ ਵੱਲੋਂ ਅਲੂਮਨੀ ਮੀਟ ਨੂੰ ਯਾਦਗਾਰੀ ਬਣਾਉਣ ਲਈ ਨਿਰਦੇਸ਼

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਦੀ ਮਿਲਣੀ ਹਿਤ ਕਰਵਾਈ ਜਾ ਰਹੀ ‘ਅਲੂਮਨੀ ਮੀਟ’ ਨੂੰ ਯਾਦਗਾਰ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਇਸ ਹਫ਼ਤੇ ਆਨਲਾਈਨ ਅਤੇ ਅਗਲੇ ਹਫ਼ਤੇ ਆਫਲਾਈਨ ਕਰਵਾਈ ਜਾ ਰਹੀ ਅਲੂਮਨੀ ਮੀਟ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਪ੍ਰੋ. ਅਰਵਿੰਦ ਨੇ ਕਿਹਾ ਕਿ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਦੀਆਂ ਯੂਨੀਵਰਸਿਟੀ ਨਾਲ਼ ਭਾਵੁਕ ਸਾਂਝਾਂ ਜੁੜੀਆਂ ਹੁੰਦੀਆਂ ਹਨ। ਇਸ ਕਰ ਕੇ ਇਸ ਦੇ ਪ੍ਰਬੰਧ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਇਸ ਵਿੱਚ ਵੱਧ ਤੋਂ ਵੱਧ ਸਾਬਕਾ ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਜਾਰੀ ਕੀਤੇ।

ਜ਼ਿਕਰਯੋਗ ਹੈ ਕਿ ਆਨਲਾਈਨ ਅਲੂਮਨੀ ਮੀਟ 20 ਅਪਰੈਲ ਨੂੰ ਕਰਵਾਈ ਜਾ ਰਹੀ ਹੈ ਜਿਸ ਵਿੱਚ ਵਿਦੇਸ਼ਾਂ ਅਤੇ ਦੂਰ ਦਰਾਜ ਵਿੱਚ ਰਹਿਣ ਵਾਲ਼ੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਹਿੱਸਾ ਲੈ ਸਕਣਗੇ। ਆਫ਼ਲਾਈਨ ਅਲੂਮਨੀ ਮੀਟ 24 ਅਪਰੈਲ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਕਰਵਾਈ ਜਾਵੇਗੀ।

## ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਘੇਰੇ ਵਿੱਚ ਲਿਆਂਦਾ ਜਾਵੇ: ਬਹਿਰੂ

### ਕਿਸਾਨ ਆਗੂ ਵੱਲੋਂ ਵਾਅਦਿਆਂ ਦੀ ਪੂਰਤੀ ਨਾ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਕਰਨ ਦੀ ਅਪੀਲ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਦਾ ਕਹਿਣਾ ਹੈ ਕਿ ਚੋਣਾਂ ਦੌਰਾਨ ਸਮੂਹ ਰਾਜਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਕਥਿਤ ਝੂਠੇ ਚੋਣ ਵਾਅਦਿਆਂ ਰਾਹੀਂ ਦਹਾਕਿਆਂ ਤੋਂ ਵੋਟਰਾਂ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ। ਸਬਜ਼ਬਾਗ ਦਿਖਾ ਕੇ ਵੋਟਾਂ ਤਾਂ ਬਟੋਰ ਲਈਆਂ ਜਾਂਦੀਆਂ ਹਨ, ਪਰ ਬਾਅਦ ’ਚ ਚੋਣ ਮਨੋਰਥ ਪੱਤਰਾਂ ਵਿਚਲੇ ਵਾਅਦਿਆਂ ਦੀ ਪੂਰਤੀ ਨਹੀਂ ਕੀਤੀ ਜਾਂਦੀ।



ਇਸ ਲਈ ਭਾਰਤੀ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਸਮੂਹ ਰਾਜਸੀ ਧਿਰਾਂ ਦੇ ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਘੇਰੇ ਵਿੱਚ ਲਿਆ ਕੇ ਲੋਕਾਂ ਨਾਲ ਵੱਜਦੀ ਰਾਜਨੀਤਕ ਠੱਗੀ ਬੰਦ ਕਰਵਾਈ ਜਾਵੇ। ]

ਜੇ ਕੋਈ ਰਾਜਸੀ ਪਾਰਟੀ ਆਪਣੇ ਵਾਅਦੇ ’ਤੇ ਖਰੀ ਨਹੀਂ ਉਤਰਦੀ, ਤਾਂ ਉਸ ਦੀ ਮਾਨਤਾ ਰੱਦ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਭਾਜਪਾ ਦਾ ਤਾਜ਼ਾ ਚੋਣ ਮਨੋਰਥ ਪੱਤਰ ਤਾਂ ਦੇਸ਼ ਦੇ ਕਿਸਾਨਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਤੋਂ ਵੱਧ ਕੁਝ ਨਹੀਂ ਹੈ। ਕਿਸਾਨ ਆਗੂ ਦਾ ਕਹਿਣਾ ਸੀ ਕਿ ਸਾਲ ਭਰ ਚੱਲੇ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਨੇ ਪ੍ਰਮੁੱਖ ਮੰਗਾਂ ’ਤੇ ਲਿਖਤੀ ਸਮਝੌਤਾ ਵੀ ਕਰ ਲਿਆ ਸੀ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਮੁੱਕਰ ਗਈ।

ਉਨ੍ਹਾਂ ਕਿਹਾ ਕਿ ਹੁਣ ਜਦੋਂ 13 ਫਰਵਰੀ ਨੂੰ ਕਿਸਾਨ ਇਨ੍ਹਾਂ ਵਾਅਦਿਆਂ ਅਤੇ ਮੰਗਾਂ ਨੂੰ ਯਾਦ ਕਰਵਾਉਣ ਲਈ ਦਿੱਲੀ ਜਾਣ ਲੱਗੇ ਤਾਂ ਬਾਰਡਰਾਂ ’ਤੇ ਵੱਡੀਆਂ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਇਸ ਦੌਰਾਨ ਹੀ ਇੱਕ ਨੌਜਵਾਨ ਕਿਸਾਨ ਦੀ ਗੋਲੀ ਲੱਗਣ ਕਾਰਨ ਅਤੇ ਦਰਜਨ ਤੋਂ ਵੱਧ ਦੀ ਅੱਥਰੂ ਗੈਸ ਕਾਰਨ ਉਨ੍ਹਾਂ ਦੇ ਫੇਫੜੇ ਨੁਕਸਾਨੇ ਜਾਣ ਕਾਰਨ ਮੌਤ ਹੋ ਚੁੱਕੀ ਹੈ। ਅਨੇਕਾਂ ਕਿਸਾਨ ਜ਼ਖ਼ਮੀ ਹੋਏ ਹਨ। ਇਸ ਕਰਕੇ ਅਜਿਹੇ ਚੋਣ ਮਨੋਰਥ ਪੱਤਰਾਂ ’ਤੇ ਯਕੀਨ ਕਰਨਾ ਮੁਸ਼ਕਲ ਹੈ।

## 4500 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ

### ਅਦਾਲਤ ਵਿੱਚ ਚਲਾਣ ਪੇਸ਼ ਕਰਨ ਬਦਲੇ ਛੋਟਾ ਥਾਣੇਦਾਰ ਪਹਿਲਾਂ ਵੀ ਲੈ ਚੁੱਕਾ ਹੈ 20,500 ਰੁਪਏ



**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਥਾਣਾ ਬਸਤੀ ਜੋਧੇਵਾਲ, ਕਮਿਸ਼ਨਰੇਟ ਲੁਧਿਆਣਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਗੁਰਪ੍ਰੀਤ ਸਿੰਘ ਨੂੰ 4,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਰੰਗੇ ਹੱਥੀਂ ਕਾਬੂ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਵਿਜੈ ਕੁਮਾਰ ਵਾਸੀ ਕਾਕੋਵਾਲ ਰੋਡ, ਲੁਧਿਆਣਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸ ਵੱਲੋਂ ਥਾਣੇ ਵਿੱਚ ਦਰਜ ਕਰਵਾਏ ਪੁਲਿਸ ਕੇਸ ਸਬੰਧੀ ਅਦਾਲਤ ਵਿੱਚ ਚਲਾਨ ਪੇਸ਼ ਕਰਨ ਬਦਲੇ ਉਕਤ ਏ.ਐਸ.ਆਈ. ਨੇ 4500 ਰੁਪਏ ਹੋਰ ਰਿਸ਼ਵਤ ਦੀ ਮੰਗ ਕੀਤੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਪਹਿਲਾਂ ਵੀ ਕਿਸ਼ਤਾਂ ਦੇ ਰੂਪ ਵਿੱਚ ਉਸ ਕੋਲ਼ੋਂ 20,500 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ 4500 ਰੁਪਏ ਦੀ ਹੋਰ ਮੰਗ ਕਰ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4,500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿੱਚ ਪੁਲਿਸ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਚੋਣ ਪ੍ਰਕਿਰਿਆ ਰਾਹੀਂ ਕੀਤੀ ਜੋਨ ਸਕੱਤਰ ਦੀ

**ਸਮਾਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਜੋਨ ਦੇ ਜੋਨ ਸਕੱਤਰ ਦੀ ਚੋਣ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਪਟਿਆਲਾ ਦੇ ਹੁਕਮਾਂ ਅਨੁਸਾਰ ਸ਼ਹੀਦ ਫਲਾਈਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਸਕੂਲ ਆਫ ਐਮੀਨੈਂਸ, ਸਮਾਣਾ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਹਰਜੋਤ ਕੌਰ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸਮਾਣਾ ਬਲਾਕ ਦੇ ਸਮੂਹ ਸਕੂਲਾਂ ਦੇ ਪ੍ਰਿੰਸੀਪਲ, ਮੁੱਖ ਅਧਿਆਪਕ, ਇੰਚਾਰਜ ਅਤੇ ਫਿਜੀਕਲ ਅਧਿਆਪਕਾ ਨੇ ਭਾਗ ਲਿਆ।



ਚੋਣ ਪ੍ਰਕਿਰਿਆ ਰਾਹੀ ਜੋਨ ਸਕੱਤਰ ਦੀ ਚੋਣ ਕੀਤੀ ਗਈ ਜਿਸ ਵਿੱਚ ਦੋ ਮੁੱਖ ਕੈਂਡੀਡੇਟ ਨੇ ਭਾਗ ਲਿਆ ਜਿਨਾਂ ਵਿੱਚੋਂ ਇੱਕ ਭਰਪੂਰ ਸਿੰਘ ਸਰਕਾਰੀ ਸਕੂਲ ਗਾਜੀਪੁਰ ਅਤੇ ਦੂਜੇ ਕੈਂਡੀਡੇਟ ਮਲਕੀਤ ਸਿੰਘ ਸਰਕਾਰੀ ਕੰਨਿਆ ਸਕੂਲ ਸਮਾਣਾ ਸਨ । ਜਿਸ ਵਿੱਚ ਕੁੱਲ 64 ਵੋਟਾਂ ਪੋਲ ਹੋਈਆਂ ਜਿਹਨਾਂ ਵਿੱਚੋਂ ਭਰਪੂਰ ਸਿੰਘ ਨੂੰ ਕੁੱਲ 43 ਵੋਟਾਂ ਪਈਆਂ ਅਤੇ ਮਲਕੀਤ ਸਿੰਘ ਨੂੰ ਕੁੱਲ 21 ਵੋਟਾਂ ਪੋਲ ਹੋਈਆਂ । ਵੋਟਾਂ ਦੇ ਹਿਸਾਬ ਨਾਲ ਭਰਪੂਰ ਸਿੰਘ (ਪੀਟੀਆਈ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ, ਗਾਜ਼ੀਪੁਰ) ਨੂੰ ਜੇਤੂ ਕਰਾਰ ਦਿੱਤਾ ਗਿਆ ਅਤੇ ਆਉਣ ਵਾਲੇ ਸਮੇਂ ਲਈ ਭਰਪੂਰ ਸਿੰਘ ਨੂੰ ਜੋਨ ਸਕੱਤਰ ਚੁਣਿਆ ਗਿਆ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਹਰਜੋਤ ਕੌਰ , ਪਬਲਿਕ ਸਕੂਲ ਪ੍ਰਿੰਸੀਪਲ ਨੀਤੂ ਦੇਵਗਾਨ, ਅਗਰਸੈਨ ਇੰਟਰਨੈਸ਼ਨਲ ਸਕੂਲ ਪ੍ਰਿੰਸੀਪਲ ਅਨੁਰੁੱਧ ਗਰਗ, ਪ੍ਰਿੰਸੀਪਲ ਮਨਜਿੰਦਰ ਕੌਰ, ਸਟੇਟ ਅਵਾਰਡੀ ਅਧਿਆਪਕ ਸੁਖਵੰਤ ਸਿੰਘ, ਲੈਕਚਰਾਰ ਭੁਪਿੰਦਰ ਸਿੰਘ, ਹੈਡ ਮਾਸਟਰ ਭੂਸ਼ਣ ਕੁਮਾਰ, ਹੈਡਮਾਸਟਰ ਭੁਪਿੰਦਰ ਸਿੰਘ, ਪ੍ਰਿੰਸੀਪਲ ਪ੍ਰਦੀਪ ਕੁਮਾਰ, ਗਿੰਨੀ ਬਾਲਾ ਨਨਹੇੜਾ, ਹੈਡ ਮਿਸਟਰ ਪਰਮਿੰਦਰ ਕੌਰ ਨੇ ਭਰਪੂਰ ਸਿੰਘ ਨੂੰ ਵਧਾਈ ਦਿੱਤੀ। ਅਤੇ ਜੋਨ ਦੇ ਕੰਮ ਨੂੰ ਸੰਚਾਰੂ ਰੂਪ ਵਿੱਚ ਚਲਾਉਣ ਲਈ ਹੱਲਾਸ਼ੇਰੀ ਦਿੱਤੀ ।

## ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਵਿੱਚ ਇਨਾਮ ਵੰਡ ਸਮਾਰੋਹ



**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਚਰਨਜੀਤ ਕੌਰ ਅਤੇ ਰਜਿਸਟਰਾਰ ਪ੍ਰੋ. ਸਕਿੰਦਰ ਕੌਰ ਦੀ ਸੁਯੋਗ ਅਗਵਾਈ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ।ਜਿਸ ਵਿੱਚ ਡਿਪਟੀ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ ਪੰਜਾਬ, ਡਾ. ਅਸ਼ਵਨੀ ਭੱਲਾ ਜੀ ਨੇ ਸ਼ਿਰਕਤ ਕੀਤੀ ।ਪ੍ਰੋਗਰਾਮ ਦਾ ਆਗਾਜ਼ ਸ਼ਬਦ ਗਾਇਨ ਨਾਲ ਹੋਇਆ ।ਇਸ ਤੋਂ ਬਾਅਦ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਚਰਨਜੀਤ ਕੌਰ ਜੀ ਨੇ ਮੁੱਖ ਮਹਿਮਾਨ ਸਮੇਤ ਪਹੁੰਚੇ ਹੋਰ ਪਤਵੰਤਿਆ ਦਾ ਸਵਾਗਤ ਕੀਤਾ ਅਤੇ ਕਾਲਜ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ।ਉਪਰੰਤ ਪ੍ਰੋ. ਗੁਰਵੀਨ ਕੌਰ,ਪ੍ਰੋ. ਗੁਰਿੰਦਰ ਕੌਰ, ਡਾ. ਅਨਿਲਾ ਸੁਲਤਾਨਾ ਨੇ ਕਾਲਜ ਦੇ ਅਕਾਦਮਿਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੇ ਸ਼ਾਨਦਾਰ ਪ੍ਰਦਰਸ਼ਨ ਤੇ ਚਾਨਣਾ ਪਾਇਆ ।ਮੁੱਖ ਮਹਿਮਾਨ ਡਾ. ਅਸ਼ਵਨੀ ਕੁਮਾਰ ਭੱਲਾ ਜੀ ਨੇ 251 ਹੋਣਹਾਰ ਵਿਦਿਆਰਥਣਾਂ ਨੂੰ ਇਨਾਮ ਤਕਸੀਮ ਕੀਤੇ ।ਜਿਸ ਵਿੱਚ 72 ਵਿਦਿਆਰਥਣਾਂ ਨੂੰ ਰੋਲ ਆਫ਼ ਆਨਰ, 87 ਵਿਦਿਆਰਥਣਾਂ ਨੂੰ ਕਾਲਜ ਕਲਰ ਅਤੇ 92 ਵਿਦਿਆਰਥਣਾਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ ।ਉਨ੍ਹਾਂ ਨੇ ਇਨਾਮ ਜੇਤੂ ਵਿਦਿਆਰਥਣਾਂ ਨੂੰ ਮੁਬਾਰਕ ਬਾਦ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੇ ਮਨ ਅੰਦਰ ਇੱਕ ਟੀਚਾ ਜ਼ਰੂਰ ਨਿਸ਼ਚਿਤ ਕਰਨਾ ਚਾਹੀਦਾ ਹੈ ਤੇ ਉਸ ਟੀਚੇ ਨੂੰ ਪ ਕਰਨ ਲਈ ਵੱਧ ਤੋਂ ਵੱਧ ਮਿਹਨਤ ਕਰਨੀ ਚਾਹੀਦੀ ਹੈ ।ਮੁੱਖ ਮਹਿਮਾਨ ਅਨੁਸਾਰ ਅੱਜ ਦਾ ਇਹ ਸਮਾਗਮ ਨਾਰੀ ਸਸ਼ਕਤੀਕਰਨ ਦੀ ਜਿਉਂਦੀ ਜਾਗਦੀ ਮਿਸਾਲ ਹੈ ।ਉਨ੍ਹਾਂ ਅਨੁਸਾਰ ਸਾਨੂੰ ਜ਼ਿੰਦਗੀ ਵਿੱਚ ਪੁਸਤਕਾਂ ਨੂੰ ਮਿੱਤਰ ਬਣਾਉਣਾ ਚਾਹੀਦਾ ਹੈ ਕਿਉਂਕਿ ਪੁਸਤਕਾਂ ਪਿਛਲੀ ਪੀੜੀ ਨੂੰ ਅਗਲੀ ਪੀੜੀ ਨਾਲ ਜੋੜਨ ਦਾ ਕਾਰਜ ਕਰਦੀਆਂ ਹਨ ।


ਕਾਲਜ ਦੇ ਡਾਂਸ ਵਿਭਾਗ ਵੱਲੋਂ ਦੁਰਗਾ ਸਤੁੱਤੀ ਅਤੇ ਸੰਗੀਤ ਗਾਇਨ ਵਿਭਾਗ ਵੱਲੋਂ ਗੀਤ ਪੇਸ਼ ਕੀਤਾ ਗਿਆ ।ਅੰਤ ਵਿੱਚ ਫੋਕ ਆਰਟ ਐਂਡ ਕਲਚਰ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਪੇਸ਼ ਗਿੱਧੇ ਨੇ ਖੂਬ ਸਮਾਂ ਬੰਨਿਆ ।ਅੱਜ ਦੇ ਸਮਾਗਮ ਵਿੱਚ ਡਾ. ਲਵਲੀਨ, ਪ੍ਰਿੰਸੀਪਲ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ, ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਸਰਕਾਰੀ ਬਿਕਰਮ ਕਾਲਜ, ਪਟਿਆਲਾ, ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਸੁਨਾਮ, ਡਾ. ਪੂਨਮ ਰਿਸ਼ੀ ,ਡਾ. ਸੀਮਾ ਮਨਚੰਦਾ, ਪ੍ਰੋ. ਸ਼ਿਵਦੇਵ ਕੌਰ ਮਾਨ, ਪ੍ਰੋ. ਕੰਵਲਜੀਤ ਕੌਰ ਸਾਬਕਾ ਅਧਿਆਪਕ ਸਰਕਾਰੀ ਕਾਲਜ ਲੜਕੀਆਂ ਵੀ ਮੌਜੂਦ ਸਨ ।ਧੰਨਵਾਦ ਦਾ ਮਤਾ ਵਾਈਸ ਪ੍ਰਿੰਸੀਪਲ ਪ੍ਰੋ. ਗੁਰਵੀਨ ਕੌਰ ਨੇ ਪੇਸ਼ ਕੀਤਾ ।ਇਸ ਮੌਕੇ ਸਮੂਹ ਕਾਲਜ ਸਟਾਫ਼ ਟੀਚਿੰਗ/ਨਾਨ-ਟਚਿੰਗ ਤੇ ਵਿਦਿਆਰਥਣਾਂ ਮੌਜੂਦ ਸਨ ।ਮੰਚ ਸੰਚਾਲਨ ਪ੍ਰੋ. ਰਿਚਾ ਬਾਂਸਲ ਵੱਲੋਂ ਬਾਖੂਬੀ ਨਿਭਾਇਆ।

## ਮਾਮਲਾ ਮੰਤਰੀ ਵੱਲੋਂ ਅਪਸ਼ਬਦ ਬੋਲਣ ਦਾ ....

### *ਮੁੱਖ ਮੰਤਰੀ ਦੀ ਕੋਠੀ ਸਾਹਮਣੇ ਸੜਕ ’ਤੇ ਬੈਠ ਕੇ ਰੋਸ ਪ੍ਰਗਟਾਉਂਦਿਆਂ ਹੋਵੇਗੀ ਮੀਟਿੰਗ : ਜਗਜੀਤ ਸਿੰਘ ਸੱਗੂ*

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀਂ ਪੰਜਾਬ ਸਰਕਾਰ ਦੇ ਕੈਬਿਨਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਬ੍ਰਹਮ ਗਿਆਨੀ ਭਾਈ ਲਾਲੋ ਦੇ ਵਾਰਸਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਅਤੇ ਮਿਹਨਤਕਸ਼ ਕੌਮ ਨੂੰ ਨੀਵਾਂ ਦਿਖਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਸੂਬਾ ਚੇਅਰਮੈਨ ਜਗਜੀਤ ਸਿੰਘ ਸੱਗੂ ਨੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਵਜ਼ੀਰ ਰਾਮਗੜ੍ਹੀਆ ਇਤਿਹਾਸ ਤੋਂ ਕੋਰਾ ਅਣਜਾਣ ਹੈ। ਲਾਲਜੀਤ ਭੁੱਲਰ ਵੱਲੋਂ ਬੋਲੀ ਗਈ ਭੱਦੀ ਸ਼ਬਦਾਬਲੀ ਨੂੰ ਰਾਮਗੜ੍ਹੀਆ ਪਰਿਵਾਰ ਕਦੇ ਵੀ ਨਹੀਂ ਭੁਲਾਉਣਗੇ। ਸੱਗੂ ਨੇ ਕਿਹਾ - ‘ਅਸੀ ਕਿਰਤੀ ਹਾਂ, ਮਿਹਨਤਕਸ਼ ਹਾਂ ਤੇ ਹੰਕਾਰੀ ਵੀ ਨਹੀਂ ਹਾਂ ਪਰ ਹੰਕਾਰੀ ਦਾ ਹੰਕਾਰ ਤੋੜਨ ਲਈ ਸਾਡੀ ਕੌਮ ਹਮੇਸ਼ਾ ਮੋਹਰੀ ਰਹੀ ਹੈ ਅਤੇ ਬੇਅੰਤ ਇਤਿਹਾਸ ਦੇ ਪੰਨੇ ਇਸ ਗੱਲ ਦਾ ਗਵਾਹ ਹਨ’। ਉਹਨਾਂ ਕਿਹਾ ਕਿ ਰਾਮਗੜ੍ਹੀਆ ਅਕਾਲ ਜਥੇਬੰਦੀ ਰਜਿ. ਪੰਜਾਬ ਦੀ ਅਗਵਾਈ ਹੇਠ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅੰਦਰ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ ਅਤੇ ਅੱਗੇ ਵੀ ਲਗਾਤਾਰ ਜਾਰੀ ਰਹਿਣਗੇ।



ਜਗਜੀਤ ਸੱਗੂ ਨੇ ਦੱਸਿਆ ਕਿ ਮਿਤੀ 21 ਅਪ੍ਰੈਲ ਦਿਨ ਐਤਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਰਿਹਾਇਸ਼ ਦੇ ਨੇੜੇ ਰੋਸ ਵੱਜੋਂ ਸੜਕ ’ਤੇ ਬੈਠ ਕੇ ਕੌਮੀ ਕਨਵੀਨਰ ਹਰਜੀਤ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਸੂਬਾ ਆਗੂਆਂ ਦੀ ਵੱਡੀ ਮੀਟਿੰਗ ਹੋਵੇਗੀ ਅਤੇ ਸਾਰੇ ਮੈਂਬਰ ਸਾਹਿਬਾਨਾਂ ਦੀ ਸਹਿਮਤੀ ਨਾਲ ਮੌਕੇ ’ਤੇ ਅਗਲਾ ਪ੍ਰੋਗਰਾਮ ਵੀ ਉਲੀਕਿਆ ਜਾ ਸਕਦਾ ਹੈ।

## ਗਾਂਧੀ ਨੇ ਮੁੜ ਕੀਤੀ ਅਫ਼ੀਮ ਦੀ ਖੇਤੀ ਦੀ ਵਕਾਲਤ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਅਜੋਕੀ ਲੀਡਰਸ਼ਿਪ ਨੇ ਆਪਣੇ ਸਿਧਾਂਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ ਜਿਸ ਕਰਕੇ ਇਸ ਪਾਰਟੀ ਵਿੱਚ ਭ੍ਰਿਸ਼ਟਾਚਾਰ ਜ਼ੋਰਾਂ ਨਾਲ ਹੋਇਆ ਹੈ।


ਡਾ. ਧਰਮਵੀਰ ਗਾਂਧੀ ਦਾ ਸਵਾਗਤ ਕਰਦੇ ਹੋਏ ਲੋਕ।

ਡਾ. ਗਾਂਧੀ ਨੇ ਅੱਜ ਕਈ ਸਾਰੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਇਕ ਵਾਰ ਫਿਰ ਪੰਜਾਬ ਵਿੱਚ ਅਫ਼ੀਮ ਦੀ ਖੇਤੀ ਕਰਨ ਦੀ ਵਕਾਲਤ ਕੀਤੀ ਤੇ ਕਿਹਾ ਕਿ ਜੇਕਰ ਪੰਜਾਬ ਨੂੰ ਨਸ਼ਿਆਂ ਤੋਂ ਬਚਾਉਣਾ ਹੈ ਤਾਂ ਪੰਜਾਬ ਵਿੱਚ ਪੋਸਤ ਦੀ ਖੇਤੀ ਕਰਨੀ ਹੀ ਪਵੇਗੀ ਕਿਉਂਕਿ ਜਿਸ ਖ਼ਤਰਨਾਕ ਨਸ਼ਿਆਂ ਵਿਚ ਪੰਜਾਬ ਦਾ ਨੌਜਵਾਨ ਗ਼ਰਕ ?ਗਿਆ ਹੈ ਉਸ ਨੂੰ ਬਚਾਉਣ ਲਈ ਪੰਜਾਬ ਸਰਕਾਰ ਨੂੰ ਇਹ ਕਰਨਾ ਹੀ ਹੋਵੇਗਾ। ਡਾ. ਗਾਂਧੀ ਨੂੰ ਵੱਖ ਵੱਖ ਥਾਂਵਾਂ ’ਤੇ ਕੀਤੀਆਂ ਜਾ ਰਹੀਆਂ ਚੋਣ ਮੀਟਿੰਗਾਂ ਵਿਚ ਕਾਫ਼ੀ ਜ਼ਿਆਦਾ ਹੁੰਗਾਰਾ ਮਿਲ ਰਿਹਾ ਹੈ, ਉਸ ਨੂੰ ਕਾਂਗਰਸੀ ਹੀ ਨਹੀਂ ਸਗੋਂ ਆਮ ਲੋਕ ਵੀ ਮਿਲਣ ਲਈ ਕਾਫ਼ੀ ਉਤਾਵਲੇ ਨਜ਼ਰ ਆ ਰਹੇ ਹਨ।

ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਵਿਚ 25 ਹਜ਼ਾਰ ਬੇਗੁਨਾਹ ਨੌਜਵਾਨ ਜੇਲ੍ਹਾਂ ਵਿੱਚ ਇਸ ਕਰਕੇ ਬੰਦ ਹੈ ਕਿਉਂਕਿ ਉਹ ਮਾਮੂਲੀ ਨਸ਼ੇ ਕਰਦਾ ਸਨ ਪਰ ਜੋ ਮਗਰਮੱਛ ਹਨ ਜਿਨ੍ਹਾਂ ਨੇ ਪੰਜਾਬ ਨੂੰ ਨ ?ਸ਼ਿਆਂ ਦੀ ਦਲਦਲ ਵਿੱਚ ਫਸਾਇਆ ਉਨ੍ਹਾਂ ਨੂੰ ਅਜੇ ਤੱਕ ਵੀ ਜੇਲ੍ਹਾਂ ਵਿੱਚ ਨਹੀਂ ਡੱਕਿਆ ਗਿਆ, ਇਸੇ ਕਰਕੇ ਹੁਣ ਲੋੜ ਹੈ ਕਿ ਪੰਜਾਬ ਨੂੰ ਪੋਸਤ ਦੀ ਖੇਤੀ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

ਡਾ. ਬਲਬੀਰ ਸਿੰਘ ’ਤੇ ਲੱਗ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਡਾ. ਗਾਂਧੀ ਨੇ ਕਿਹਾ ਕਿ ਇਸ ਬਾਰੇ ਉਸ ਕੋਲ ਕੋਈ ਪੱਕੇ ਸਬੂਤ ਨਹੀਂ ਹਨ ਪਰ ਆਪ ਸਰਕਾਰ ਦੇ ਕਈ ਸਾਰੇ ਮੰਤਰੀਆਂ ਤੇ ਹੋਰਾਂ ਨੇ ਭ੍ਰਿਸ਼ਟਾਚਾਰ ਵਿੱਚ ਹੱਥ ਰੰਗੇ ਹਨ, ਜਿਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਆਪ ਦੀ ਅਜੋਕੀ ਲੀਡਰਸ਼ਿਪ ਆਪਣੇ ਪੁਰਾਣੇ ਸਿਧਾਂਤਾਂ ਨੂੰ ਗਵਾ ਚੁੱਕੀ ਹੈ, ਹੁਣ ਉਹ ਵੀ ਆਮ ਪਾਰਟੀਆਂ ਵਰਗੀ ਹੀ ਪਾਰਟੀ ਹੋ ਗਈ ਹੈ, ਜਿਸ ਕਰਕੇ ਇਸ ਪਾਰਟੀ ਤੇ ਹੁਣ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਜਦ ਕਿ ਦੂਜੇ ਪਾਸੇ ਕਾਂਗਰਸ ਆਪਣੇ ਸਿਧਾਂਤਾਂ ’ਤੇ ਪੱਕੀ ਹੈ ਉਹ ਦੇਸ਼ ਦਾ ਸੰਵਿਧਾਨ ਬਚਾਉਣਾ ਚਾਹੁੰਦੀ ਹੈ, ਦੇਸ਼ ਵਿੱਚ ਧਰਮ ਨਿਰਪੱਖਤਾ ਦਾ ਬੋਲਬਾਲਾ ਕਰਨਾ ਚਾਹੁੰਦੀ ਹੈ।

ਇਸ ਕਰਕੇ ਉਹ ਕਾਂਗਰਸ ਵਿਚ ਸ਼ਾਮਲ ਹੋਇਆ ਹੈ। ਇਸ ਮੌਕੇ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਨਰੇਸ਼ ਦੁੱਗਲ, ਪੰਜਾਬ ਕਾਂਗਰਸ ਦੇ ਬੁਲਾਰੇ ਹਰਵਿੰਦਰ ਸਿੰਘ ਨਿੱਪੀ ਆਦਿ ਹਾਜ਼ਰ ਸਨ।

# ਡੀਏਵੀ ਪਬਲਿਕ ਸਕੂਲ ਪਟਿਆਲਾ ਵਿੱਚ ਵਿਸ਼ਵ ਵਿਰਾਸਤ ਦਿਵਸ ਮਨਾਇਆ ਗਿਆ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਰਾਸ਼ਟਰੀ ਵਿਰਾਸਤ ਨੂੰ ਸੰਭਾਲਣ ਲਈ ਉਤਸ਼ਾਹਿਤ ਕਰਨ ਦੇ ਮੰਤਵ ਵਜੋਂ ਡੀਏਵੀ ਪਬਲਿਕ ਸਕੂਲ ਪਟਿਆਲਾ ਨੇ ਵਿਰਾਸਤੀ ਦਿਵਸ ਮਨਾਇਆ, ਅਜਿਹਾ ਦਿਨ ਜੋ ਸਾਡੇ ਅਮੀਰ ਸੱਭਿਆਚਾਰਕ ਅਤੀਤ ਦੀ ਇੱਕ ਸ਼ਾਨਦਾਰ ਯਾਦ ਦਿਵਾਉਂਦਾ ਹੈ। ਇਸ ਵਿਸ਼ੇਸ਼ ਦਿਨ ਨੂੰ ਮਨਾਉਣ ਲਈ, 7ਵੀਂ ਡੇਜ਼ੀ ਤੋਂ ਭਵਲੀਨ ਨੇ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ। 7ਵੀਂ ਜਮਾਤ ਦੀ ਅਨੰਨਿਆ ਨੇ ਸਾਡੀ ਭਾਰਤੀ ਵਿਰਾਸਤ 'ਤੇ ਚਾਨਣਾ ਪਾਇਆ। ਵਿਦਿਆਰਥੀਆਂ ਨੇ ਅਮੀਰ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦੇ ਹੋਏ ਮਹਾਰਾਸ਼ਟਰੀ ਥੀਮ ਨਾਲ ਸਕੂਲ ਦੇ ਵਿਹੜੇ ਨੂੰ ਸਜਾਇਆ। 6ਵੀਂ ਅਤੇ 7ਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਹਾਰਾਸ਼ਟਰ ਦੀਆਂ ਵੱਖ-ਵੱਖ ਸ਼ਖਸੀਅਤਾਂ 'ਤੇ ਆਪਣੇ ਮਨਮੋਹਕ ਡਾਂਸ ਦੀ ਪੇਸ਼ਕਾਰੀ ਨਾਲ ਸੱਭਿਆਚਾਰਕ ਰੰਗ ਪੇਸ਼ ਕੀਤਾ ,ਜਿਵੇਂ ਬਾਲਗੰਗਾਧਰ ਤਿਲਕ, ਵਿਨੋਬਾ ਭਾਵੇ, ਬੀਆਰ ਅੰਬੇਡਕਰ, ਸਚਿਨ ਤੇਂਦੁਲਕਰ, ਸ਼ਿਵਾਜੀ ਮਹਾਰਾਜ, ਵਿਜੇ ਲਕਸ਼ਮੀ ਪੰਡਿਤ ਅਤੇ ਬਾਲਾ ਸਾਹਿਬ ਠਾਕਰੇ।

ਬਾਲੀਵੁੱਡ ਹਸਤੀਆਂ ਜਿਵੇਂ ਹੇਮਾ ਮਾਲਿਨੀ, ਅਮਿਤਾਭ ਬਚਨ, ਆਲੀਆ ਭੱਟ, ਮਾਧੁਰੀ ਦੀਕਸ਼ਿਤ ਆਦਿ ਦੀ ਅਦਾਕਾਰੀ ਅਤੇ ਉਨ੍ਹਾਂ ਦੇ ਸੰਵਾਦਾਂ ਦਾ ਪ੍ਰਦਰਸ਼ਨ ਇਸ ਸਮਾਗਮ ਦਾ ਮੁੱਖ ਆਕਰਸ਼ਣ ਸੀ , ਜਿਸ ਨੇ ਸਾਰਿਆਂ ਨੂੰ ਮੋਹ ਲਿਆ। ਵਿਦਿਆਰਥੀਆਂ ਨੇ ਮਹਾਰਾਸ਼ਟਰ ਦੇ ਮਸ਼ਹੂਰ ਭੋਜਨ ਵੀ ਤਿਆਰ ਕੀਤੇ ਜੋ ਵਾਕਈ ਸ਼ਲਾਘਾਯੋਗ ਸਨ। 7ਵੀਂ ਜਮਾਤ ਦੇ ਵਿਦਿਆਰਥੀਆਂ ਨੇ ਲਾਵਨੀ ਅਤੇ ਮਸ਼ਵਾਰਾ ਡਾਂਸ ਵੀ ਪੇਸ਼ ਕੀਤਾ ,ਜਿਸ ਦੀ ਸਭ ਨੇ ਸ਼ਲਾਘਾ ਕੀਤੀ। ਇਸ ਵਿਸ਼ੇਸ਼ ਦਿਨ 'ਤੇ ਸਮਾਜਿਕ ਵਿਗਿਆਨ ਲੈਬ ਦਾ ਉਦਘਾਟਨ ਵੀ ਕੀਤਾ ਗਿਆ ਜੋ ਕਿ ਦਿਨ ਦਾ ਮੁੱਖ ਆਕਰਸ਼ਣ ਸੀ।

ਪ੍ਰਿੰਸੀਪਲ ਵਿਵੇਕ ਤਿਵਾਰੀ ਨੇ ਸ਼੍ਰੀਮਤੀ ਗੀਤਾ ਸ਼ਰਮਾ (ਐਚ.ਓ.ਡੀ.) ਦੀ ਰਹਿਨੁਮਾਈ ਹੇਠ ਐਸ.ਐਸ.ਸੀ ਵਿਭਾਗ ਦੇ ਉਪਰਾਲੇ ਦੀ ਵਧਾਈ ਦਿੱਤੀ ਅਤੇ ਸ਼ਲਾਘਾ ਕੀਤੀ ।ਇਹ ਸਾਰਾ ਉੱਦਮ ਉਹਨਾਂ ਦੀ ਰਹਿਨੁਮਾਈ ਹੇਠ ਸਫਲ ਹੋਇਆ ।ਉਨ੍ਹਾਂ ਅੱਗੇ ਕਿਹਾ ਕਿ ਇਸ ਉਤਸਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। ਸੱਭਿਆਚਾਰਕ ਵਿਰਾਸਤ ਦੀ ਵਿਭਿੰਨਤਾ ਅਤੇ ਇਸ ਦੀ ਰੱਖਿਆ ਅਤੇ ਸੰਭਾਲ ਲਈ ਲੋੜੀਂਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ।

# ਮਾਈ ਇੰਡੀਆ ਮੈਪਲ ਸਵਦੇਸ਼ੀ ਮੈਪਲ ਐਪ ਰਾਹੀਂ ਪੁਲਿਸ ਲਈ ਇੱਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ



ਜ਼ਿਲ੍ਹਾ ਟ੍ਰੈਫਿਕ ਪੁਲਿਸ ਦੇ ਅਧਿਕਾਰੀ ਮਾਈ ਇੰਡੀਆ ਮੈਪਲ ਤਹਿਤ ਟ੍ਰੇਨਿੰਗ ਲੈਂਦੇ ਹੋਏ।

**ਪਟਿਆਲਾ, 22 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਪ ਮਾਈ ਇੰਡੀਆ ਮੈਪਲ (Munyind Mappls) ਟੀਮ ਨੇ ਪਟਿਆਲਾ ਪੁਲਿਸ ਲਈ ਇਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਮਾਣਯੋਗ ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ ਆਈ ਪੀ ਐਸ ਦੇ ਹੁਕਮਾਂ ਅਨੁਸਾਰ, ਮਾਣਯੋਗ ਐਸ.ਐਸ.ਪੀ. ਪਟਿਆਲਾ ਸ੍ਰੀ ਵਰੁਣ ਸ਼ਰਮਾ ਆਈ ਪੀ ਐਸ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸ ਕਰਨੈਲ ਸਿੰਘ ਡੀ ਐੱਸ ਪੀ ਟ੍ਰੈਫਿਕ ਦੀ ਜੇਰ ਨਿਗਰਾਨੀ ਹੇਠ ਕੀਤਾ ਤਾਂ ਜੋ ਉਹਨਾਂ ਨੂੰ ਇੱਕ ਪਾਸੇ ਸਰਕਾਰੀ ਪ੍ਰਣਾਲੀਆਂ ਨਾਲ ਏਕੀਕ੍ਰਿਤ ਤਕਨਾਲੋਜੀ ਦੀ ਵਰਤੋਂ ਕਰਕੇ ਪਟਿਆਲਾ ਵਿੱਚ ਆਵਾਜਾਈ ਨੂੰ ਸੌਖਾ ਬਣਾਉਣ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ ਦੇ ਯੋਗ ਬਣਾਇਆ ਜਾ ਸਕੇ ਅਤੇ ਦੂਜੇ ਪਾਸੇ ਖਪਤਕਾਰਾਂ ਯਾਤਰੀਆਂ ਅਤੇ ਨਾਗਰਿਕਾਂ ਨੂੰ ਮੁਫਤ ਪ੍ਰਦਾਨ ਕੀਤਾ ਜਾ ਸਕੇ।

ਮੈਪ ਮਾਈ ਇੰਡੀਆ ਮੈਪਲ ਐਪ ਦੇ ਨੁਮਾਇੰਦੇ ਸ੍ਰੀ ਅਨਿਲ ਸ਼ਰਮਾ ਨੇ ਦੱਸਿਆ ਕਿ ਮੈਪ ਮਾਈ ਇੰਡੀਆ ਦਾ ਮੈਪਲ ਐਪ ਖਾਸ ਤੌਰ ਤੇ ਭਾਰਤ ਲਈ ਵਿਕਸਿਤ ਕੀਤੀ ਗਈ 100 ਪ੍ਰਤੀਸ਼ਤ ਸਵਦੇਸ਼ੀ ਐਪ ਨਾਗਰਿਕਾਂ ਨੂੰ ਮੁਫਤ ਪ੍ਰਦਾਨ ਕਰੇਗੀ, ਇਸਦੀ ਵੈੱਬ ਅਤੇ ਮੋਬਾਈਲ ਅਧਾਰਤ ਐਪ ਬਹੁਤ ਵਿਸਤ੍ਰਿਤ ਡਿਜੀਟਲ ਨਕਸ਼ੇ ਅਤੇ ਨੈਵੀਗੇਸ਼ਨ ਜਾਣਕਾਰੀ ਦੇ ਨਾਲ ਨਾਲ ਪਟਿਆਲਾ ਟ੍ਰੈਫਿਕ ਪੁਲਿਸ ਦੀਆਂ ਸਲਾਹੀ ਅਤੇ ਯੋਜਨਾਵਾਂ ਨਾਲ ਜੁੜੀ ਹੈ। ਯਾਤਰੀ ਫੀਡਬੈਕ ਅਤੇ ਰੀਅਲ ਟਾਈਮ ਅਲਰਟ ਵੀ ਦੇ ਸਕਦੇ ਹਨ ਜਿਸ ਨੂੰ ਪਟਿਆਲਾ ਪੁਲਿਸ ਅਤੇ ਮੈਪ ਮਾਈ ਇੰਡੀਆ ਮੈਪਲ ਪ੍ਰਮਾਣਿਤ ਅਤੇ ਪ੍ਰਕਾਸ਼ਿਤ ਕਰਨਗੇ ਤਾਂ ਕਿ ਚੰਗੇ ਟ੍ਰੈਫਿਕ ਪ੍ਰਬੰਧਨ ਸੜਕ ਸੁਰੱਖਿਆ ਅਤੇ ਐਮਰਜੈਂਸੀ ਲਈ ਹੋਰ ਵੀ ਸਹਿਯੋਗ ਹੋ ਸਕੇ।

ਸ. ਕਰਨੈਲ ਸਿੰਘ ਡੀ ਐੱਸ ਪੀ ਟ੍ਰੈਫਿਕ ਜੀ ਦੀ ਅਗਵਾਈ ਹੇਠ ਉਕਤ ਕੈਂਪ ਵਿਚ ਇੰਸਪੈਕਟਰ ਜੋਗਿੰਦਰ ਸਿੰਘ ਇੰਚਾਰਜ ਟ੍ਰੈਫਿਕ ਪੁਲਿਸ ਜ਼ਿਲ੍ਹਾ ਪਟਿਆਲਾ, ਇੰਸਪੈਕਟਰ ਰਾਮ ਕੇਸ਼ ਇੰਚਾਰਜ ਸੜਕ ਸੁਰੱਖਿਆ ਫੋਰਸ ਰੋਜ ਪਟਿਆਲਾ, ਏ ਐਸ ਆਈ,ਦਲੇਰ ਸਿੰਘ ਇੰਚਾਰਜ ਟ੍ਰੈਫਿਕ ਸਿਟੀ-1, ਐਸ ਆਈ ਭਗਵਾਨ ਸਿੰਘ ਇੰਚਾਰਜ ਟ੍ਰੈਫਿਕ ਸਿਟੀ-2.ਏ ਐਸ ਆਈ ਗੁਰਬਚਨ ਸਿੰਘ ਇੰਚਾਰਜ ਟ੍ਰੈਫਿਕ ਰਾਜਪੁਰਾ, ਏ ਐਸ ਆਈ ਬਲਜਿੰਦਰ ਸਿੰਘ ਇੰਚਾਰਜ ਟ੍ਰੈਫਿਕ ਘਨੌਰ, ਏ ਐਸ ਆਈ ਤਰਸੇਮ ਕੁਮਾਰ ਇੰਚਾਰਜ ਟ੍ਰੈਫਿਕ ਦੇਵੀਗੜ੍ਹ, ਏ ਐਸ ਆਈ ਕੁਲਦੀਪ ਸਿੰਘ ਇੰਚਾਰਜ ਟ੍ਰੈਫਿਕ ਨਾਭਾ, ਏ ਐਸ ਆਈ ਸੁਖਪਾਲ ਸਿੰਘ ਇੰਚਾਰਜ ਟ੍ਰੈਫਿਕ ਪਾਤੜਾਂ, ਏ ਐਸ ਆਈ ਸੁਖਵਿੰਦਰ ਸਿੰਘ ਇੰਚਾਰਜ ਟ੍ਰੈਫਿਕ ਸਮਾਣਾ,ਏ ਐਸ ਆਈ ਮਲੂਕ ਸਿੰਘ ਸਮੇਤ ਟ੍ਰੈਫਿਕ ਸਟਾਫ ਹਾਜਰ ਸੀ।

# ਕਾਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ, ਹੀਰਾਵਾਲੀ ਵਿਖੇ ਹੈਪੀ ਕਲਾਸਰੂਮ ਅਤੇ ਕਰੀਏਟਿਵ ਟੀਚਿੰਗ 'ਤੇ ਵਰਕਸ਼ਾਪ ਦਾ ਆਯੋਜਨ




**ਫਾਜ਼ਿਲਕਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ ਹੀਰਾਵਾਲੀ ਵਿਖੇ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਗੌਰਵ ਝਿੰਝਾ ਦੇ ਨਿਰਦੇਸ਼ਾਂ 'ਤੇ ਪਿ੍ਰੰਸੀਪਲ ਡਾ. ਦੀ ਅਗਵਾਈ ਹੇਠ ਹੈਪੀ ਕਲਾਸਰੂਮ ਅਤੇ ਕਰੀਏਟਿਵ ਟੀਚਿੰਗ ਵਿਸ਼ੇ 'ਤੇ ਅਧਿਆਪਕਾਂ ਲਈ ਵਰਕਸ਼ਾਪ ਲਗਾਈ ਗਈ ।

ਇਸ ਵਿੱਚ ਅਧਿਆਪਕਾਂ ਨੇ ਵਿਚਾਰ ਪੇਸ਼ ਕੀਤੇ ਕਿ ਅਸੀਂ ਬੱਚਿਆਂ ਨੂੰ ਕਲਾਸ ਰੂਮ ਵਿੱਚ ਕਿਵੇਂ ਖੁਸ਼ ਰੱਖ ਸਕਦੇ ਹਾਂ ਅਤੇ ਸਕੂਲ ਦੇ ਅਧਿਆਪਕਾਂ ਸ਼੍ਰੀਮਤੀ ਰਿਸ਼ੂ ਸਚਦੇਵਾ, ਸ਼੍ਰੀਮਤੀ ਸ਼ਿਵਾਨੀ ਸ਼ਰਮਾ, ਯੂ ਮਾ ਸ਼ਰਮਾ ਅਤੇ ਮਨੀਸ਼ਾ ਨਾਗਪਾਲ ਨੇ ਦੱਸਿਆ ਕਿ ਕਿਵੇਂ ਇੱਕ ਖੁਸ਼ਹਾਲ ਕਲਾਸਰੂਮ ਬਣਾਇਆ ਜਾ ਸਕਦਾ ਹੈ। ਅਧਿਆਪਕਾਂ ਨੇ ਦੱਸਿਆ ਕਿ ਬੱਚਿਆਂ ਦੀ ਜਮਾਤ ਵਿੱਚ ਜਾ ਕੇ ਸਿੱਧਾ ਅਧਿਐਨ ਕਰਨਾ ਠੀਕ ਨਹੀਂ ਹੈ, ਸਗੋਂ ਪਹਿਲਾਂ ਬੱਚਿਆਂ ਨਾਲ ਸੰਪਰਕ ਬਣਾਇਆ ਜਾਵੇ। ਅਧਿਆਪਕ ਨੂੰ ਖੁਸ਼ੀ ਨਾਲ ਕਲਾਸ ਵਿੱਚ ਦਾਖਲ ਹੋਣਾ ਚਾਹੀਦਾ ਹੈ । ਅਧਿਆਪਕਾਂ ਨੇ ਦੱਸਿਆ ਕਿ ਬੱਚਿਆਂ ਨੂੰ ਵਿੱਦਿਅਕ ਗਤੀਵਿਧੀਆਂ ਕਰਵਾ ਕੇ ਉਨ੍ਹਾਂ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਜੇਕਰ ਕੋਈ ਬੱਚਾ ਜਮਾਤ ਵਿੱਚ ਆਪਣੀ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਿਹਾ ਹੈ, ਤਾਂ ਉਸ ਨੂੰ ਕਿਸੇ ਗਤੀਵਿਧੀ ਵਿੱਚ ਸ਼ਾਮਲ ਕਰਕੇ ਅਤੇ ਉਸ ਦੀ ਤਾਰੀਫ਼ ਕਰਕੇ ਪੜ੍ਹਾਇਆ ਜਾ ਸਕਦਾ ਹੈ। ਹੈਪੀ ਕਲਾਸ ਰੂਮ ਸੈਮੀਨਾਰ ਵਿੱਚ ਅਧਿਆਪਕਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਬੱਚਿਆਂ ਨੂੰ ਪ੍ਰੇਰਿਤ ਕਰਨ ਲਈ, ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ ਜਾਣੀ ਚਾਹੀਦੀ ਹੈ ਅਤੇ ਮਜ਼ਬੂਤੀ ਦਿੱਤੀ ਜਾਣੀ ਚਾਹੀਦੀ ਹੈ।

ਇਸ ਮੌਕੇ ਸਕੂਲ ਦੇ ਚੇਅਰਮੈਨ ਗੌਰਵ ਝੀਂਝਾ ਨੇ ਕਿਹਾ ਕਿ ਸਾਡਾ ਉਦੇਸ਼ ਬੇਮਿਸਾਲ ਵਿਦਿਆਰਥੀ ਪੈਦਾ ਕਰਦੇ ਹੋਏ ਸਿੱਖਿਆਰਥੀਆਂ ਨੂੰ ਨਿੱਜੀ ਅਤੇ ਸਮਾਜਿਕ ਦੋਵੇਂ ਪੱਧਰਾਂ 'ਤੇ ਕੁਸ਼ਲ ਬਣਾਉਣਾ ਹੈ। ਕਿਤਾਬਾਂ ਤੋਂ ਸਿੱਖਣ ਤੋਂ ਇਲਾਵਾ , ਅਸੀਂ ਵਿਦਿਆਰਥੀਆਂ ਨੂੰ ਹੋਰ ਅਕਾਦਮਿਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਵੀ ਉਤਸ਼ਾਹਿਤ ਕਰਦੇ ਹਾਂ। ਪ੍ਰਿੰਸੀਪਲ ਡਾ. ਸ਼ੀਨਮ ਨਾਗਪਾਲ ਨੇ ਕਿਹਾ ਕਿ ਸਹਿ-ਵਿਦਿਅਕ ਗਤੀਵਿਧੀਆਂ ਵਿੱਚ ਸ਼ਾਮਲ ਕੀਤੇ ਗਏ ਇਨ੍ਹਾਂ ਹੁਨਰਾਂ ਨਾਲ ਬੱਚੇ ਨਾ ਸਿਰਫ਼ ਜਮਾਤਾਂ ਅਤੇ ਪ੍ਰੀਖਿਆਵਾਂ ਵਿੱਚ ਸਗੋਂ ਵੱਖ - ਵੱਖ ਹੁਨਰ ਪ੍ਰੀਖਿਆਵਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਹੁੰਦੇ ਹਨ । ਇਹ ਗਤੀਵਿਧੀ ਬੱਚੇ ਦੇ ਮਾਨਸਿਕ ਵਿਕਾਸ ਵਿੱਚ ਸੰਤੁਲਨ ਲਿਆਵੇਗੀ , ਜਿਸ ਨਾਲ ਉਹਨਾਂ ਨੂੰ ਸਮਾਜਿਕ , ਭਾਵਨਾਤਮਕ , ਸੋਚ , ਰਵੱਈਏ ਅਤੇ ਕਲਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ । ਅੰਤ ਵਿੱਚ ਸਕੂਲ ਅਧਿਆਪਕਾ ਸ਼੍ਰੀਮਤੀ ਰਿਸ਼ੂ ਸਚਦੇਵਾ ਨੇ ਸਕੂਲ ਦੇ ਪ੍ਰਿੰਸੀਪਲ ਡਾ: ਸ਼ੀਨਮ ਨਾਗਪਾਲ ਦਾ ਧੰਨਵਾਦ ਕਰਕੇ ਸਮਾਗਮ ਦੀ ਸਮਾਪਤੀ ਕੀਤੀ।

# ਰਿਆਤ ਬਾਹਰਾ ਯੂਨੀਵਰਸਿਟੀ ਵਿਖੇ 'ਫੰਡਿੰਗ ਲਈ ਖੋਜ ਪ੍ਰੋਜੈਕਟ ਲਿਖਣ' 'ਤੇ ਵਰਕਸ਼ਾਪ



**ਮੁਹਾਲੀ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਤ ਬਾਹਰਾ ਯੂਨੀਵਰਸਿਟੀ ਨੇ ਖੋਜ ਅਤੇ ਨਵੀਨਤਾ ਦੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀਐਸਸੀਐਸਟੀ), ਚੰਡੀਗੜ੍ਹ , ਵਿਗਿਆਨ ਅਤੇ ਤਕਨਾਲੋਜੀ ਅਤੇ ਨੈਸ਼ਨਲ ਕੌਂਸਲ ਫਾਰ ਵਿਗਿਆਨ ਤਕਨਾਲੋਜੀ ਅਤੇ ਸੰਚਾਰ ਵਿਭਾਗ ਦੇ ਸਹਿਯੋਗ ਨਾਲ 'ਰਾਈਟਿੰਗ ਰਿਸਰਚ ਪ੍ਰੋਜੈਕਟਸ ਫਾਰ ਫੰਡਿੰਗ' ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ।

ਆਰ ਬੀ ਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਵਰਕਸ਼ਾਪ ਦਾ ਆਯੋਜਨ ਕਰਨ ਦਾ ਉਦੇਸ਼ ਖੋਜਕਰਤਾਵਾਂ ਨੂੰ ਉਨ੍ਹਾਂ ਦੇ ਖੋਜ ਯਤਨਾਂ ਲਈ ਸਰਕਾਰੀ ਫੰਡ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰਾਂ ਨਾਲ ਲੈਸ ਕਰਨਾ ਸੀ।ਇਸ ਮੌਕੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਤੇ ਡੀਨ ਅਕਾਦਮਿਕ ਡਾ.ਵੀ.ਕੇ.ਅਰੋੜਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਡਾ ਅਰੋੜਾ ਨੇ ਪ੍ਰਭਾਵਸ਼ਾਲੀ ਖੋਜ ਪ੍ਰਸਤਾਵਾਂ ਨੂੰ ਲਿਖ ਕੇ ਸਰਕਾਰੀ ਫੰਡਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੀ ਯੋਜਨਾਬੱਧ ਪਹੁੰਚ ਬਾਰੇ ਵਿਸਥਾਰ ਨਾਲ ਦੱਸਿਆ ।ਉਨ੍ਹਾਂ ਮਹੱਤਵਪੂਰਨ ਨੁਕਤਿਆਂ 'ਤੇ ਜ਼ੋਰ ਦਿੱਤਾ ਜੋ ਖੋਜ ਫੰਡਿੰਗ ਲਈ ਅਰਜ਼ੀ ਦੇਣ ਵੇਲੇ ਖੋਜਕਰਤਾਵਾਂ ਨੂੰ ਵਿਚਾਰਨ ਦੀ ਲੋੜ ਹੈ।ਇਸ ਮੌਕੇ ਬੋਲਦਿਆਂ, ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਇੱਕ ਜੀਵੰਤ ਖੋਜ ਈਕੋਸਿਸਟਮ ਨੂੰ ਉਤਸ਼ਾਹਿਤ ਕਰਨ ਵਿੱਚ ਖੋਜ ਫੰਡਿੰਗ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।ਉਹਨਾਂ ਨੌਜਵਾਨ ਦਿਮਾਗਾਂ ਨੂੰ ਖੋਜ ਅਤੇ ਨਵੀਨਤਾ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਉਹਨਾਂ ਦੀ ਸੰਭਾਵਨਾ ਨੂੰ ਉਜਾਗਰ ਕੀਤਾ।

ਡਾ: ਸਿਮਰਜੀਤ ਕੌਰ, ਡਾਇਰੈਕਟਰ-ਆਈਕਿਊਏਸੀ, ਨੇ ਸਰਕਾਰੀ ਸੰਸਥਾਵਾਂ ਅਤੇ ਪ੍ਰਾਈਵੇਟ ਸੰਸਥਾਵਾਂ ਤੋਂ ਖੋਜ ਫੰਡ ਪ੍ਰਾਪਤ ਕਰਨ ਨਾਲ ਜੁੜੀਆਂ ਚੁਣੌਤੀਆਂ ਬਾਰੇ ਚਾਨਣਾ ਪਾਇਆ।ਡਾ: ਸਿਮਰਜੀਤ ਨੇ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਫੰਡਿੰਗ ਏਜੰਸੀਆਂ ਦੀਆਂ ਤਰਜੀਹਾਂ ਅਤੇ ਦਿਸ਼ਾ ਨਿਰਦੇਸ਼ਾਂ ਨਾਲ ਖੋਜ ਪ੍ਰਸਤਾਵਾਂ ਨੂੰ ਇਕਸਾਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਡਾ. ਵੀ.ਕੇ. ਅਰੋੜਾ ਨੇ ਕੀਮਤੀ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹੋਏ ਹਾਜਿਰ ਮੈਂਬਰਾਂ ਦੇ ਸਵਾਲਾਂ ਨੂੰ ਸੰਬੋਧਿਤ ਕੀਤਾ ।ਵਰਕਸ਼ਾਪ ਇੱਕ ਕਵਿਜ਼ ਸੈਸ਼ਨ ਦੇ ਨਾਲ ਸਮਾਪਤ ਹੋਈ।

ਇਸ ਮੌਕੇ ਭਾਗੀਦਾਰਾਂ ਨੇ ਆਪਣੇ ਗਿਆਨ ਦਾ ਪ੍ਰਦਰਸ਼ਨ ਕੀਤਾ, ਅਤੇ ਜੇਤੂਆਂ ਨੂੰ ਪ੍ਰਸ਼ੰਸਾ ਦੇ ਚਿੰਨ੍ਹ ਵਜੋਂ ਤੋਹਫ਼ਿਆਂ ਨਾਲ ਨਿਵਾਜਿਆ ਗਿਆ।ਡਾ: ਪਾਰੁਲ ਧਰ ਅਤੇ ਡਾ: ਸ਼ਾਇਨਾ ਭੱਲਾ ਨੇ ਵਰਕਸ਼ਾਪ ਦੇ ਆਯੋਜਨ ਲਈ ਤਾਲਮੇਲ ਕੀਤਾ।

# ਫਾਜਿਲਕਾ ਪੁਲਿਸ ਵੱਲੋਂ 270 ਲੀਟਰ ਲਾਹਣ, 60 ਬੋਤਲਾਂ ਸ਼ਰਾਬ ਅਤੇ 25 ਗਰਾਮ ਹੈਰੋਇਨ ਸਮੇਤ 6 ਕਾਬੂ

**ਫਾਜ਼ਿਲਕਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਵੱਖ ਵੱਖ ਪੁਲਿਸ ਪਾਰਟੀਆਂ ਵੱਲੋਂ ਸ਼ਰਾਬ ਅਤੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ 270 ਲੀਟਰ ਲਾਹਣ, 60 ਬੋਤਲਾਂ ਸ਼ਰਾਬ ਅਤੇ 25 ਗਰਾਮ ਹੈਰੋਇਨ ਸਮੇਤ 06 ਦੋਸ਼ੀ ਕਾਬੂ ਕੀਤੇ ਗਏ ਹਨ। ਜਿਹਨਾਂ ਦੇ ਖਿਲਾਫ ਵੱਖ ਵੱਖ ਥਾਣਿਆਂ ਵਿੱਚ ਕੁੱਲ 05 ਮੁਕੱਦਮੇ ਦਰਜ ਕੀਤੇ ਗਏ ਹਨ। ਜਿਸ ਵਿੱਚ ਸਬ ਇੰਸਪੈਕਟਰ ਗੁਰਜੰਟ ਸਿੰਘ ਮੁੱਖ ਅਫਸਰ ਥਾਣਾ ਵੈਰੋਕਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਸਤਨਾਮ ਦਾਸ ਵੱਲੋਂ ਰੇਸ਼ਮਾ ਬਾਈ ਪਤਨੀ ਨਿਰਮਲ ਸਿੰਘ ਵਾਸੀ ਚੱਕ ਗੁਮਾਨੀ ਵਾਲਾ ਖੂਹ ਦਾਖਲੀ ਵੈਰੋਕਾ ਦੇ ਖਿਲਾਫ ਮੁਖਬਰੀ ਮਿਲਣ ਤੇ ਉਸਦੇ ਘਰ ਰੇਡ ਕਰਕੇ ਉਸ ਪਾਸੋਂ 150 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਜਿਸਨੂੰ ਕਾਬੂ ਕਰਕੇ ਉਸਦੇ ਖਿਲਾਫ ਮੁਕੱਦਮਾ ਨੰਬਰ 43 ਮਿਤੀ 17—04—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਵੈਰੋਕਾ ਦਰਜ ਰਜਿਸਟਰ ਕੀਤਾ ਗਿਆ ਹੈ। ਇਸੇ ਤਰਾਂ ਸਹਾਇਕ ਥਾਣੇਦਾਰ ਸਤਪਾਲ ਵੱਲੋਂ ਪਰਵਿੰਦਰ ਸਿੰਘ ਉਰਫ ਪਿੰਡੀ ਪੁੱਤਰ ਗੁਰਨਾਮ ਸਿੰਘ ਵਾਸੀ ਚੱਕ ਬਲੋਚਾਂ ਉਰਫ ਮਹਾਲਮ ਦੇ ਖਿਲਾਫ ਮੁਖਬਰੀ ਮਿਲਣ ਤੇ ਉਸਦੇ ਘਰ ਰੇਡ ਕਰਕੇ ਉਸ ਨੂੰ ਕਾਬੂ ਕਰਕੇ ਉਸ ਪਾਸੋਂ 20 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ ਹੈ। ਜਿਸਦੇ ਖਿਲਾਫ ਮੁਕੱਦਮਾ ਨੰਬਰ 44 ਮਿਤੀ 17—04—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਵੈਰੋਕਾ ਦਰਜ ਰਜਿਸਟਰ ਕੀਤਾ ਗਿਆ ਹੈ।

ਇਸੇ ਲੜੀ ਤਹਿਤ ਇੰਸਪੈਕਟਰ ਤਰਸੇਮ ਸ਼ਰਮਾ ਮੁੱਖ ਅਫਸਰ ਥਾਣਾ ਅਰਨੀ ਵਾਲਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਅੰਗਰੇਜ ਸਿੰਘ ਵੱਲੋਂ ਅਜੈ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਬੁਰਜ ਹਨੂੰਮਾਨਗੜ੍ਹ ਦੇ ਖਿਲਾਫ ਮੁਖਬਰੀ ਮਿਲਣ ਤੇ ਉਸਦੇ ਘਰ ਰੇਡ ਕਰਕੇ ਉਸਪਾਸੋਂ 120 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਜਿਸਦੇ ਖਿਲਾਫ ਮੁਕੱਦਮਾ ਨੰਬਰ 31 ਮਿਤੀ 17—04—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਅਰਨੀ ਵਾਲਾ ਵਿਖੇ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਇੰਸਪੈਕਟਰ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਖੂਈਖੇੜਾ ਦੀ ਨਿਗਰਾਨੀ ਹੇਠ ਐਚ.ਸੀ ਕੁਲਦੀਪ ਸਿੰਘ ਵੱਲੋਂ ਬਲਵਿੰਦਰ ਸਿੰਘ ਪੁੱਤਰ ਹੁਸ਼ਿਆਰ ਸਿੰਘ ਵਾਸੀ ਢਾਬ ਖੁਸ਼ਹਾਲ ਜੋਈਆ ਦੇ ਖਿਲਾਫ ਮੁਖਬਰੀ ਮਿਲਣ ਤੇ ਨਾਕਾਬੰਦੀ ਕਰਕੇ ਦੋਸ਼ੀ ਬਲਵਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 40 ਬੋਤਲਾਂ ਸ਼ਰਾਬ ਨਜਾਇਜ ਬਰਾਮਦ ਕੀਤੀ ਗਈ ਹੈ। ਜਿਸਦੇ ਖਿਲਾਫ ਮੁਕੱਦਮਾ ਨੰਬਰ 28 ਮਿਤੀ 18—04—2024 ਜੁਰਮ 61/1/14 ਐਕਸਾਈਜ਼ ਐਕਟ ਥਾਣਾ ਖੂਈਖੇੜਾ ਦਰਜ ਰਜਿਸਟਰ ਕਰਕੇ ਅਗੇਲਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਇੰਸਪੈਕਟਰ ਲੇਖ ਰਾਜ ਮੁੱਖ ਅਫਸਰ ਥਾਣਾ ਸਿਟੀ ਫਾਜਿਲਕਾ ਦੀ ਨਿਗਰਾਨੀ ਹੇਠ ਐਸ.ਆਈ ਕੁਲਵਿੰਦਰ ਸਿੰਘ ਵੱਲੋਂ ਹਰਜਿੰਦਰ ਸਿੰਘ ਉਰਫ ਕਾਲੀ ਪੁੱਤਰ ਹੰਸ ਰਾਜ ਵਾਸੀ ਪਿੰਡ ਰਾਣਾ, ਪ੍ਰਿੰਸ ਪੁੱਤਰ ਕਿਸ਼ੋਰ ਚੰਦ ਵਾਸੀ ਖਿਲਚੀ ਜਦੀਦ ਅਤੇ ਮੋਹਨ ਲਾਲ ਪੁੱਤਰ ਪ੍ਰੇਮ ਚੰਦ ਵਾਸੀ ਰਾਧਾ ਸੁਆਮੀ ਕਲੋਨੀ ਫਾਜਿਲਕਾ ਦੇ ਖਿਲਾਫ ਮੁਖਬਰੀ ਮਿਲਣ ਤੇ ਦੋਸ਼ੀਆਂ ਤੇ ਰੇਡ ਕਰਕੇ ਉਹਨਾਂ ਪਾਸੋਂ 25 ਗਰਾਮ ਹੈਰੋਇਨ ਅਤੇ ਇੱਕ ਸਕੂਟੀ ਬਰਾਮਦ ਕੀਤੀ ਗਈ ਹੈ। ਜਿਹਨਾਂ ਦੇ ਖਿਲਾਫ ਮੁਕੱਦਮਾ ਨੰਬਰ 53 ਮਿਤੀ 18—04—2024 ਜੁਰਮ 21,29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਫਾਜਿਲਕਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਮੀਂਹ ਨੇ ਝੱਖੜ ਨਾਲ ਦਿੱਤੀ ਦਸਤਕ, ਜ਼ੀਰਕਪੁਰ ਹੋਇਆ ਪਾਣੀ-ਪਾਣੀ



ਫਲਾਈਓਵਰ ਹੇਠਾਂ ਕੌਮੀ ਸ਼ਾਹਰਾਹ ਸੜਕ ਤੇ ਭਰਿਆ ਬਰਸਾਤੀ ਪਾਣੀ

**ਜ਼ੀਰਕਪੁਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਵਿੱਚ ਝੱਖੜ ਦੇ ਨਾਲ ਪਏ ਤੇਜ਼ ਮੀਂਹ ਅਤੇ ਗੜੇਮਾਰੀ ਕਾਰਨ ਜਿੱਥੇ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ ਉੱਥੇ ਹੀ ਜ਼ੀਰਕਪੁਰ ਦੇ ਕਈ ਇਲਾਕਿਆਂ ਨੂੰ ਨਾਕਸ਼ ਨਿਕਾਸੀ ਪ੍ਰਬੰਧ ਹੋਣ ਕਰਕੇ ਪਾਣੀ ਭਰ ਗਿਆ, ਇੱਥੋਂ ਤੱਕ ਕਿ ਜ਼ੀਰਕਪੁਰ ਪਟਿਆਲਾ ਚੌਂਕ ਦੇ ਨਜ਼ਦੀਕ ਫਲਾਈਓਵਰ ਹੇਠਾਂ ਲੰਬੇ ਸਮੇਂ ਤੋਂ ਕੌਮੀ ਸ਼ਾਹਰਾਹ ਅਥਾਰਟੀ ਵੱਲੋਂ ਨਿਕਾਸੀ ਦਾ ਕੋਈ ਉਪਰਾਲਾ ਨਾ ਕਿਤੇ ਜਾਣ ਕਰਕੇ ਗੋਡੇ-ਗੋਡੇ ਪਾਣੀ ਭਰ ਗਿਆ। ਪਾਣੀ ਕਾਰਨ ਵਾਹਨ ਚਾਲਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਰਾਹਗੀਰਾਂ ਨੇ ਦੱਸਿਆ ਕਿ ਕੌਮੀ ਸ਼ਾਹਰਾਹ 'ਤੇ ਲੰਮੇ ਸਮੇਂ ਤੋਂ ਬਰਸਾਤਾਂ ਵਿੱਚ ਪਾਣੀ ਦੇ ਖੜਨ ਬਾਰੇ ਅਧਿਕਾਰੀਆਂ ਨੂੰ ਦੱਸਿਆ ਜਾਂਦਾ ਰਿਹਾ ਹੈ ਪਰ ਅਧਿਕਾਰੀ ਅੱਜ ਤੱਕ ਇਸ ਸਮੱਸਿਆ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਉਨ੍ਹਾਂ ਦੱਸਿਆ ਕਿ ਸੜਕ 'ਤੇ ਪਾਣੀ ਜਮ੍ਹਾਂ ਹੋਣ ਕਾਰਨ ਆਮ ਲੋਕਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਦੀਆਂ ਕਈ ਮੁੱਖ ਸੜਕਾਂ ਅੰਬਾਲਾ ਰੋਡ 'ਤੇ ਮੈਟਰੋ ਮਾਲ ਦੇ ਨਜ਼ਦੀਕ, ਪਟਿਆਲਾ ਚੌਕ ਤੇ ਫਲਾਈਓਵਰ ਦੇ ਹੇਠਾਂ ਪੰਚਕੂਲਾ ਲਾਇਟਸ ਤਕ, ਵੀਆਈਪੀ ਰੋਡ, ਲੋਹਗੜ੍ਹ ਰੋਡ, ਸ਼ਿਵਾਲਿਕ ਵਿਹਾਰ ਤੋਂ ਭਬਾਤ ਰੋਡ, ਗੋਦਾਮ ਖੇਤਰ, ਗਰੀਨ ਇਨਕਲੇਵ ਦੀਆਂ ਅੰਦਰੂਨੀ ਸੜਕਾਂ, ਟਿ ?ਬਿਊਨ ਕਾਲੋਨੀ ਆਦਿ ਦੀਆਂ ਸੜਕਾਂ ਉੱਤੇ ਪਾਣੀ ਜਮ੍ਹਾਂ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਬਰਸਾਤ ਕਾਰਨ ਕਈ ਥਾਵਾਂ ਤੇ ਸੀਵਰੇਜ ਓਵਰ-ਫਲੋ ਹੋ ਗਏ ਅਤੇ ਗੰਦਾ ਪਾਣੀ ਲੋਕਾਂ ਦੇ ਘਰਾਂ 'ਚ ਵੜ ਗਿਆ। ਬਰਸਾਤ ਕਾਰਨ ਵੀਆਈਪੀ ਰੋਡ ਸਣੇ ਪੂਰਾ ਸ਼ਹਿਰ ਪਾਣੀ ਨਾਲ ਜਲਥਲ ਹੋ ਗਿਆ, ਜਿਸ ਕਾਰਨ ਲੋਕ ਪਰੇਸ਼ਾਨੀ ਦੇ ਆਲਮ 'ਚ ਰਹੇ। ਲੋਕਾਂ ਨੇ ਕਿਹਾ ਕਿ ਸ਼ਹਿਰ 'ਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਢੁਕਵੇਂ ਪ੍ਰਬੰਧ ਨਾ ਹੋਣ ਕਾਰਨ ਵੀਆਈਪੀ ਰੋਡ ਸਣੇ ਸ਼ਹਿਰ ਦੇ ਸਾਰੇ ਗਲੀ-ਮੁਹੱਲੇ ਨਦੀ ਦਾ ਰੂਪ ਧਾਰਨ ਕਰ ਲੈਂਦੇ ਹਨ।

ਸਥਾਨਕ ਵਸਨੀਕਾਂ ਨੇ ਕਿਹਾ ਸ਼ਹਿਰ 'ਚ ਪਾਈ ਗਈ ਸੀਵਰੇਜ ਪ੍ਰਣਾਲੀ ਪੂਰੀ ਤਰ੍ਹਾਂ ਫੇਲ ਸਿੱਧ ਹੋ ਰਹੀ ਹੈ। ਸ਼ਹਿਰ ਵਿੱਚ ਬਿਨ੍ਹਾਂ ਕਿਸੇ ਲੈਵੇਲ ਅਤੇ ਤਕਨੀਕ ਤੋਂ ਸੀਵਰੇਜ ਪਾ ਕੇ ਪੈਸੇ ਦੀ ਬਰਬਾਦੀ ਕੀਤੀ ਗਈ ਹੈ। ਨਗਰ ਕੌਂਸਲ 'ਚ ਲੰਬੇ ਸਮੇਂ ਤੋਂ ਸੱਤਾ ਵਿੱਚ ਰਹੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਵਲੋਂ ਵਿਕਾਸ ਕਰਨ ਦੇ ਕੀਤੇ ਗਏ ਵੱਡੇ-ਵੱਡੇ ਦਾਅਵੇ ਖੋਖਲੇ ਸਿੱਧ ਹੋਏ ਹਨ। ਵਸਨੀਕਾਂ ਨੇ ਨਗਰ ਕੌਂਸਲ ਤੋਂ ਬਰਸਾਤੀ ਪਾਣੀ ਦੇ ਨਿਕਾਸ ਦੇ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਪਾਣੀ ਦੀ ਨਿਕਾਸੀ ਦੇ ਸਹੀ ਪ੍ਰਬੰਧ ਨਾ ਕੀਤੇ ਗਏ ਤਾਂ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ।

ਦੂਜੇ ਪਾਸੇ ਪਏ ਮੀਂਹ ਅਤੇ ਗੜ੍ਹਿਆਂ ਕਾਰਨ ਕਣਕ ਦੀ ਫਸਲ ਦਾ ਵੀ ਨੁਕਸਾਨ ਹੋਇਆ ਹੈ। ਮੀਂਹ ਅਤੇ ਗੜੇਮਾਰੀ ਕਾਰਨ ਕਣਕ ਦੀ ਵਾਢੀ ਦਾ ਕੰਮ ਵੀ ਖੜ੍ਹ ਗਿਆ ਹੈ।

# ਸਤੋਜ ਦੇ ਮਹਾਰਾਜੇ ਨੇ ਨਿਯੁਕਤੀ ਪੱਤਰਾਂ ਦੀ ਥਾਂ ਈਟੀਟੀ ਅਧਿਆਪਕਾਂ ਨੂੰ ਡਾਂਗਾਂ ਅਤੇ ਪਰਚਿਆਂ ਨਾਲ ਨਿਵਾਜਿਆ : ਮਹਿੰਦਰ ਕੋੜੀਆਂ ਵਾਲੀ

## 5994 ਭਰਤੀ ਨੂੰ ਇਕ ਸਾਲ ਤੋਂ ਕੋਰਟ ਵਿਚ ਲਟਕਾਉਣ ਅਤੇ ਆਗੂਆਂ 'ਤੇ ਪਰਚੇ ਦਰਜ਼ ਕਰਨ ਦੀ ਨਿਖੇਧੀ

**ਫਾਜ਼ਿਲਕਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**





ਸਿੱਖਿਆ ਖੇਤਰ ਵਿਚ ਕ੍ਰਾਂਤੀ ਦੇ ਦਮਗੱਜੇ ਮਾਰਨ ਵਾਲੀ ਮਾਨ ਸਰਕਾਰ ਰੁਜ਼ਗਾਰ ਮੰਗਣ ਵਾਲਿਆਂ ਨੂੰ ਪਹਿਲੀਆਂ ਸਰਕਾਰਾਂ ਨੂੰ ਵੀ ਪਿੱਛੇ ਛੱਡਦੇ ਹੋਏ ਡਾਂਗਾਂ ਅਤੇ ਪਰਚਿਆਂ ਨਾਲ ਹੀ ਨਿਵਾਜ ਰਹੀ ਹੈ।

ਪਿਛਲੇ ਲਗਭਗ 200 ਦਿਨਾਂ ਤੋਂ 5994 ਈਟੀਟੀ ਭਰਤੀ ਵਿਚ ਸਲੈਕਟ ਹੋਏ ਅਧਿਆਪਕ ਭਰਤੀ ਨੂੰ ਲਾਗੂ ਕਰਵਾਉਣ ਲਈ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਚ ਪੱਕਾ ਮੋਰਚਾ ਲਗਾ ਕੇ ਬੈਠੇ ਹੋਏ ਹਨ। ਕੋਈ ਸੁਣਵਾਈ ਨਾ ਹੁੰਦੀ ਵੇਖ ਬੀਤੇ ਸਾਲ 25 ਅਕਤੂਬਰ ਨੂੰ ਇਹ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਪਿੰਡ ਸਤੋਜ ਵਿੱਖੇ ਪਹੁੰਚੇ ਸਨ, ਜਿੱਥੇ ਪੁਲਿਸ ਪ੍ਰਸ਼ਾਸਨ ਵੱਲੋਂ ਬੇਰੁਜ਼ਗਾਰਾਂ ਦੀ ਕੁੱਟਮਾਰ ਕਰਦਿਆਂ ਅੰਨਾ ਤਸ਼ੱਦਦ ਕੀਤਾ ਅਤੇ 12 ਅਧਿਆਪਕਾਂ ਦੇ ਨਾਂ ਸਮੇਤ ਲਗਭਗ 150 ਦੇ ਕਰੀਬ ਅਧਿਆਪਕਾਂ 'ਤੇ ਪਰਚੇ ਦਰਜ ਕੀਤੇ ਹਨ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਕੌੜਿਆਂ ਵਾਲੀ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਹੋਇਆਂ ਕਿਹਾ ਕਿ, 5994 ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਸਿੱਖਿਆ ਵਿਭਾਗ ਅਤੇ ਸਰਕਾਰ ਦੀ ਨਾਲਾਇਕੀ ਕਰਕੇ ਸਿਰੇ ਨਹੀਂ ਚੜ ਰਹੀ ਹੈ।

ਪ੍ਰਾਇਮਰੀ ਸਕੂਲ ਲਗਾਤਾਰ ਅਧਿਆਪਕਾਂ ਦੀ ਵੱਡੇ ਪੱਧਰ 'ਤੇ ਕਮੀਂ ਨਾਲ ਜੂਝ ਰਹੇ ਹਨ, ਜਿਸ ਕਾਰਣ ਬੱਚਿਆਂ ਦੀ ਪੜਾਈ ਤੇ ਬੁਰਾ ਅਸਰ ਪੈ ਰਿਹਾ ਹੈ। ਦੂਸਰੇ ਪਾਸੇ ਇਸ਼ਤਿਹਾਰਾਂ ਰਾਹੀਂ ਸਿੱਖਿਆ ਵਿਚ ਕ੍ਰਾਂਤੀ ਲਿਆਉਣ ਦਾ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਪ੍ਰਾਇਮਰੀ ਅਧਿਆਪਕਾਂ ਦੀ 5994 ਅਸਾਮੀਆਂ ਦੀ ਭਰਤੀ ਲਗਭਗ ਦੋ ਸਾਲਾਂ ਤੋਂ ਲਟਕ ਰਹੀ ਹੈ। ਲੇਕਿਨ ਸਰਕਾਰ ਅਤੇ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਹਜਾਰਾਂ ਯੋਗਤਾ ਪ੍ਰਾਪਤ ਬੇਰੁਜ਼ਗਾਰ ਅਧਿਆਪਕਾਂ ਨੂੰ ਸੰਘਰਸ਼ ਕਰਨ ਲਈ ਸਰਕਾਰ ਵੱਲੋਂ ਮਜਬੂਰ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਮਸਲਾ ਹੱਲ ਕਰਨ ਦੀ ਬਜਾਏ ਇਹਨਾਂ ਤੇ ਪਰਚੇ ਦਰਜ ਕਰ ਕੇ ਸੰਘਰਸ਼ ਤੋਂ ਦੂਰ ਕਰਨ ਦੀ ਨਕਾਮ ਕੋਸ਼ਿਸ ਕਰ ਰਹੀ ਹੈ।

ਡੀਟੀਐੱਫ ਆਗੂਆਂ ਨੇ 5994 ਅਧਿਆਪਕਾਂ 'ਤੇ ਦਰਜ਼ ਕੀਤੇ ਝੂਠੇ ਪੁਲਿਸ ਪਰਚਿਆਂ ਦੀ ਨਿਖੇਧੀ ਕਰਦਿਆਂ ਚਿਤਾਵਨੀ ਦਿੱਤੀ ਕਿ ਸਰਕਾਰ ਕੀਤੇ ਪਰਚੇ ਤੁਰੰਤ ਰੱਦ ਕਰਕੇ ਇਸ ਭਰਤੀ ਨੂੰ ਬਿਨਾਂ ਦੇਰੀ ਨੇਪਰੇ ਚਾੜੇ।

# ਸਿਹਤ ਵਿਭਾਗ ਵੱਲੋਂ 24 ਤੋਂ 30 ਅਪ੍ਰੈਲ ਤੱਕ ਮਨਾਇਆ ਜਾਵੇਗਾ ਵਿਸ਼ਵ ਟੀਕਾਕਰਨ ਹਫਤਾ : ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲਾ ਸਿਹਤ ਵਿਭਾਗ ਵੱਲੋਂ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹੇ ਵਿੱਚ ਅਪ੍ਰੈਲ ਦੇ ਆਖਰੀ ਹਫਤੇ 24 ਤੋਂ 30 ਅਪ੍ਰੈਲ ਤੱਕ ÷ਵਿਸ਼ਵ ਟੀਕਾਕਰਨ ਹਫਤਾ÷ ਮਨਾਇਆ ਜਾ ਰਿਹਾ ਹੈ। ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਸਥਾ ਵੱਲੋਂ ਸਾਲ 1974 ਵਿੱਚ ਈ ਪੀ ਆਈ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ , ਜਿਸ ਦੀ 50ਵੀਂ ਵਰੇਗੰਢ ਮਨਾਉਂਦੇ ਹੋਏ ਇਸ ਪ੍ਰੋਗਰਾਮ ਦੀਆਂ ਪ੍ਰਾਪਤੀਆਂ ਦੇ ਜ਼ਸ਼ਨ ਮਨਾਉਣ, ਟੀਕਾਕਰਨ ਨਾਲ ਬਚਾਈਆਂ ਜਾਂਨਾਂ ਤੇ ਇਸ ਦੇ ਪ੍ਰਭਾਵ ਨੂੰ ਉਜਾਗਰ ਕਰਨ ਅਤੇ ਨਿਯਮਤ ਟੀਕਾਕਰਨ ਪਹਿਲ ਨੂੰ ਮਜਬੂਤ ਬਣਾਉਣ ਲਈ ਨਵੇਂ ਯਤਨਾਂ ਨੂੰ ਉਤਸਾਹਿਤ ਕਰਨ ਲਈ ਇਕ ਮਹੱਤਵਪੂਰਨ ਮੌਕਾ ਪ੍ਰਦਾਨ ਕਰਨਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲਾ ਟੀਕਾਕਰਨ ਅਫਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ÷ਵਿਸ਼ਵ ਟੀਕਾਕਰਨ ਹਫਤਾ÷ ਮਨਾਏ ਜਾਣ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਕੋਈ ਵੀ ਗਰਭਵਤੀ ਔਰਤ ਅਤੇ ਬੱਚਾ ਟੀਕਾ ਕਰਨ ਤੋਂ ਵਾਂਝਾ ਨਾ ਰਹੇ। ਉਹਨਾਂ ਦੱਸਿਆ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਜਿਲੇ ਅੰਦਰ ਪੈਂਦੇ ਖਾਸ ਤੌਰ ਤੇ ਸ਼ਹਿਰੀ ਅਤੇ ਪ੍ਰਵਾਸੀ ਵਸੋਂ ਆਦਿ ਵਾਲੇ ਇਲਾਕੇ ਜਿਵੇਂ ਸਲੱਮ ਏਰੀਆ, ਝੁੱਗੀਆਂ, ਝੌਂਪੜੀਆਂ, ਭੱਠੇ, ਪਥੇਰਾਂ ਅਤੇ ਹੋਰ ਅਪਹੁੰਚ ਵਾਲੇ ਇਲਾਕਿਆਂ ਵਿੱਚ ਗਰਭਵਤੀ ਔਰਤਾਂ ਅਤੇ ਪੰਜ ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਸੰਪੂਰਨ ਟੀਕਾਕਰਨ ਕਰਨ ਲਈ ਆਊਟਰੀਚ ਕੈਂਪ ਲਗਾਏ ਜਾਣਗੇ ।ਇਸ ਮੁਹਿੰਮ ਸਬੰਧੀ ਜਾਗਰੂਕਤਾ ਫੈਲਾਉਣ ਲਈ ਸਕੂਲਾਂ ਵਿੱਚ ਭਾਸ਼ਣ ਮੁਕਾਬਲੇ, ਚਾਰਟ ਮੇਕਿੰਗ, ਪੋਸਟਰ ਮੇਕਿੰਗ ਮੁਕਾਬਲੇ ਆਦਿ ਕਰਵਾਈਆਂ ਜਾਣਗੀਆਂ ਤਾਂ ਜੋ ਆਮ ਲੋਕਾਂ ਨੂੰ ਇਸ ਮੁਹਿੰਮ ਸੰਬੰਧੀ ਜਾਗਰੂਕ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਬੁੱਧਵਾਰ ਦਾ ਦਿਨ ਛੱਡ ਕੇ ਪੂਰਾ ਹਫਤਾ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਖਾਸ ਤੌਰ ਤੇ ਸ਼ਹਿਰੀ ਸਲਮ ਏਰੀਏ ਵਿੱਚ ਟੀਕਾ ਕਰਨ ਤੋਂ ਵਾਂਝੇ ਅਤੇ ਅਧੂਰਾ ਟੀਕਾਕਰਨ ਵਾਲੇ ਬੱਚਿਆਂ ਵੱਲ ਵਧੇਰੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਅਤੇ ਹਫਤੇ ਦੌਰਾਨ ਕੀਤੇ ਟੀਕਾਕਰਨ ਦੀ ਰਿਪੋਰਟ ਰੋਜ਼ਾਨਾਂ ਗੂਗਲ ਸ਼ੀਟ ਤੇ ਭਰਨੀ ਯਕੀਨੀ ਬਣਾਈ ਜਾਵੇਗੀ।

# ਮਾਛੀਵਾੜਾ ਸਾਹਿਬ ਦੀ ਦਾਣਾ ਮੰਡੀ ਵਿੱਚ ਕਿਸਾਨਾਂ ਲਈ ਬਾਰਿਸ਼ ਤੋਂ ਬਚਾਅ ਲਈ ਪੁਖਤਾ ਪ੍ਰਬੰਧ

**ਮਾਛੀਵਾੜਾ ਸਾਹਿਬ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਅਚਾਨਕ ਖਰਾਬ ਹੋਏ ਮੌਸਮ ਦੇ ਕਾਰਨ ਹੋ ਰਹੀ ਬੇਮੌਸਮੀ ਬਾਰਿਸ਼ ਅਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੇ ਸਾਹ ਸੁਕਾ ਦਿੱਤੇ ਹਨ ਕਿਉਂਕਿ ਕਣਕ ਦੀ ਫਸਲ ਜੋ ਕਿ ਪੂਰੀ ਤਰ੍ਹਾਂ ਪੱਕ ਚੁੱਕੀ ਹੈ ਤੇ ਕਿਸਾਨਾਂ ਵੱਲੋਂ ਕਣਕਾਂ ਦੀਆਂ ਵਾਢੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪਰ ਅੱਜ ਚੱਲੀਆਂ ਤੇਜ਼ ਹਵਾਵਾਂ ਨਾਲ ਹੋਈ ਬਾਰਿਸ਼ ਤੇ ਗੜ੍ਹੇਮਾਰੀ ਕਾਰਨ ਕਿਸਾਨ ਚਿੰਤਾਂ ਵਿੱਚ ਹਨ। ਮੌਸਮ ਵਿਭਾਗ ਵੱਲੋਂ ਦੋ ਤਿੰਨ ਦਿਨ ਦੀ ਬਾਰਿਸ਼ ਹੋਣ ਦੇ ਦਿੱਤੇ ਗਏ ਅਨੁਮਾਨ ਮੁਤਾਬਿਕ ਕੱਲ੍ਹ ਰਾਤ ਤੇ ਅੱਜ ਕਈ ਥਾਈਂ ਰੁਕ-ਰੁਕ ਕੇ ਬਾਰਿਸ਼ ਹੋਈ ਅਤੇ ਗੜ੍ਹੇਮਾਰੀ ਵੀ ਹੋਈ। ਜਿਸ ਨਾਲ ਆੜ੍ਹਤੀ ਅਤੇ ਕਿਸਾਨ ਮੰਡੀਆਂ ਵਿੱਚ ਪਈ ਫਸਲ ਨੂੰ ਸੰਭਾਲਦੇ ਨਜ਼ਰ ਆਏ ਪਰ ਰਾਹਤ ਦੀ ਗੱਲ ਇਹ ਰਹੀ ਕਿ ਬਾਰਿਸ਼ ਜਿਆਦਾ ਨਹੀਂ ਹੋਈ।

ਜ਼ਿਕਰ ਯੋਗ ਹੈ ਕਿ ਸੂਬੇ ਵਿੱਚ ਕਣਕ ਦੀ ਫਸਲ ਪੂਰੀ ਤਰ੍ਹਾਂ ਪੱਕ ਚੁੱਕੀ ਹੈ ਤੇ ਕਣਕ ਦੀ ਵਾਢੀ ਵੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਤੇ ਮੰਡੀਆਂ ਵਿੱਚ ਕਣਕ ਦੀ ਆਮਦ ਤੇਜ਼ ਹੋ ਗਈ ਹੈ ਪਰ ਇਸ ਦੇ ਮੌਸਮੀ ਬਾਰਿਸ਼ ਕਾਰਨ ਖੇਤਾਂ ਵਿੱਚ ਖੜੀ ਕਣਕ ਦਾ ਝਾੜ ਘਟਣ ਦਾ ਖਦਸ਼ਾ ਬਣਿਆ ਹੋਇਆ ਹੈ ਜੋ ਕਿ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਬਣ ਸਕਦਾ ਹੈ।

ਮਾਛੀਵਾੜਾ ਸਾਹਿਬ ਇਲਾਕੇ ਵਿੱਚ ਵੀ ਅੱਜ ਤੇਜ ਹਵਾਵਾਂ ਨਾਲ ਬਾਰਿਸ਼ ਹੋਈ ਜਿਸ ਤੇ ਕਿਸਾਨਾਂ ਦੇ ਚਿਹਰੇ ਮੁਰਝਾਏ ਨਜ਼ਰ ਆਏ ਤੇ ਉਹ ਰੱਬ ਅੱਗੇ ਇਹੀ ਅਰਦਾਸ ਕਰਦੇ ਨਜ਼ਰ ਆਏ ਕਿ ਰੱਬਾ ਹੁਣ ਤਾਂ ਸੋਨੇ ਦੀ ਕਣੀ ਵੀ ਨਾ ਪਾਈ ਕਿਉਂਕਿ ਉਹਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਪੱਕ ਕੇ ਮੰਡੀਆਂ ਵਿੱਚ ਆਉਣ ਲਈ ਤਿਆਰ ਹੈ। ਜਿਸਦੀ ਕਿਸਾਨ ਛੇ ਮਹੀਨਿਆਂ ਤੋਂ ਉਡੀਕ ਕਰ ਰਹੇ ਸਨ।

# ਡਾ.ਅਮਰ ਸਿੰਘ ਨੂੰ ਲੋਕ ਸਭਾ 'ਚ ਵੋਟਰ ਦੂਜੀ ਵਾਰ ਸੇਵਾ ਕਰਨ ਦਾ ਮੌਕਾ ਦੇਣ : ਸ਼ਕਤੀ ਅਨੰਦ

**ਮਾਛੀਵਾੜਾ ਸਾਹਿਬ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਡਾਕਟਰ ਅਮਰ ਸਿੰਘ ਨੂੰ ਟਿਕਟ ਮਿਲਣ ਨਾਲ ਕਾਂਗਰਸੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਸ਼ਕਤੀ ਆਨੰਦ ਨੇ ਕੀਤਾ।

ਉਹਨਾਂ ਕਿਹਾ ਕਿ ਡਾਕਟਰ ਅਮਰ ਸਿੰਘ ਜੋ ਕਿ ਪਹਿਲਾਂ ਵੀ ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਤੋਂ ਐੱਮ.ਪੀ ਰਹਿ ਚੁੱਕੇ ਹਨ ਅਤੇ ਹੁਣ ਫਿਰ ਦੁਬਾਰਾ ਤੋਂ ਕਾਂਗਰਸ ਹਾਈ ਕਮਾਂਡ ਨੇ ਡਾਕਟਰ ਅਮਰ ਸਿੰਘ ਨੂੰ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ ਦੂਜੀ ਲੋਕ ਸਭਾ ਦੀ ਟਿਕਟ ਦੇ ਕੇ ਨਿਵਾਜਿਆ ਹੈ ਅਤੇ ਇਸ ਵਾਰ ਫਿਰ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਵੋਟਰ ਡਾਕਟਰ ਅਮਰ ਸਿੰਘ ਨੂੰ ਸੇਵਾ ਕਰਨ ਦਾ ਮੌਕਾ ਦੇਣਗੇ। ਉਹਨਾਂ ਦਾ ਹਲਕਾ ਸਮਰਾਲਾ ਦੇ ਲੋਕਾਂ ਨਾਲ ਐਨਾ ਪਿਆਰ ਅਤੇ ਸਤਿਕਾਰ ਹੈ ਕਿ ਹਲਕੇ ਦੇ ਲੋਕ ਉਹਨਾਂ ਨੂੰ ਵੀ ਦਿਲੋਂ ਪਿਆਰ ਕਰਦੇ ਹਨ। ਉਹਨਾਂ ਕਿਹਾ ਕਿ ਡਾਕਟਰ ਅਮਰ ਸਿੰਘ ਨੇ ਹਲਕਾ ਸਮਰਾਲਾ ਦੇ ਪਿੰਡਾਂ ਨੂੰ ਆਪਣੇ ਅਖਤਿਆਰੀ ਖੋਟੇ ਵਿੱਚੋਂ ਜੋ ਗਰਾਂਟਾਂ ਦਿੱਤੀਆਂ ਉਹਨਾਂ ਨਾਲ ਪਿੰਡਾਂ ਵਿੱਚ ਵਿਕਾਸ ਕਾਰਜ ਹੋਏ ਜਦ ਕਿ ਆਮ ਆਦਮੀ ਪਾਰਟੀ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਪਿੰਡਾਂ ਨੂੰ ਕੋਈ ਗਰਾਂਟ ਨਹੀਂ ਦਿੱਤੀ ਤੇ ਲੋਕ ਹੁਣ ਫਿਰ ਤੋਂ ਡਾਕਟਰ ਅਮਰ ਸਿੰਘ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ। ਉਹਨਾਂ ਕਿਹਾ ਕਿ ਡਾਕਟਰ ਅਮਰ ਸਿੰਘ ਨੂੰ ਟਿਕਟ ਮਿਲਣ ਨਾਲ ਹਲਕੇ ਦਾ ਹਰ ਕਾਂਗਰਸੀ ਵਰਕਰ ਉਤਸ਼ਾਹ ਵਿੱਚ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਉਹ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਡਾਕਟਰ ਅਮਰ ਸਿੰਘ ਦੀ ਚੋਣ ਮੁਹਿੰਮ ਵਿੱਚ ਅੱਗੇ ਹੋ ਕੇ ਤੁਰਨਗੇ ਅਤੇ ਇੱਕ ਇੱਕ ਵੋਟ ਉਹਨਾਂ ਦੇ ਹੱਕ ਵਿੱਚ ਭੁਗਤਾਉਣਗੇ ਤੇ ਭਾਰੀ ਬਹੁਮਤ ਨਾਲ ਜਿਤਾ ਕੇ ਭੇਜਣਗੇ।

# ਪੰਜਾਬ ਪੁਲਸ ਦੀ ਵੱਡੀ ਕਾਰਵਾਈ ! ਨਾਮੀ ਗੈਂਗਸਟਰ ਨੂੰ ਹਥਿਆਰਾਂ ਸਣੇ ਕੀਤਾ ਗ੍ਰਿਫਤਾਰ

ਚੰਡੀਗੜ੍ਹ 22 ਅਪ੍ਰੈਲ। ਪੰਜਾਬ ਪੁਲਸ ਨੇ ਅੰਤਰਰਾਜੀ ਹਥਿਆਰ ਤਸਕਰੀ ਗਿਰੋਹ ‘ਤੇ ਵੱਡਾ ਵਾਰ ਕਰਦਿਆਂ ਮਲਕੀਤ ਸਿੰਘ ਉਰਫ ਨਵਾਬ ਨੂੰ ਸਾਥੀ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕੋਲੋਂ ਪਿਲਤੌਲਾਂ ਤੇ ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਨਵਾਬ ਗੋਪੀ ਘਨਸ਼ਾਮਪੁਰੀਆ ਤੇ ਹੈਰੀ ਚੱਠਾ ਗੈਂਗਸ ਦਾ ਮੈਂਬਰ ਸੀ ਤੇ ਉਸ ਖ਼ਿਲਾਫ ਕਈ ਕ੍ਰਿਮੀਨਲ ਕੇਸ ਦਰਜ ਸਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਐੱਸ.ਏ.ਐੱਸ. ਨਗਰ ਦੀ ਪੁਲਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਨਲਕੀਤ ਸਿੰਘ ਉਰਫ ਨਵਾਬ ਅਤੇ ਉਸ ਦੇ ਸਾਥੀ ਗਮਦੂਰ ਸਿੰਘ ਉਰਫ ਵਿੱਕੀ ਨੂੰ ਗ੍ਰਿਫਤਾਰ ਕੀਤਾ ਹੈ। ਦੋਹਾਂ ਕੋਲੋਂ 6 ਪਿਸਤੌਲਾਂ, 10 ਜਿੰਦਾ ਕਾਰਤੂਸ ਤੇ 10 ਮੈਗਜੀਨਾਂ ਬਰਾਮਦ ਕੀਤੀਆਂ ਗਈਆਂ ਹਨ। ਨਵਾਬ ਗੋਪੀ ਘਨ ਡੀ.ਜੀ.ਪੀ. ਗੌਰਵ ਯਾਦਵ ਨੇ ਅੱਗੇ ਦੱਸਿਆ ਕਿ ਮਲਕੀਤ ਸਿੰਘ ਅੰਤਰਰਾਜੀ ਹਥਿਆਰ ਤਸਕਰੀ ਗਿਰੋਹ ਚਲਾ ਰਿਹਾ ਸੀ। ਉਸ ਦੇ ਖ਼ਿਲਾਫ ਪਹਿਲਾਂ ਤੋਂ ਹੀ 30 ਕ੍ਰਿਮੀਨਲ ਕੇਸ ਦਰਜ ਹਨ ਤੇ ਉਕਤ ਗਿਰੋਹ ਤੋਂ ਤਕਰੀਬਨ 100 ਨਾਜਾਇਜ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਸੂਬੇ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਪੰਜਾਬ ਕਾਂਗਰਸ ‘ਚ ਮੁੜ ਛਿੜਿਆ ਕਾਟੋ-ਕਲੇਸ਼, ਸਾਬਕਾ ਵਿਧਾਇਕ ਨੇ ਲੋਕ ਸਭਾ ਚੋਣਾਂ ਲੜਨ ਤੋਂ ਕੀਤਾ ਇਨਕਾਰ

ਜਲੰਧਰ 22 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜਰ ਸਿਆਸੀ ਪਾਰਟੀਆਂ ‘ਚ ਜੋੜ-ਤੋੜ ਲਗਾਤਾਰ ਜਾਰੀ ਹੈ। ਕਈ ਆਗੂ ਟਿਕਟ ਨਾ ਮਿਲਣ ਕਾਰਨ ਆਪਣੀਆਂ ਪਾਰਟੀਆਂ ਤੋਂ ਨਾਰਾਜ ਚੱਲ ਰਹੇ ਹਨ। ਅਜਿਹੇ ‘ਚ ਕਾਂਗਰਸ ਪਾਰਟੀ ਤੋਂ ਇਕ ਅਹਿਮ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਜੰਡਿਆਲਾ ਤੋਂ ਕਾਂਗਰਸੀ ਵਿਧਾਇਕ ਰਹਿ ਚੁੱਕੇ ਸੁੱਖਵਿੰਦਰ ਸਿੰਘ ਡੈਨੀ, ਜਿਨ੍ਹਾਂ ਨੂੰ ਪਾਰਟੀ ਵੱਲੋਂ ਫਰੀਦਕੋਟ ਹਲਕੇ ਤੋਂ ਉਮੀਦਵਾਰ ਐਲਾਨੇ ਜਾਣ ਦੀ ਚਰਚਾ ਚੱਲ ਰਹੀ ਸੀ, ਨੇ ਹੁਣ ਫਰੀਦਕੋਟ ਤੋਂ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਸੁਖਵਿੰਦਰ ਡੈਨੀ ਨੇ ਫੇਸਬੁੱਕ ‘ਤੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨਾਲ ਗੱਲਬਾਤ ਦਾ ਵਟਸਐਪ ਸਕ੍ਰੀਨਸ਼ਾਟ ਸਾਂਝਾ ਕਰ ਕੇ ਲਿਖਿਆ ਹੈ ਕਿ ਉਨ੍ਹਾਂ ਨੂੰ ਰਾਜਾ ਵੜਿੰਗ ਨਾਲ ਮੁਲਾਕਾਤ ਦਾ ਸਮਾਂ ਨਹੀਂ ਮਿਲ ਰਿਹਾ। ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਵੀ ਹਰ ਵਾਰ ਕਹਿੰਦੇ ਹਨ ਕਿ ਉਹ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ, ਇਸ ਕਾਰਨ ਲੋਕ ਉਨ੍ਹਾਂ ਨੂੰ ਵੋਟਾਂ ਪਾਈਆਂ ਜਾਣ। ਉਨ੍ਹਾਂ ਅੱਗੇ ਕਿਹਾ ਕਿ ਉਹ ਮਜ਼ਬੀ ਸਿੱਖ ਭਾਈਚਾਰੇ ਦੇ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਪਾਰਟੀ ਦੇ ਆਗੂਆਂ ਨਾਲ ਗੱਲਬਾਤ ਕਰਨ ਲਈ ਸਮਾਂ ਮੰਗ ਰਹੇ ਸਨ, ਪਰ ਜਦੋਂ ਉਨ੍ਹਾਂ ਨੂੰ ਕੋਈ ਸਮਾਂ ਨਾ ਦਿੱਤਾ ਗਿਆ ਤਾਂ ਇਸ ਕਾਰਨ ਉਨ੍ਹਾਂ ਨੇ ਫਰੀਦਕੋਟ ਤੋਂ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ।

# ਧਰਮਵੀਰ ਗਾਂਧੀ ਨੂੰ ਟਿਕਟ ਮਿਲਣ ‘ਤੇ ਪੁਰਾਣੇ ਕਾਂਗਰਸੀਆਂ ‘ਚ ਛਿੜੇ ਬਗਾਵਤੀ ਸੁਰ, ਹਾਈਕਮਾਨ ਤੱਕ ਪਹੁੰਚੀ ਆਵਾਜ

ਕਿਸ਼ਨ ਪਾਲ

ਪਟਿਆਲਾ 22 ਅਪ੍ਰੈਲ। ਕਾਂਗਰਸ ਹਾਈਕਮਾਂਡ ਵਲੋਂ ਪਟਿਆਲਾ ਲੋਕ ਸਭਾ ਹਲਕੇ ਤੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਤੋਂ ਬਾਅਦ 50-50 ਸਾਲ ਪੁਰਾਣੇ ਕਾਂਗਰਸੀ ਬਵਾਗਤ ਦੀ ਰੌਅ ਵਿਚ ਸਨ, ਜਿਨ੍ਹਾਂ ਦੀ ਅਗਵਾਈ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਖਜਾਨਾ ਮੰਤਰੀ ਰਹੇ ਲਾਲ ਸਿੰਘ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦੇ ਦੋ ਦਹਾਕਿਆਂ ਤੱਕ ਪ੍ਰਧਾਨ ਤੇ ਦੋ ਵਾਰ ਵਿਧਾਇਕ ਰਹੇ ਹਰਦਿਆਲ ਸਿੰਘ ਕੰਬੋਜ ਕਰ ਰਹੇ ਸਨ। ਡਾ. ਗਾਂਧੀ ਦੀ ਟਿਕਟ ਦੇ ਐਲਾਨ ਤੋਂ ਬਾਅਦ ਜ਼ਿਲ੍ਹੇ ਦੀ ਜ਼ਿਆਦਾਤਰ ਲੀਡਰਸ਼ਿਪ ਨੇ ਬਗਾਵਤ ਦਾ ਬਿਗੁਲ ਵਜਾ ਦਿੱਤਾ ਸੀ ਅਤੇ 22 ਅਪ੍ਰੈਲ ਨੂੰ ਰਾਜਪੁਰਾ ਦੇ ਇਕ ਨਿੱਜੀ ਰਿਜ਼ੋਰਟ ਵਿਚ ਟਕਸਾਲੀ ਵਰਕਰਾਂ ਦੀ ਮੀਟਿੰਗ ਬੁਲਾ ਲਈ ਸੀ। ਕਾਂਗਰਸ ਰਾਜਨੀਤੀ ਦੀ ਸੁਗਬੁਗਾਹਟ ਵਿਚ ਭਾਜਪਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਨ੍ਹਾਂ ਆਗੂਆਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਸੀ। ਸੂਤਰਾਂ ਅਨੁਸਾਰ ਇਕ ਵੱਡੀ ਪਾਰਟੀ ਨੇ ਤਾਂ ਆਫਰ ਭੇਜ ਦਿੱਤੀ ਸੀ ਕਿ ਜੇਕਰ ਉਹ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਉਹ ਆਪਣਾ ਉਮੀਦਵਾਰ ਬਿਠਾ ਲੈਣਗੇ ਅਤੇ ਕਾਂਗਰਸ ਦੇ ਬਾਗੀ ਧੜੇ ਵਿਚੋਂ ਜਿਸ ਨੂੰ ਵੀ ਆਗੂ ਚਾਹੁਣਗੇ, ਉਸ ਨੂੰ ਟਿਕਟ ਦੇ ਦਿੱਤੀ ਜਾਵੇਗੀ। ਇਸ ਦੀ ਜਾਣਕਾਰੀ ਜਦੋਂ ਦਿੱਲੀ ਦੀ ਕਾਂਗਰਸ ਹਾਈਕਮਾਂਡ ਅਤੇ ਰਾਹੁਲ ਗਾਂਧੀ ਤੱਕ ਪਹੁੰਚੀ ਤਾਂ ਉਨ੍ਹਾਂ ਡੈਮੇਜ ਕੰਟਰੋਲ ਕਰਨ ਲਈ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਡਿਊਟੀ ਲਾਈ। ਅਮਰਿੰਦਰ ਸਿੰਘ ਰਾਜਾ



ਵੜਿੰਗ ਸਵੇਰੇ ਹੀ ਪਟਿਆਲਾ ਪਹੁੰਚ ਗਏ ਸਨ ਅਤੇ ਇਸ ਦੌਰਾਨ ਉਨ੍ਹਾਂ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਦੇ ਨਿਵਾਸ ’ਤੇ ਕਾਂਗਰਸੀ ਆਗੂਆਂ ਨਾਲ ਨਾਸ਼ਤਾ ਕੀਤਾ ਅਤੇ ਉਨ੍ਹਾਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਹਰਦਿਆਲ ਸਿੰਘ ਕੰਬੋਜ ਦੇ ਨਾਲ ਸਮਾਣਾ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ, ਪੀ.ਪੀ.ਐੱਸ.ਸੀ. ਦੇ ਸਾਬਕਾ ਮੈਂਬਰ ਰਵਿੰਦਰ ਕੌਰ ਰਵੀ, ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਪਟਿਆਲਾ ਸ਼ਹਿਰੀ ਹਲਕੇ ਦੇ ਇੰਚਾਰਜ ਅਤੇ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ, ਜਸਵਿੰਦਰ ਸਿੰਘ ਰੰਧਾਵਾ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਪਰਿਵਾਰਕ ਮੈਂਬਰ ਤੋਂ ਇਲਾਵਾ ਹੋਰ ਕਈ ਆਗੂ ਹਾਜ਼ਰ ਸਨ। ਇਸ ਮੀਟਿੰਗ ਵਿਚ ਸਮੁੱਚੀ ਲੀਡਰਸ਼ਿਪ ਨੇ ਸੂਬਾ ਪ੍ਰਧਾਨ ਨੂੰ ਕਾਂਗਰਸੀ ਵਰਕਰਾਂ ਦੀ ਨਾਰਾਜ਼ਗੀ ਦੱਸੀ ਅਤੇ ਕਿਹਾ ਕਿ ਟਕਸਾਲੀ ਕਾਂਗਰਸੀ ਇਸ ਗੱਲ ਤੋਂ ਦੁਖੀ ਹਨ ਕਿ ਉਨ੍ਹਾਂ ਨੂੰ ਅਣਦੇਖਾ ਕਿਉਂ ਕੀਤਾ ਗਿਆ? ਮੀਟਿੰਗ ਵਿਚ ਹੋਰ ਕਈ ਗੱਲਾਂ ਹੋਈਆਂ। ਇਸ ਮੀਟਿੰਗ ਤੋਂ ਬਾਅਦ ਦੇਰ ਸ਼ਾਮ ਰਾਜਾ ਵੜਿੰਗ ਚੰਡੀਗੜ੍ਹ ਪਹੁੰਚੇ ਅਤੇ ਉਨ੍ਹਾਂ ਉਥੇ ਸਾਬਕਾ ਕਾਂਗਰਸ ਪ੍ਰਧਾਨ ਲਾਲ ਸਿੰਘ ਨਾਲ ਵੀ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਵੀ ਪਟਿਆਲਾ ਦੇ ਸਮੁੱਚੇ ਆਗੂ ਹਾਜ਼ਰ ਸਨ। ਮੀਟਿੰਗ ਦੌਰਾਨ ਰਾਜਾ ਵੜਿੰਗ ਨੇ ਲਾਲ ਸਿੰਘ ਅਤੇ ਹਰਦਿਆਲ ਕੰਬੋਜ ਦੀ ਰਾਹੁਲ ਗਾਂਧੀ ਨਾਲ ਫੋਨ ’ਤੇ ਗੱਲਬਾਤ ਕਰਵਾਈ। ਦੋਨਾਂ ਆਗੂਆਂ ਨੇ ਰਾਹੁਲ ਗਾਂਧੀ ਨੂੰ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ। ਸੂਤਰਾਂ ਅਨੁਸਾਰ ਰਾਹੁਲ ਗਾਂਧੀ ਨੇ ਸਮੁੱਚੇ ਆਗੂਆਂ ਨੂੰ ਵਿਸ਼ਵਾਸ਼ ਦਵਾਇਆ ਕਿ ਕਾਂਗਰਸ ਪਾਰਟੀ ਨੂੰ ਭਾਜਪਾ ਦੇ ਖਿਲਾਫ ਲੜਾਈ ਲੜਨ ਲਈ ਦੇਸ਼ ਪੱਧਰ ’ਤੇ ਕਈ ਸਮਝੌਤੇ ਕਰਨੇ ਪੈ ਰਹੇ ਹਨ। ਇਸ ਸੰਕਟ ਦੇ ਸਮੇਂ ਸਮੁੱਚੀ ਪਾਰਟੀ ਨੂੰ ਇਕਜੁਟ ਹੋਣ ਦੀ ਜ਼ਰੂਰਤ ਹੈ। ਸੂਤਰਾਂ ਅਨੁਸਾਰ ਆਗੂਆਂ ਨੂੰ ਕਿਹਾ ਗਿਆ ਕਿ ਇਹ ਮੀਟਿੰਗ ਕੈਂਸਲ ਕੀਤੀ ਜਾਵੇ ਪਰ ਲਾਲ ਸਿੰਘ ਅਤੇ ਹਰਦਿਆਲ ਕੰਬੋਜ ਨੇ ਕਿਹਾ ਕਿ ਮੀਟਿੰਗ ਹਰ ਹਾਲਤ ਵਿਚ ਹੋਵੇਗੀ। ਇਸ ਮੀਟਿੰਗ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਹੁੰਚਣਗੇ ਅਤੇ ਉਥੇ ਵਰਕਰ ਜੋ ਵੀ ਮੰਗ ਅਤੇ ਮੁੱਦੇ ਉਠਾਉਣਗੇ ਉਨ੍ਹਾਂ ਦਾ ਮੌਕੇ ’ਤੇ ਹੀ ਜਵਾਬ ਦੇਣਗੇ। ਸੂਤਰਾਂ ਅਨੁਸਾਰ ਦਿੱਲੀ ਕਾਂਗਰਸ ਹਾਈਕਮਾਂਡ ਅਤੇ ਪੰਜਾਬ ਕਾਂਗਰਸ ਕਮੇਟੀ ਵਲੋਂ ਡੈਮੇਜ ਕੰਟਰੋਲ ਕਰਨ ਲਈ ਤੁਰੰਤ ਕਾਰਵਾਈ ਕੀਤੀ ਗਈ, ਉਸ ਦਾ ਪਾਰਟੀ ਨੂੰ ਲਾਭ ਮਿਲ ਸਕਦਾ ਹੈ ਅਤੇ 22 ਅਪ੍ਰੈਲ ਦੀ ਮੀਟਿੰਗ ਵਿਚ ਪਾਰਟੀ ਦੇ ਖਿਲਾਫ ਕੋਈ ਵੱਡਾ ਫੈਸਲਾ ਹੋਣ ਦੀ ਸੰਭਾਵਨਾ ਘਟ ਗਈ ਹੈ।

# ਬਟਾਲਾ ਪੁਲਸ ਨੇ ਅਰਧ ਸੈਨਿਕ ਬਲਾਂ ਨਾਲ ਮਿਲ ਕੇ ਕੀਤਾ ਫਲੈਗ ਮਾਰਚ

ਬਟਾਲਾ 22 ਅਪ੍ਰੈਲ। ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਅੱਜ ਮੈਡਮ ਅਸ਼ਵਨੀ ਗੋਟਿਆਲ, ਐੱਸ.ਐੱਸ.ਪੀ. ਬਟਾਲਾ ਦੀ ਅਗਵਾਈ ਹੇਠ ਬਟਾਲਾ ਪੁਲਸ ਨੇ ਅਰਧ ਸੈਨਿਕ ਬਲਾਂ ਨਾਲ ਮਿਲ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਜਨਤਕ ਸੁਰੱਖਿਆ ਨੂੰ ਵਧਾਉਣ ਅਤੇ ਸਾਂਤੀ ਬਣਾਈ ਰੱਖਣ ਲਈ ਸਬ-ਡਵੀਜਨਾਂ ਦੀਆਂ ਵੱਖ-ਵੱਖ ਥਾਵਾਂ ’ਤੇ ਫਲੈਗ ਮਾਰਚ ਕੱਢਿਆ, ਜਿਸ ਤਹਿਤ ਬਟਾਲਾ ਸ਼ਹਿਰ ਦੇ ਵੱਖ-ਵੱਖ ਬਾਜਾਰਾਂ ਵਿਚ ਪੈਰਾ ਮਿਲਟਰੀ ਫੋਰਸ ਸਮੇਤ ਫਲੈਗ ਮਾਰਚ ਕੀਤਾ ਗਿਆ। ਇਸ ਮੌਕੇ ਡੀ.ਐੱਸ.ਪੀ. (ਐੱਚ) ਆਜ਼ਾਦ ਦਵਿੰਦਰ ਸਿੰਘ, ਡੀ.ਐੱਸ.ਪੀ. ਜਸਪਾਲ ਸਿੰਘ, ਬੀ.ਐੱਸ.ਐੱਫ. ਦੇ ਅਧਿਕਾਰੀ, ਐੱਸ.ਐੱਚ.ਓ. ਯਾਦਵਿੰਦਰ ਸਿੰਘ, ਐੱਸ.ਐੱਚ.ਓ. (ਸਿਟੀ) ਮੈਡਮ ਖੁਸ਼ਬੂ ਸ਼ਰਮਾ ਆਦਿ ਹਾਜਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਡੀ.ਐੱਸ.ਪੀ., ਆਜਾਦ ਦਵਿੰਦਰ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ. ਮੈਡਮ ਅਸ਼ਵਨੀ ਗੋਟਿਆਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਵਿਚ ਸੁਰੱਖਿਆ ਅਤੇ ਸਦਭਾਵਨਾ ਦੀ ਭਾਵਨਾ ਕਾਇਮ ਰੱਖਣ ਲਈ ਪੈਰਾ-ਮਿਲਟਰੀ ਫੋਰਸ ਸਮੇਤ ਪੁਲਸ ਲਾਈਨ ਬਟਾਲਾ ਤੋਂ ਗਾਂਧੀ ਚੌਂਕ ਤੋਂ ਬਟਾਲਾ ਸ਼ਹਿਰ ਦੇ ਵੱਖ-ਵੱਖ ਬਾਜਾਰਾ ਵਿਚ ਫਲੈਗ ਮਾਰਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਫਲੈਗ ਮਾਰਚ ਦਾ ਮਕਸਦ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਅਤੇ ਸਮਾਜ ਵਿਰੋਧੀ ਅਨਸਰਾਂ ਦੇ ਮਨਾਂ ’ਚ ਪੁਲਸ ਦਾ ਖੌਫ ਪੈਦਾ ਕਰਨਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨਾਂ ਨੂੰ ਕਿਸੇ ਸਮਾਜ ਵਿਰੋਧੀ ਅਨਸਰ ਜਾਂ ਕਿਸੇ ਗੈਰ-ਕਾਨੂੰਨੀ ਕੰਮ ਬਾਰੇ ਪਤਾ ਲੱਗਦਾ ਹੈ ਤਾਂ ਉਹ ਤੁਰੰਤ ਪੁਲਸ ਨੂੰ ਸੂਚਿਤ ਕਰਨ ਜਾਂ ਪੁਲਸ ਹੈਲਪ ਲਾਈਨ ਨੰਬਰ 112 ਤੇ ਜਾਣਕਾਰੀ ਦੇਣ। ਜਾਣਕਾਰੀ ਦੇਣ ਵਾਲੇ ਦਾ ਨਾਂ ਅਤੇ ਪਛਾਣ ਗੁਪਤ ਰੱਖੀ ਜਾਵੇਗੀ।

# ਟਰਾਂਸਪੋਰਟ ਵਿਭਾਗ ਤੇ ਪੁਲਸ ਵੱਲੋਂ ਸਕੂਲ ਬੱਸਾਂ ਦੀ ਅਚਨਚੇਤ ਜਾਂਚ

ਏਜੰਸੀਆਂ

ਅੰਮ੍ਰਿਤਸਰ 22 ਅਪ੍ਰੈਲ। ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਵੱਲੋਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਸੈਕਟਰੀ ਆਰ. ਟੀ. ਏ., ਪੁਲਸ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਜ਼ਿਲ੍ਹੇ ਭਰ ਵਿਚ ਸਕੂਲ ਬੱਸਾਂ ਦੀ ਅਚਨਚੇਤੀ ਜਾਂਚ ਕਈ ਥਾਵਾਂ ’ਤੇ ਨਾਕੇ ਲਗਾ ਕੇ ਕੀਤੀ ਗਈ। ਸਕੂਲ ਵਾਹਨਾਂ ਦੀ ਸੁਰੱਖਿਆ ਨੂੰ ਲੈ ਕੇ ਸ਼ੁਰੂ ਕੀਤੀ ਗਈ ਇਸ ਮੁਹਿੰਮ ਤਹਿਤ ਪਹਿਲੇ ਦਿਨ ਹੀ ਇਨ੍ਹਾਂ ਟੀਮਾਂ ਨੇ 33 ਸਕੂਲ ਵਾਹਨਾਂ ਦੇ ਚਲਾਨ ਕੱਟੇ। ਇਸ ਮੌਕੇ ਸੈਕਟਰੀ ਆਰ. ਟੀ. ਏ. ਅਰਸ਼ਦੀਪ ਸਿੰਘ ਨੇ ਦੱਸਿਆ ਕਿ ਐੱਸ. ਡੀ. ਐਮਜ਼, ਸਕੂਲ ਸਿੱਖਿਆ ਅਤੇ ਪੁਲਸ ਵਿਭਾਗ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੇਫ ਸਕੂਲ ਵਾਹਨ ਪਾਲਿਸੀ ਨੂੰ ਇੰਨ ਬਿੰਨ ਲਾਗੂ ਕਰਨ ਹਿੱਤ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜੋ ਕਿ ਭਵਿੱਖ ਵਿਚ ਵੀ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਇਸੇ ਮੁਹਿੰਮ ਤਹਿਤ ਸਕੂਲੀ ਬੱਸਾਂ ਵਿਚ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਡਰਾਈਵਰਾਂ, ਜ਼ਰੂਰੀ ਉਪਕਰਣ, ਦਸਤਾਵੇਜ਼ ਅਤੇ ਹੋਰ ਸਹੂਲਤਾਂ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਧਰੇ ਵੀ ਕੁਤਾਹੀ ਮਿਲੀ, ਉਥੇ ਚਲਾਨ ਕੱਟਿਆ ਗਿਆ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾਂ ਕਰਨ ਵਾਲੀਆਂ 33 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਆਰ. ਟੀ. ਓ. ਦਫਤਰ ਵਲੋਂ 17 ਚਾਲਾਨ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵਲੋਂ 16 ਚਾਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਐੱਸ. ਡੀ. ਐੱਮਜ਼, ਡੀ. ਈ. ਓ. ਸਾਹਿਬਾਨ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਟ੍ਰੈਫਿਕ ਪੁਲਸ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਵਿਚ ਸਪੱਸ਼ਟ



ਕੀਤਾ ਕਿ ਸਿੱਖਿਆ ਵਿਭਾਗ ਹਰੇਕ ਸਕੂਲ ਮੁਖੀ ਕੋਲੋਂ ਇਹ ਲਿਖਤੀ ਤੌਰ ’ਤੇ ਲਵੇ ਕਿ ਉਨ੍ਹਾਂ ਦੀਆਂ ਸਕੂਲ ਬੱਸਾਂ ਜਾਂ ਵਾਹਨ ਸਹੀ ਹਨ ਤੇ ਸੁਰੱਖਿਆ ਦਾ ਹਰ ਮਾਪਦੰਡ ਪੂਰਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਇਹ ਜਰੂਰੀ ਹੈ ਕਿ ਸਕੂਲ ਮੁਖੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲੀ ਬੱਸਾਂ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸਾਰੀਆਂ ਸ਼ਰਤਾਂ ਤੇ ਨਿਯਮਾਂ ਨੂੰ ਲਾਜ਼ਮੀ ਤੌਰ ’ਤੇ ਲਾਗੂ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦਾ ਹਾਦਸਾ ਹੁੰਦਾ ਹੈ ਤਾਂ ਇਸ ਲਈ ਸਕੂਲ ਮੁਖੀ ਉਤੇ ਪੁਲਸ ਕੇਸ ਦਰਜ ਹੋਵੇਗਾ। ਹਾਲ ਹੀ ਵਿਚ ਮਹਿੰਦਰਗੜ੍ਹ ਵਿਖੇ ਹੋਈ ਸੜਕ ਦੁਰਘਟਨਾ, ਜਿਸ ਵਿਚ 8 ਸਕੂਲੀ ਬੱਚਿਆਂ ਦੀ ਮੌਤ ਹੋਈ ਸੀ, ਸਬੰਧੀ ਸਕੂਲ ਪ੍ਰਿੰਸੀਪਲ, ਸਕੂਲ ਦੇ ਟ੍ਰੈਫਿਕ ਇੰਚਾਰਜ ਅਤੇ ਡਰਾਈਵਰ ’ਤੇ ਪੁਲਸ ਕੇਸ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਬੰਧੀ ਕਿਸੇ ਪ੍ਰਕਾਰ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਏ.ਆਈ.ਆਰ.ਐਫ. ਦੀ ਸਤਾਬਦੀ ਕਾਨਫਰੰਸ ਦੀਆਂ ਤਿਆਰੀਆਂ ਜੋਰਾਂ-ਸੋਰਾਂ ਨਾਲ-ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ

ਨਵੀਂ ਦਿੱਲੀ 22 ਅਪ੍ਰੈਲ 2024, ਆਲ ਇੰਡੀਆ ਰੇਲਵੇ ਮੇਨਜ ਫੈਡਰੇਸ਼ਨ (ਏ.ਆਈ.ਆਰ.ਐਫ.) ਆਪਣੀ ਸਾਨਦਾਰ ਸਤਾਬਦੀ ਕਾਨਫਰੰਸ ਦਾ ਆਯੋਜਨ ਕਰ ਰਹੀ ਹੈ। 23 ਅਪ੍ਰੈਲ 2024 ਤੋਂ 26 ਅਪ੍ਰੈਲ 2024 ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਪ੍ਰੈਸ ਕਾਨਫਰੰਸ




ਨੂੰ ਸੰਬੋਧਨ ਕਰਦੇ ਹੋਏ, ਸ੍ਰੀ ਸ਼ਿਵ ਗੋਪਾਲ ਮਿਸਰਾ, ਜਨਰਲ ਸਕੱਤਰ, ਏਆਈਐਲ ਇੰਡੀਆ ਰੇਲਵੇ ਮੇਨਸ ਫੈਡਰੇਸਨ ਏਆਈਆਰਐਫ ਨੇ ਕਿਹਾ ਕਿ ਏਆਈਆਰਐਫ, ਜਿਸਦੀ ਸਥਾਪਨਾ 24 ਅਪ੍ਰੈਲ 1924 ਨੂੰ ਕੀਤੀ ਗਈ ਸੀ ਅਤੇ ਇਸ ਤਰ੍ਹਾਂ ਫੈਡਰੇਸਨ ਦਾ ਗਠਨ ਕੀਤਾ ਗਿਆ ਸੀ। 24 ਅਪ੍ਰੈਲ 2024 ਨੂੰ 100 ਸਾਲ ਪੂਰੇ ਹੋ ਰਹੇ ਹਨ। ਏਆਈਆਰਐਫ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਆਲ ਇੰਡੀਆ ਰੇਲਵੇਮੈਨਜ ਫੈਡਰੇਸਨ (ਏ.ਆਈ.ਆਰ.ਐਫ.) ਦਾ ਇਹ 100 ਸਾਲਾਂ ਦਾ ਇਤਿਹਾਸ ਸੰਘਰਸਾਂ ਨਾਲ ਭਰਪੂਰ ਰਿਹਾ ਹੈ। ਸ੍ਰੀ ਰਾਏ ਸਾਹਿਬ ਚੰਡਿਕਾ ਪ੍ਰਸਾਦ, ਸ੍ਰੀ. ਮੁਕੰਦ ਲਾਲ ਸਰਕਾਰ, ਸ੍ਰੀ ਐਨ.ਐਮ. ਜੋਸੀ, ਸ੍ਰੀ ਵੀ.ਵੀ. ਗਿਰੀ, ਸ੍ਰੀ ਆਈ.ਬੀ. ਸੇਨ. ਸ੍ਰੀ ਜਮੁਨਾ ਦਾਸ ਮਹਿਤਾ। ਸ੍ਰੀ ਐਸ. ਗੁਰੂਸਵਾਮੀ, ਸ੍ਰੀ ਪੀਟਰ ਅਲਵਾਰਿਸ। ਸ੍ਰੀਮਤੀ ਮਨੀ ਬੇਨ ਕਾਰਾ, ਸ੍ਰੀ ਜੈ ਪ੍ਰਕਾਸ ਨਰਾਇਣ, ਪ੍ਰੋਫੈਸਰ ਸ੍ਰੀ ਮਧੂ ਡੰਡਾਵਤੇ, ਸ੍ਰੀ ਜਾਰਜ ਫੇਮੈਂਡੇਸ, ਸ੍ਰੀਮਤੀ ਪ੍ਰਿਆ ਗੁਪਤਾ ਸ੍ਰੀ ਜੇ.ਪੀ.ਚੋਬੇ, ਸ੍ਰੀ. ਉਮਰਾਓ ਮੱਲ ਪੁਰੋਹਿਤ, ਸ੍ਰੀ ਰਾਖਲ ਦਾਸ ਗੁਪਤਾ ਨੇ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ‘ਤੇ ਰਹਿੰਦਿਆਂ ਦੀ ਸਫਲਤਾਪੂਰਵਕ ਅਗਵਾਈ ਕੀਤੀ ਹੈ ਅਤੇ ਕਰਮਚਾਰੀਆਂ ਦੀਆਂ ਮੰਗਾਂ ਲਈ ਆਪਣਾ ਸਾਰਾ ਜੀਵਨ ਕੁਰਬਾਨ ਕੀਤਾ ਹੈ। ਇਨ੍ਹਾਂ ਮਹਾਨ ਨੇਤਾਵਾਂ ਦੇ ਬਲ ‘ਤੇ ਹੀ ਅੱਜ ਅਸੀਂ ਇਸ ਇਤਿਹਾਸਕ ਪਲ ਦੇ ਭਾਗੀਦਾਰ ਬਣ ਰਹੇ ਹਾਂ। ਦੇ ਜਨਰਲ ਸਕੱਤਰ ਸ੍ਰੀ ਮਿਸਰਾ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਬਹੁਤ ਮਾਣ ਅਤੇ ਇਤਿਹਾਸਕ ਪਲ ਹੈ ਕਿ ਅਸੀਂ ਦੀ ਸਤਾਬਦੀ ਕਾਨਫਰੰਸ ਦੇ ਗਵਾਹ ਹਾਂ ਕਿਉਂਕਿ ਇਹ ਕਿਸੇ ਵੀ ਸੰਸਥਾ ਲਈ ਬਹੁਤ ਹੀ ਦੁਰਲੱਭ ਮੌਕਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਤਾਬਦੀ ਕਾਨਫਰੰਸ ਨੂੰ ਇਤਿਹਾਸਕ ਅਤੇ ਸਫਲ ਬਣਾਉਣ ਲਈ ਤਿਆਰੀਆਂ ਜੋਰਾਂ ’ਤੇ ਹਨ, ਜਿਸ ਵਿੱਚ 23 ਅਪ੍ਰੈਲ ਨੂੰ ਤਾਲ ਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ ਰਾਸਟਰੀ ਮਹਿਲਾ ਅਤੇ ਯੁਵਾ ਕਾਨਫਰੰਸ, 24 ਅਪ੍ਰੈਲ ਨੂੰ ਬਾਅਦ ਦੁਪਹਿਰ 02 ਵਜੇ ਏ.ਆਈ.ਆਰ.ਐਫ ਸਤਾਬਦੀ ਕਾਨਫਰੰਸ ਰੈਲੀ ਸਾਮਲ ਹੈ। : 00 ਵਜੇ। ਕਰਨੈਲ ਸਿੰਘ ਰੇਲਵੇ ਸਟੇਡੀਅਮ, ਨਵੀਂ ਦਿੱਲੀ ਵਿਖੇ ਸਤਾਬਦੀ ਕਾਨਫਰੰਸ ਦਾ ਓਪਨ ਸੈਸਨ ਅਤੇ ਆਲ ਇੰਡੀਆ ਰੇਲਵੇ ਪੈਨਸਨਰਜ ਵੈਲਫੇਅਰ ਫੈਡਰੇਸਨ ਦੀ 25 ਅਪ੍ਰੈਲ ਨੂੰ ਤਲ ਕਟੋਰਾ ਸਟੇਡੀਅਮ, ਨਵੀਂ ਦਿੱਲੀ ਵਿਖੇ ਸਤਾਬਦੀ ਕਾਨਫਰੰਸ ਦਾ ਡੈਲੀਗੇਟ ਸੈਸਨ ਆਯੋਜਿਤ ਕੀਤਾ ਜਾਵੇਗਾ 26 ਅਪ੍ਰੈਲ ਨੂੰ ਸਿਵਿਕ ਸੈਂਟਰ, ਨਵੀਂ ਦਿੱਲੀ ਵਿਖੇ ਹੋਵੇਗੀ ਸ੍ਰੀ ਮਿਸਰਾ ਨੇ ਅੱਗੇ ਦੱਸਿਆ ਕਿ ਇਸ ਮੌਕੇ 24 ਅਪ੍ਰੈਲ ਨੂੰ 1960, 1968 ਅਤੇ 1974 ਵਿੱਚ ਭਾਰਤੀ ਰੇਲਵੇ ਦੀਆਂ ਇਤਿਹਾਸਕ ਰੇਲ ਹੜਤਾਲਾਂ ਦੀ ਸੁਰੂਆਤ ਕਰਨ ਵਾਲੇ ਰੇਲਵੇ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਕਮਲ ਸਿੰਘ ਰੇਲਵੇ ਸਟੇਡੀਅਮ ਵਿਖੇ 24 ਅਪ੍ਰੈਲ 2024 ਨੂੰ ਸ ਨਵੀਂ ਦਿੱਲੀ, ਵੀਹ ਹਜਾਰ ਤੋਂ ਵੱਧ ਰੇਲਵੇ ਕਰਮਚਾਰੀ, ਪੂਰੇ ਭਾਰਤ ਦੇ ਅਧਿਕਾਰੀ ਅਤੇ ਵੱਖ-ਵੱਖ ਰੇਲਵੇ ਸੈਕਟਰਾਂ ਦੇ ਅੰਤਰਰਾਸਟਰੀ ਆਗੂ ਵੀ ਹਿੱਸਾ ਲੈ ਰਹੇ ਹਨ। ਇਸ ਸਮਾਗਮ ਦੇ ਮੁੱਖ ਮਹਿਮਾਨ ਰੇਲਵੇ ਬੋਰਡ ਦੀ ਪਹਿਲੀ ਮਹਿਲਾ ਚੇਅਰਪਰਸਨ ਸ੍ਰੀਮਤੀ ਜਯਾ ਵਰਮਾ ਸਿਨਹਾ ਹੋਣਗੇ ਅਤੇ ਸਮਾਗਮ ਦੀ ਸੁਰੂਆਤ ਇੰਟਰਨੈਸਨਲ ਟਰਾਂਸਪੋਰਟ ਵਰਕਰਜ ਫੈਡਰੇਸਨ ਦੇ ਜਨਰਲ ਸਕੱਤਰ ਸ੍ਰੀ ਸਟੀਫਨ ਕਾਟਨ ਕਰਨਗੇ। 22 ਅਪ੍ਰੈਲ, 2024 ਤੋਂ ਪੂਰੇ ਭਾਰਤ ਤੋਂ ਵਿਸੇਸ ਰੇਲ ਗੱਡੀਆਂ ਅਤੇ ਰਾਖਵੀਆਂ ਰੇਲਗੱਡੀਆਂ ਰਾਹੀਂ ਲਗਭਗ 20 ਹਜਾਰ ਰੇਲਵੇ ਕਰਮਚਾਰੀ ਜਸਨਾਂ ਵਿਚ ਸਾਮਲ ਹੋਣ ਲਈ ਆਉਣੇ ਸੁਰੂ ਹੋ ਗਏ ਹਨ, ਜੋ ਕਿ 100 ਸਾਲ ਪੂਰੇ ਹੋਣ ‘ਤੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਦੇ ਮੈਂਬਰਾਂ ਵਿਚ ਉਹੀ ਉਤਸਾਹ ਮਹਿਸੂਸ ਹੁੰਦਾ ਹੈ। ਸਾਲ। ਨੌਜਵਾਨਾਂ ਅਤੇ ਔਰਤਾਂ ਵਿੱਚ ਸਭ ਤੋਂ ਵੱਧ ਉਤਸਾਹ ਹੈ। ਸ੍ਰੀ ਡੇਵਿਡ ਗੋਬੇ, ਫਰਾਂਸ ਤੋਂ ਇੰਟਰਨੈਸਨਲ ਟਰਾਂਸਪੋਰਟ ਵਰਕਰਜ ਫੈਡਰੇਸਨ (ਆਈ.ਟੀ.ਐਫ.) ਰੇਲਵੇ ਸੈਕਸਨ ਦੇ ਪ੍ਰਧਾਨ। ਇਸ ਸਮਾਗਮ ਨੂੰ ਰੂਸੀ ਰੇਲਵੇ ਦੇ ਜਨਰਲ ਸਕੱਤਰ ਸ੍ਰੀ ਸਰਗੇਈ ਚੇਮੋਗਾਏਵ, ਟਰਾਂਸਪੋਰਟ ਕੌਂਸਲ ਜਾਪਾਨ ਦੇ ਪ੍ਰਧਾਨ ਸ੍ਰੀ ਤੋਸੀਹਿਕੋ ਸੁਮੀਨੋ ਸੈਨ ਸਮੇਤ ਸਥਾਨਕ ਆਗੂਆਂ ਵੱਲੋਂ ਵੀ ਸੰਬੋਧਨ ਕੀਤਾ ਜਾਵੇਗਾ। ਆਲ ਇੰਡੀਆ ਰੇਲਵੇਮੈਨਜ ਫੈਡਰੇਸਨ ਨੇ ਸਾਰੀਆਂ ਕੇਂਦਰੀ ਮਜਦੂਰ ਜਥੇਬੰਦੀਆਂ ਨੂੰ ਵੀ ਇਸ ਇਤਿਹਾਸਕ ਪਲ ਵਿੱਚ ਸਾਮਲ ਹੋਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਰੇਲਵੇ ਬੋਰਡ ਦੇ ਮੈਂਬਰਾਂ ਤੋਂ ਇਲਾਵਾ ਉੱਤਰੀ ਰੇਲਵੇ ਦੇ ਜਨਰਲ ਮੈਨੇਜਰ ਸ. ਸਤਾਬਦੀ ਕਾਨਫਰੰਸ ਵਿੱਚ ਡਿਵੀਜਨਲ ਰੇਲਵੇ ਮੈਨੇਜਰ ਦਿੱਲੀ ਅਤੇ ਹੋਰ ਕਈ ਅਧਿਕਾਰੀ ਵੀ ਸ਼ਿਰਕਤ ਕਰਨਗੇ।

# ਐਡਵੋਕੇਟ ਧਾਮੀ ਨੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਚੀਮਾ ਪੋਤਾ’ਚ ਹੋਈ ਬੇਅਦਬੀ ਦੀ ਕੀਤੀ ਸਖ਼ਤ ਨਿੰਦਾ

ਏਜੰਸੀਆਂ

ਅੰਮ੍ਰਿਤਸਰ 22 ਅਪ੍ਰੈਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੀਮਾ ਪੋਤਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਇਸ ਘਟਨਾ ਦੇ ਦੋਸ਼ੀ ਕਿਸੇ ਵੀ ਕੀਮਤ ’ਤੇ ਬਖਸ਼ੇ ਨਹੀਂ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਮੌਕੇ ’ਤੇ ਪਹੁੰਚ ਕੇ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੈਨੇਜਰ ਅਵਤਾਰ ਸਿੰਘ ਅਤੇ ਪ੍ਰਚਾਰਕ ਭਾਈ ਕਲਿਆਣ ਸਿੰਘ ਰਾਹੀਂ ਜਾਂਚ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿੰਡ ਵਾਸੀਆਂ ਵੱਲੋਂ ਮੁਕੇਰੀਆਂ ਪੁਲਸ ਥਾਣੇ ਵਿਚ ਪਰਚਾ ਦਰਜ ਕਰਵਾ ਦਿੱਤਾ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਇਸ ਵਿਚ ਹਰ ਪੱਧਰ ’ਤੇ ਸੰਗਤ ਨੂੰ ਸਹਿਯੋਗ ਦੇਵੇਗੀ ਤਾਂ ਜੋ ਮੁਲਜਮਾਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਪੁਲਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ




ਉਹ ਦੋਸ਼ੀਆਂ ਦੀ ਭਾਲ ਕਰੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਢਿੱਲ ਵਰਤੀ ਗਈ ਤਾਂ ਸੰਗਤ ਦੇ ਰੋਸ ਅਤੇ ਰੋਹ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਵੀ ਨਸ਼ਟ ਕੀਤਾ ਜਾਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਪੰਜਾਬ ਅੰਦਰ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ਲਗਾਤਾਰ ਵਾਪਰ ਰਹੇ ਹਨ, ਪਰ ਸਰਕਾਰ ਦੀ ਢਿੱਲੀ ਕਾਰਗੁਜਾਰੀ ਕਰਕੇ ਦੋਸ਼ੀ ਬਚ ਨਿਕਲਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਹ ਘਟਨਾ ਨੇ ਇਕ ਵਾਰ ਫਿਰ ਸਿੱਖਾਂ ਨੇ ਨਾਲ-ਨਾਲ ਹਰ ਸੰਜੀਦਾ ਮਨੁੱਖ ਝੰਜੋੜਿਆ ਹੈ। ਐਡਵੋਕੇਟ ਧਾਮੀ ਨੇ ਮੰਗ ਕੀਤੀ ਕਿ ਬੇਅਦਬੀਆਂ ਦੇ ਮਾਮਲੇ ਵਿਚ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਬੇਹੱਦ ਲਾਜ਼ਮੀ ਹੋਵੇ ਅਤੇ ਅਜਿਹੇ ਮਾਮਲਿਆਂ ਵਿਚ ਤੇਜ਼ੀ ਨਾਲ ਅਦਾਲਤੀ ਸੁਣਵਾਈ ਯਕੀਨੀ ਬਣੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀਸੀਟੀਵੀ ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ ’ਚ ਹਾਜ਼ਰ ਰਹਿਣ।

# ਪੈਂਡੈਂਸੀ ਨੂੰ ਖਤਮ ਕਰਨ ’ਚ ਅੰਮ੍ਰਿਤਸਰ ਜਿਲ੍ਹਾ ਪੰਜਾਬ ’ਚ ਪਹਿਲੇ ਨੰਬਰ ’ਤੇ

ਸਰਦੂਲ ਸਿੰਘ

ਅੰਮ੍ਰਿਤਸਰ 22 ਅਪ੍ਰੈਲ। ਆਮ ਲੋਕਾਂ ਨੂੰ ਆਨਲਾਈਨ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਪੈਂਡੈਂਸੀ ਨੂੰ ਖਤਮ ਕਰਨ ਦੇ ਮਾਮਲੇ ਵਿਚ ਜ਼ਿਲ੍ਹਾ ਅੰਮ੍ਰਿਤਸਰ ਇਕ ਵਾਰ ਫਿਰ ਤੋਂ ਪੰਜਾਬ ਵਿਚ ਪਹਿਲੇ ਨੰਬਰ ’ਤੇ ਬਣ ਗਿਆ ਹੈ, ਜਿਸ ਨੂੰ ਜ਼ਿਲ੍ਹਾ ਪ੍ਰਸਾਸਨ ਦੀ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਅਹੁਦਾ ਸੰਭਾਲਣ ਤੋਂ ਬਾਅਦ ਡੀ. ਸੀ. ਘਨਿਸਾਮ ਥੋਰੀ ਨੇ ਸਮੂਹ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਮੁੱਖ ਤੌਰ ’ਤੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਨਾਲ ਇਕ ਮੀਟਿੰਗ ਕੀਤੀ ਅਤੇ ਸਖਤ ਹਦਾਇਤਾਂ ਦਿੱਤੀਆਂ ਕਿ ਕਿਸੇ ਵੀ ਵਿਭਾਗ ਵਿਚ ਪੈਂਡੈਂਸੀ ਨਜਰ ਨਹੀਂ ਆਉਣੀ ਚਾਹੀਦੀ ਹੈ। ਮੁੱਖ ਤੌਰ ’ਤੇ ਸੇਵਾ ਕੇਂਦਰਾਂ ਵਿਚ ਆਮ ਲੋਕ ਰੋਜਾਨਾ ਦੇ ਜਰੂਰੀ ਕੰਮਾਂ ਲਈ ਸਭ ਤੋਂ ਪਹਿਲਾਂ ਸੇਵਾ ਕੇਂਦਰਾਂ ਦੇ ਸੰਪਰਕ ਵਿਚ ਆਉਂਦੇ ਹਨ, ਇਸ ਲਈ ਉਨ੍ਹਾਂ ਵਿਚ ਕਿਸੇ ਕਿਸਮ ਦੀ ਪੈਂਡੈਂਸੀ ਨਹੀਂ ਹੋਣੀ ਚਾਹੀਦੀ, ਡੀ. ਸੀ. ਦੀ ਪਹਿਲਕਦਮੀ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹਾ ਪੰਜਾਬ ਵਿਚ 19ਵੇਂ ਸਥਾਨ ’ਤੇ ਸੀ ਪਰ ਹੁਣ ਪਹਿਲੇ ਨੰਬਰ ’ਤੇ ਆ ਗਿਆ ਪਰ ਪਿਛਲੇ ਮਹੀਨੇ ਦੌਰਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅਤੇ ਸੀ. ਡੀ. ਪੀ. ਓ. ਵਰਗੇ ਅਫਸਰਾਂ ਦੀ ਸਰਕਾਰ ਵੱਲੋਂ ਤਾਇਨਾਤੀ ਨਾ ਕੀਤੇ ਜਾਣ ਕਾਰਨ 22 ਦਿਨਾਂ ਲਈ ਜ਼ਿਲਾ ਅੰਮ੍ਰਿਤਸਰ ਹੋਰ ਜ਼ਿਲ੍ਹਿਆਂ ਦੇ ਮੁਕਾਬਲੇ ਵਿਚ ਪੱਛੜ ਗਿਆ ਸੀ ਪਰ ਜਿਵੇਂ ਹੀ ਸਰਕਾਰ ਵਲੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅਤੇ ਹੋਰ ਅਫਸਰਾਂ ਦੀ ਤਾਇਨਾਤੀ ਕੀਤੀ ਗਈ ਤਾਂ ਇਕ ਵਾਰ ਫਿਰ ਤੋਂ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਵਿਚ ਪਹਿਲੇ ਨੰਬਰ ’ਤੇ ਬਣ ਗਿਆ ਹੈ। ਡੀ. ਸੀ. ਘਨਿਸਾਮ ਥੋਰੀ ਨੇ ਦੱਸਿਆ ਕਿ ਆਮ ਲੋਕ ਆਪਣੇ ਰੋਜਾਨਾ ਦੇ ਕੰਮਾਂ ਲਈ ਆਮ ਤੌਰ ’ਤੇ ਸੇਵਾ ਕੇਂਦਰਾਂ ਵਿਚ ਪਹੁੰਚ ਕਰਦੀ ਹੈ, ਇਸ ਲਈ ਉਨ੍ਹਾਂ ਦਾ ਉਦੇਸ ਸੇਵਾ ਕੇਂਦਰਾਂ ਵਿਚ ਤੁਰੰਤ ਪ੍ਰਭਾਵ ਨਾਲ ਕੰਮ ਕਰਵਾਉਣਾ ਹੈ ਤਾਂ ਜੋ ਲੋਕਾਂ ਨੂੰ ਵਾਰ-ਵਾਰ ਸੇਵਾ ਕੇਂਦਰਾਂ ਵਿਚ ਨਾ ਆਉਣਾ ਪਵੇ। ਇਸ ਸਮੇਂ ਜ਼ਿਲ੍ਹੇ ਵਿਚ 99.44 ਫੀਸਦੀ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਜ਼ਿਲ੍ਹੇ ਵਿਚ 41 ਸੇਵਾ ਕੇਂਦਰਾਂ ਰਾਹੀਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 425 ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਿਛਲੇ ਸਾਲ 15 ਅਪ੍ਰੈਲ 2023 ਤੋਂ ਹੁਣ ਤੱਕ 4 ਲੱਖ 22 ਹਜਾਰ 414 ਲੋਕ ਸੇਵਾ ਕੇਂਦਰਾਂ ਵਿਚ ਪਹੁੰਚ ਚੁੱਕੇ ਹਨ, ਜਿਨ੍ਹਾਂ ਵਿੱਚੋਂ 3 ਲੱਖ 92 ਹਜਾਰ 208 ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਵਿੱਚੋਂ 9558 ਬਿਨੈ ਪੱਤਰ ਸਹੀ ਨਾ ਹੋਣ ਕਾਰਨ ਰੱਦ ਕੀਤੀਆਂ ਗਈਆਂ, 10313 ਅਰਜੀਆਂ ਪ੍ਰਕਿਰਿਆ ਅਧੀਨ ਹਨ ਅਤੇ 10335




ਅਰਜੀਆਂ ’ਤੇ ਇਤਰਾਜ ਲੱਗੇ ਹੋਏ ਹਨ। ਸੀ. ਡੀ. ਪੀ. ਓ. ਅਤੇ ਡੀ. ਐੱਸ. ਐੱਸ. ਓ. ਦੀ ਤਾਇਨਾਤੀ ਨਾ ਹੋਣ ਕਾਰਨ ਤਾਂ ਪੈਂਡੈਂਸੀ ਚੱਲ ਹੀ ਰਹੀ ਸੀ, ਉਥੇ ਹੀ ਨਗਰ ਨਿਗਮ ਦੀ ਅਹਿਮ ਸੀਟ ’ਤੇ ਤਾਇਨਾਤ ਇਕ ਸਰਕਾਰੀ ਮੁਲਾਜਮ ਦੀ ਮੌਤ ਕਾਰਨ ਵੀ ਨਿਗਮ ’ਚ ਵੀ ਪੈਂਡੈਂਸੀ ਚੱਲ ਰਹੀ ਸੀ ਪਰ ਨਵ-ਨਿਯੁਕਤ ਨਿਗਮ ਕਮਿਸਨਰ ਹਰਪ੍ਰੀਤ ਸਿੰਘ ਨੇ ਸਬੰਧਤ ਕਰਮਚਾਰੀ ਦੀ ਸੀਟ ’ਤੇ ਪੈਂਡਿੰਗ ਚੱਲ ਰਹੀ ਪੈਂਡੈਂਸੀ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਪੈਂਡੈਂਸੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ, ਜਿਸ ਨਾਲ ਜ਼ਿਲ੍ਹਾ ਅੰਮ੍ਰਿਤਸਰ ਪੈਂਡੈਂਸੀ ਖਤਮ ਕਰਨ ਵਿਚ ਪਹਿਲੇ ਨੰਬਰ ’ਤੇ ਫਿਰ ਤੋਂ ਬਣ ਗਿਆ। ਜ਼ਿਲਾ ਸਮਾਜਿਕ ਸੁਰੱਖਿਆ ਵਿਭਾਗ ਵਿਚ ਵੀ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ ਦੀ ਤਾਇਨਾਤੀ ਨਾ ਹੋਣ ਕਾਰਨ ਪੈਨਸਨਾਂ ਨਾਲ ਸਬੰਧਤ 1500 ਦੇ ਕਰੀਬ ਪੈਂਡੈਂਸੀ ਚੱਲ ਰਹੀ ਸੀ ਪਰ ਨਵ-ਨਿਯੁਕਤ ਡੀ. ਐੱਸ. ਐੱਸ. ਈ. ਓ. ਮੀਨਾ ਕੁਮਾਰੀ ਨੇ ਡੀ. ਐੱਸ. ਐੱਸ. ਓ. ਦਾ ਅਹੁਦਾ ਸੰਭਾਲਦੇ ਹੀ ਵਿਭਾਗੀ ਮੁਲਾਜਮਾਂ ਦੀ ਮਦਦ ਨਾਲ ਪੈਂਡੈਂਸੀ ਨੂੰ ਰੱਦ ਕਰ ਦਿੱਤਾ। ਹਾਂਲਾਕਿ ਕਈ ਫਾਈਲਾਂ ਅਜਿਹੀਆਂ ਹਨ, ਜਿਸ ਵਿਚ ਬੁਢਾਪਾ ਪੈਨਸਨ ਲੈਣ ਵਾਲੇ ਲਾਭਪਾਤਰੀਆਂ ਵਲੋਂ ਯੂ. ਡੀ. ਆਈ. ਡੀ. ਨੰਬਰ ਆਨਲਾਈਨ ਨੱਥੀ ਨਹੀਂ ਕੀਤੇ ਗਏ ਸਨ। ਡੀ. ਸੀ. ਘਨਿਸਾਮ ਥੋਰੀ ਨੇ ਅਹੁਦਾ ਸੰਭਾਲਦੇ ਸਮੇਂ ਪੰਜ ਹਜਾਰ ਦੇ ਕਰੀਬ ਇੰਤਕਾਲ ਪੈਂਡਿੰਗ ਚੱਲ ਰਹੇ ਸੀ ਪਰ ਡੀ. ਸੀ. ਨੇ ਮਾਲ ਅਧਿਕਾਰੀਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਸੂਰੂ ਕਰ ਕੇ ਪੈਂਡਿੰਗ ਇੰਤਕਾਲ ਖਤਮ ਕਰਵਾਏ ਅਤੇ ਪੈਂਡੈਂਸੀ ਨੂੰ ਰੱਦ ਕਰਵਾਇਆ। ਹਾਲਾਂਕਿ ਮੌਜੂਦਾ ਸਮੇਂ ਉਹੀ ਇੰਤਕਾਲ ਪੈਂਡਿੰਗ ਚੱਲ ਰਹੇ ਹਨ, ਜਿਨ੍ਹਾਂ ਵਿਚ ਅਦਾਲਤਾਂ ਨਾਲ ਸਬੰਧਤ ਕਿਸੇ ਤਰ੍ਹਾਂ ਦਾ ਸਟੇਅ ਅਤੇ ਹੋਰ ਤਕਨੀਕੀ ਕਾਰਨ ਹੈ, ਜਿਸ ਦੇ ਚੱਲਦਿਆਂ ਕੁਝ ਇੰਤਕਾਲ ਪੈਂਡਿੰਗ ਹਨ। ਜ਼ਿਲਾ ਪ੍ਰਸਾਸਨਿਕ ਸੁਧਾਰ ਸਾਖਾ ਦੇ ਤਕਨੀਕੀ ਕੋਆਰਡੀਨੇਟਰ ਪ੍ਰਿੰਸ ਸਿੰਘ ਨੇ ਦੱਸਿਆ ਕਿ ਜ਼ਿਲੇ ਦੇ 41 ਸੇਵਾ ਕੇਂਦਰਾਂ ਰਾਹੀਂ ਜਨਮ ਅਤੇ ਮੌਤ ਸਰਟੀਫਿਕੇਟ, ਅਸਲਾ, ਲਰਨਿੰਗ ਲਾਇਸੈਂਸ, ਆਧਾਰ ਕਾਰਡ, ਹਲਫੀਆ ਬਿਆਨ ਆਦਿ ਹਰ ਤਰ੍ਹਾਂ ਦੀਆਂ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡੀ. ਸੀ. ਖੁਦ ਰੋਜਾਨਾ ਪੈਂਡੈਂਸੀ ਦਾ ਜਾਇਜਾ ਲੈ ਰਹੇ ਹਨ, ਜਿਸ ਕਾਰਨ ਇਸ ਸਮੇਂ ਪੈਂਡੈਂਸੀ ਜੀਰੋ ਹੈ ਅਤੇ ਜ਼ਿਲਾ ਪਹਿਲੇ ਨੰਬਰ ’ਤੇ ਹੈ।